ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 163| 19 Feb. to 25 Feb., 2025 | Ph.: (510) 240-5949 | Email: asrtimes@gmail.com

# ਅਕਾਲੀ ਦਲ ਦੇ ਸੰਕਟ ਕਾਰਨ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਕ੍ਰਿਪਾਲ ਸਿੰਘ ਬਡੂੰਗਰ ਨੂੰ ਦੇਣਾ ਪਿਆ ਅਸਤੀਫ਼ਾ

## ਕੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਸੰਕਟ ਦਾ ਹੱਲ ਲੱਭ ਸਕਣਗੇ ?

ਅਕਾਲੀ ਦਲ ਦੇ ਸੰਕਟ ਨੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਆਪਣੇ ਚੱਕਰਵਿਊ ਵਿੱਚ ਧੱਕ ਦਿੱਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫ਼ਾਰਗ ਕਰਨ ਦੇ ਫ਼ੈਸਲੇ ਮਗਰੋਂ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਬੀਤੇ ਦਿਨੀ 7 ਮੈਂਬਰੀ ਭਰਤੀ ਕਮੇਟੀ, ਜੋ ਅਕਾਲੀ ਦਲ ਨੂੰ ਪੁਨਰ ਉਸਾਰਨ ਲਈ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਗਈ ਸੀ, ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਧਾਮੀ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਵੀ ਲਾਂਭੇ ਹੋ ਗਏ ਹਨ। ਇਸ ਨਾਲ ਪਿਛਲੇ ਸਾਲ ਦੋ ਦਸੰਬਰ ਤੋਂ ਬਾਅਦ ਬਦਲ ਰਹੇ ਹਾਲਾਤ ਦਰਮਿਆਨ ਪੰਥਕ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ।

ਅਸਤੀਫ਼ਾ ਦੇਣ ਦੇ ਕਾਰਨ ਸਪੱਸ਼ਟ ਕਰਦਿਆਂ ਧਾਮੀ ਨੇ ਕਿਹਾ ਸੀ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫ਼ਾਰਗ ਕਰਨ ਦੇ ਫ਼ੈਸਲੇ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਉਹ ਨੈਤਿਕ ਆਧਾਰ ’ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਦੇ ਅਹੁਦੇ ਤੋਂ ਫ਼ਾਰਗ ਕਰਨ ਦੇ ਫ਼ੈਸਲੇ ’ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖਤ ਇਤਰਾਜ਼ ਪ੍ਰਗਟਾਇਆ ਸੀ। ਉਹ ਉਸ ਵੇਲੇ ਇੰਗਲੈਂਡ ਦੌਰੇ ’ਤੇ ਸਨ।

ਹੁਣ ਤੱਕ, ਨਾ ਤਾਂ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਬਿਆਨ ’ਤੇ ਕੋਈ ਪ੍ਰਤੀਕਿਰਿਆ ਦਿੱਤੀ ਸੀ ਹਾਲਾਂਕਿ ਸੁਖਬੀਰ ਦੇ ਧੜੇ ਦੇ ਸਮਰਥਕ ਗਿਆਨੀ ਹਰਪ੍ਰੀਤ ਸਿੰਘ ਦੀ ਸਖ਼ਤ ਆਲੋਚਨਾ ਕਰ ਰਹੇ ਹਨ, ਕੁਝ ਤਾਂ ਤਿੱਖੀ ਭਾਸ਼ਾ ਦੀ ਵਰਤੋਂ ਵੀ ਕਰ ਰਹੇ ਹਨ ਅਤੇ ਅਕਾਲੀ (ਬਾਕੀ ਸ.ਫ਼ਾ 30 ’ਤੇ)





### ਅੰਤ੍ਰਿੰਗ ਕਮੇਟੀ ਦੀ ਮੀਟਿੰਗ ’ਚ ਹੋਵੇਗਾ ਧਾਮੀ ਦੇ ਅਸਤੀਫ਼ੇ ਬਾਰੇ ਫ਼ੈਸਲਾ

#### ਰਘੂਜੀਤ ਸਿੰਘ ਵਿਰਕ ਬਣ ਸਕਦੇ ਨੇ ਕਾਰਜਕਾਰੀ ਪ੍ਰਧਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਹਰਜਿੰਦਰ ਸਿੰਘ ਧਾਮੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤੇ ਗਏ ਅਸਤੀਫ਼ੇ ਬਾਰੇ ਫ਼ੈਸਲਾ ਅੰਤ੍ਰਿੰਗ ਕਮੇਟੀ ਕਰੇਗੀ। ਇਸ ਲਈ 21 ਫ਼ਰਵਰੀ ਨੂੰ ਕਮੇਟੀ ਦੀ ਇਕੱਤਰਤਾ ਸੱਦ ਲਈ ਗਈ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਰਾ 21 ਫ਼ਰਵਰੀ ਨੂੰ ਦੁਪਹਿਰ 12 ਵਜੇ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਵੇਗੀ। ਜ਼ਿਕਰੋਯਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਸੰਵਿਧਾਨ ਮੁਤਾਬਕ ਪ੍ਰਧਾਨ ਦੇ ਅਸਤੀਫ਼ੇ ਦੇ 72 ਘੰਟਿਆਂ ਦੇ ਅੰਦਰ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸੱਦ ਕੇ ਸੀਨੀਅਰ ਮੀਤ ਪ੍ਰਧਾਨ ਜਾਂ ਕਿਸੇ ਅੰਤ੍ਰਿੰਗ ਕਮੇਟੀ(ਬਾਕੀ ਸ.ਫ਼ਾ 30 ’ਤੇ)

### ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਚੁਣੌਤੀਆਂ ਵਿੱਚ ਘਿਰੇ



ਧਾਮੀ ਤੇ ਬਡੂੰਗਰ ਦੇ ਅਸਤੀਫ਼ੇ ਤੋਂ ਬਾਅਦ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹੁਣ ਇੱਕ ਹੋਰ ਚੁਣੌਤੀ ਅਤੇ ਇੱਕ ਗੁੰਝਲਦਾਰ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਸੰਕਟ ਨੂੰ ਹੱਲ ਕਰਨ ਦੀ ਬਜਾਏ, ਹੋਰ ਪੇਚੀਦਗੀਆਂ ਪੈਦਾ ਹੋ ਗਈਆਂ ਹਨ। ਭਾਵੇਂ ਧਾਮੀ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਤੇ ਸ੍ਰੋਮਣੀ ਕਮੇਟੀ ਦੀ ਜਾਂਚ ਟੀਮ ਵਿਰੁੱਧ ਦਿੱਤੇ ਬਿਆਨ ਤੋਂ ਚਾਰ ਦਿਨ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖਾਸਤ ਕਰਨ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਦੇ ਬਿਆਨ ਦਾ ਹਵਾਲਾ ਦਿੱਤਾ ਸੀ, ਪਰ ਪਤਾ ਲੱਗਾ ਹੈ ਕਿ ਦੂਜਾ ਵੱਡਾ ਕਾਰਨ ਇਹ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ ਨੂੰ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿਮ ਲਈ ਬਣੀ ਸੱਤ ਮੈਂਬਰੀ ਕਮੇਟੀ ਚਲਾਉਣ ਦੀ ਜ਼ਿੰਮੇਵਾਰੀ ਨਹੀਂ ਨਿਭਾ ਸਕੇ। ਇਹ ਕਮੇਟੀ ਅੱਜ ਤੱਕ ਕੰਮ ਨਹੀਂ ਕਰ ਸਕੀ, ਅਤੇ ਸੁਖਬੀਰ ਸਿੰਘ ਬਾਦਲ ਦੇ ਧੜੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸਦੀ ਮੈਂਬਰਸ਼ਿਪ ਮੁਹਿਮ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਇਸ ਬਾਰੇ ਕੋਈ ਸਵਾਲ ਨਹੀਂ ਉਠਾਏ ਜਾਣੇ ਚਾਹੀਦੇ। ਕਮੇਟੀ ਨੇ 13 ਫ਼ਰਵਰੀ ਨੂੰ ਚੰਡੀਗੜ੍ਹ ਸਥਿਤ ਸ਼੍ਰੋਮਣੀ ਕਮੇਟੀ ਦੇ ਉਪ-ਦਫ਼ਤਰ ਵਿੱਚ ਇੱਕ ਮੀਟਿੰਗ ਕੀਤੀ, ਧਾਮੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨਾਲ ਵੀ ਮੁਲਾਕਾਤ ਕੀਤੀ। ਇੱਕ ਦਿਨ ਬਾਅਦ, ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਜ਼ੋਰ ਦੇ ਕੇ ਕਿਹਾ ਸੀ ਕਿ (ਬਾਕੀ ਸ.ਫ਼ਾ 30 ’ਤੇ)

## ’84 ਸਿੱਖ ਨਸਲਕੁਸ਼ੀ ਮਾਮਲੇ ’ਚ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਵਿੱਚ ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਹੱਤਿਆ ਦੇ ਇੱਕ ਮਾਮਲੇ ਵਿੱਚ ਸਰਕਾਰੀ ਧਿਰ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਅਪੀਲ ਕੀਤੀ ਅਤੇ ਇਸ ਨੂੰ ‘ਸਭ ਤੋਂ ਦੁਰਲੱਭ’ ਅਪਰਾਧ ਕਰਾਰ ਦਿੱਤਾ। ਸਰਕਾਰੀ ਧਿਰ ਵੱਲੋਂ ਦਾਇਰ ਇੱਕ ਲਿਖਤ ਹਲਫਨਾਮੇ ਵਿੱਚ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੂੰ ਇਸ ਦਲੀਲ ਬਾਰੇ ਜਾਣਕਾਰੀ ਦਿੱਤੀ ਗਈ। ਹੱਤਿਆ ਲਈ ਘੱਟੋ ਘੱਟ ਸਜ਼ਾ ਉਮਰ ਕੈਦ ਹੈ।

ਸੱਜਣ ਕੁਮਾਰ ਦੇ ਵਕੀਲ ਨੇ ਮਾਮਲੇ ’ਤੇ ਬਹਿਸ ਕਰਨ ਲਈ ਸਮਾਂ ਮੰਗਿਆ, ਜਿਸ ਮਗਰੋਂ ਜੱਜ ਨੇ ਇਹ ਕਹਿੰਦੇ ਹੋਏ ਮਾਮਲੇ ਦੀ ਸੁਣਵਾਈ 21 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਕਿ ਵਕੀਲ, ਐਡਵੋਕੇਟ ਸੋਧ ਬਿੱਲ 2025 ਦੇ ਵਿਰੋਧ ਵਿੱਚ ਅੱਜ ਕੰਮ ਨਹੀਂ ਕਰਨਗੇ।



ਸ਼ਿਕਾਇਤਕਰਤਾ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਨੇ ਸਰਕਾਰੀ ਧਿਰ ਦੀ ਮੌਤ ਦੀ ਸਜ਼ਾ ਦੀ ਮੰਗ ਦਾ ਸਮਰਥਨ ਕੀਤਾ ਅਤੇ ਬਹਿਸ ਲਈ ਸਮਾਂ ਮੰਗਿਆ। ਸੱਜਣ ਕੁਮਾਰ ਫਿਲਹਾਲ ਤਿਹਾੜ ਜੇਲ੍ਹ ਵਿੱਚ ਬੰਦ ਹੈ।

### ਦੇਰ ਨਾਲ ਦਿੱਤਾ ਨਿਆਂ ਵੀ ਅਨਿਆਂ ਹੁੰਦੈ...

ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਕਿਹਾ ਜਾਂਦਾ ਹੈ ਅਤੇ ਇੱਥੇ ਆਮ ਲੋਕਾਂ ਨੂੰ ਇਨਸਾਫ਼ ਦੇਣ ਲਈ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਹੋਈ ਹੈ ਇਸ ਦੇ ਬਾਵਜੂਦ ਬੀਤੇ ਕਈ ਦਹਾਕਿਆਂ ਤੋਂ ਸੰਨ 1984 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈ ਸਿੱਖ ਨਸਲਕੁਸ਼ੀ ਦੇ ਪੀੜ੍ਹਤ ਇਨਸਾਫ਼ ਲਈ ਭਟਕ ਰਹੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਦੇਰ ਨਾਲ ਦਿੱਤਾ ਗਿਆ ਨਿਆਂ ਵੀ ਅਨਿਆਂ ਹੁੰਦਾ ਹੈ। ਸਿੱਖ ਨਸਲਕੁਸ਼ੀ ਦੇ ਪੀੜ੍ਹਤਾਂ ਨੂੰ ਇਨਸਾਫ਼ ਦੇਣ ਵਿੱਚ ਬਹੁਤ ਦੇਰ ਹੋ ਗਈ ਹੈ। ਸਿਰਫ਼ ਸੱਜਣ ਕੁਮਾਰ ਹੀ ਨਹੀਂ ਸਗੋਂ ਅਨੇਕਾਂ ਕਾਂਗਰਸੀ ਆਗੂਆਂ ’ਤੇ ਉਸ ਸਮੇਂ ਹਿੰਸਕ ਭੀੜਾਂ ਨੂੰ ਭੜਕਾਉਣ ਦੇ ਇਲਜ਼ਾਮ ਲੱਗਦੇ ਰਹੇ ਹਨ ਪਰ ਪਿਛਲੇ ਸਮੇਂ ਦੌਰਾਨ ਦੀਆਂ ਕਾਂਗਰਸ ਸਰਕਾਰਾਂ ਨੇ ਦੋਸ਼ੀ ਕਾਂਗਰਸੀ ਆਗੂਆਂ ਵਿਰੁੱਧ ਕਾਰਵਾਈ ਤਾਂ ਕੀ ਕਰਨੀ ਸੀ ਸਗੋਂ ਦੋਸ਼ੀ ਕਾਂਗਰਸੀ ਆਗੂਆਂ ਨੂੰ ਉਚ ਅਹੁਦੇ ਦੇ ਕੇ ਨਿਵਾਜ਼ਿਆ। ਦਿੱਲੀ ਵਿੱਚ ਬਣੀ ਸਿੱਖ ਵਿਧਵਾ ਔਰਤਾਂ ਦੀ ਕਾਲੋਨੀ ਆਪਣੀ ਕਹਾਣੀ ਆਪ ਕਹਿੰਦੀ ਹੈ। ਵੱਖ ਵੱਖ ਸਿਆਸੀ ਆਗੂ ਇਸ ਕਾਲੋਨੀ ਵਿੱਚ ਵੋਟਾਂ ਮੰਗਣ ਤਾਂ ਜਾਂਦੇ ਹਨ ਪਰ ਇਹਨਾਂ ਸਿੱਖ ਵਿਧਵਾ ਔਰਤਾਂ ਨੂੰ ਇਨਸਾਫ਼ ਦਿਵਾਉਣ ਲਈ ਸਿਆਸੀ ਆਗੂਆਂ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ। ਸਿੱਖ ਨਸਲਕੁਸ਼ੀ ਦੇ ਅਨੇਕਾਂ ਦੋਸ਼ੀ ਅਜੇ ਵੀ ਖੁੱਲ੍ਹੇਆਮ ਦਨਦਨਾਉਂਦੇ ਫ਼ਿਰਦੇ ਹਨ, ਜਿਹਨਾਂ ਵਿਰੁੱਧ ਵੀ ਕਾਰਵਾਈ ਕਰਨ ਦੀ ਲੋੜ ਹੈ।



# ਗੁਰਾਂ ਦੇ ਨਾਂਅ 'ਤੇ ਵਸਦੈ ਪੰਜਾਬ

# ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਪੰਜਾਬ 'ਚ ਉਤਾਰਨਾ ਕੋਈ ਸਾਜ਼ਿਸ਼ ਤਾਂ ਨਹੀਂ?

**ਅਮਰੀਕਾ ਤੋਂ ਦੇਸ਼ ਨਿਕਾਲਾ ਦਿਤੇ ਗਏ ਜਿਹੜੇ ਭਾਰਤੀਆਂ ਨੂੰ ਦੂਜੇ ਜਹਾਜ਼ ਵਿੱਚ ਭਾਰਤ ਭੇਜਿਆ ਗਿਆ, ਉਹਨਾਂ ਵਿੱਚ ਸ਼ਾਮਲ ਸਿੱਖ ਨੌਜਵਾਨਾਂ ਦੇ ਸਿਰਾਂ 'ਤੇ ਦਸਤਾਰਾਂ ਨਹੀਂ ਸਨ। ਇਹਨਾਂ ਸਿੱਖ ਨੌਜਵਾਨਾਂ ਅਨੁਸਾਰ ਉਹਨਾਂ ਦੀਆਂ ਦਸਤਾਰਾਂ ਅਮਰੀਕਾ ਵਿੱਚ ਹੀ ਉਤਾਰ ਦਿਤੀਆਂ ਗਈਆਂ ਸਨ ਤੇ ਉਹਨਾਂ ਨੂੰ ਨੰਗੇ ਸਿਰ ਹੀ ਹੱਥਕੜੀਆਂ ਲਗਾ ਕੇ ਜਹਾਜ਼ ਰਾਹੀਂ ਅੰਮ੍ਰਿਤਸਰ ਲਿਆਂਦਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡਿਪੋਰਟ ਸਿੱਖ ਨੌਜਵਾਨਾਂ ਨੂੰ ਨੰਗੇ ਸਿਰ ਵਾਪਸ ਭੇਜਣ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਹ ਮਾਮਲਾ ਅਮਰੀਕਾ ਸਰਕਾਰ ਕੋਲ ਉਠਾਇਆ ਜਾਵੇਗਾ। ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਦੁਨੀਆਂ ਦਾ ਸਭ ਤੋਂ ਵੱਡਾ ਰਾਖਾ ਕਹਿੰਦਾ ਹੈ, ਉਸ ਵੱਲੋਂ ਹੀ ਡਿਪੋਰਟ ਸਿੱਖ ਨੌਜਵਾਨਾਂ ਨਾਲ ਅਜਿਹਾ ਸਲੂਕ ਕੀਤਾ ਗਿਆ, ਜੋ ਕਿ ਕਈ ਸਵਾਲ ਖੜੇ ਕਰਦਾ ਹੈ**

- ➢ 1947 ਤੋਂ ਲੈ ਕੇ ਹੁਣ ਤੱਕ ਹੁੰਦਾ ਆਇਆ ਹੈ ਪੰਜਾਬ ਨਾਲ ਧੱਕਾ
- ➢ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਪਿੱਛੇ ਵੀ ਭਾਰਤ ਦੇ ਸਿਆਸੀ ਆਗੂਆਂ ਦੀ ਸੀ ਵੱਡੀ ਸਾਜ਼ਿਸ਼
- ➢ ਦੇਸ਼ 'ਤੇ ਪਈ ਹਰ ਮੁਸੀਬਤ ਵੇਲੇ ਭਾਰਤ ਦਾ ਰਖਵਾਲਾ ਬਣਿਆ ਪੰਜਾਬ
- ➢ ਪੰਜਾਬ ਨੂੰ ਉਜਾੜਨ ਦੇ ਵਿਰੋਧੀਆਂ ਦੇ ਮਨਸੂਬੇ ਅਜੇ ਤੱਕ ਨਾ ਹੋਏ ਸਫ਼ਲ
- ➢ ਪੰਜਾਬ 'ਚ ਲੰਬਾ ਸਮਾਂ ਰਾਸ਼ਟਰਪਤੀ ਰਾਜ ਲਗਾ ਕੇ ਕੇਂਦਰ ਨੇ ਕੀਤਾ ਸਿੱਧਾ ਸ਼ਾਸ਼ਨ ਤੇ ਮਨਮਰਜ਼ੀਆਂ

ਪੰਜਾਬ ਨੂੰ ਸਰਹੱਦੀ ਸੂਬਾ ਹੋਣ ਕਰਕੇ ਭਾਰਤ ਦੀ 'ਖੜਗਭੁਜਾ' ਮੰਨਿਆ ਜਾਂਦਾ ਹੈ। ਪੁਰਾਤਨ ਸਮੇਂ ਤੋਂ ਵੱਖ-ਵੱਖ ਮੁਲਕਾਂ ਤੋਂ ਆਉਂਦੇ ਧਾੜਵੀਆਂ ਨੂੰ ਪੰਜਾਬ ਨੇ ਹਮੇਸ਼ਾ ਮੂਹਰੇ ਹੋ ਕੇ ਰੋਕਿਆ ਹੈ ਅਤੇ ਪੂਰੇ ਦੇਸ਼ ਦੀ ਰੱਖਿਆ ਕੀਤੀ ਹੈ ਪਰ ਇਸ ਦੇਸ਼ ਦੇ ਮੋਹਰੀ ਆਗੂਆਂ ਨੇ ਪੰਜਾਬ ਦੀ ਕੁਰਬਾਨੀ ਦਾ ਸਹੀ ਮੁੱਲ ਨਹੀਂ ਪਾਇਆ। ਹਾਲ ਤਾਂ ਇਹ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਹੀ ਸਮੇਂ -ਸਮੇਂ ਦੀਆਂ ਕੇਂਦਰ ਸਰਕਾਰਾਂ ਵੱਲੋਂ ਪੰਜਾਬ ਨੂੰ ਬਦਨਾਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਤਾਜ਼ਾ ਮਾਮਲਾ ਅਮਰੀਕਾ ਵੱਲੋਂ ਦੇਸ਼ ਨਿਕਾਲ਼ਾ ਦੇ ਕੇ ਭੇਜੇ ਜਾ ਰਹੇ ਗ਼ੈਰ ਕਾਨੂੰਨੀ ਭਾਰਤੀਆਂ ਦੇ ਜਹਾਜ਼ਾਂ ਨੂੰ ਪੰਜਾਬ ਵਿੱਚ ਉਤਾਰਨ ਦਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਜਦੋਂ ਦੇਸ਼ ਵਿੱਚ ਹੋਰ ਅਨੇਕਾਂ ਚੰਗੇ ਹਵਾਈ ਅੱਡੇ ਹਨ ਤਾਂ ਸਿਰਫ਼ ਪੰਜਾਬ ਦੇ ਅੰਮ੍ਰਿਤਸਰ ਵਿੱਚ ਹੀ ਡਿਪੋਰਟ ਕੀਤੇ ਭਾਰਤੀਆਂ ਦੇ ਜਹਾਜ਼ਾਂ ਨੂੰ ਕਿਉਂ ਉਤਾਰਿਆ ਜਾ ਰਿਹਾ ਹੈ? ਪੰਜਾਬ ਦੇ ਬੁੱਧੀਜੀਵੀਆਂ ਵੱਲੋਂ ਇਸ ਨੂੰ ਪੰਜਾਬ ਦੀ ਛਵੀ ਖ਼ਰਾਬ ਕਰਨ ਦਾ ਯਤਨ ਵੀ ਦੱਸਿਆ ਜਾ ਰਿਹਾ ਹੈ। ਬੁੱਧੀਜੀਵੀ ਕਹਿ ਰਹੇ ਹਨ ਕਿ ਪੰਜਾਬ ਵਿੱਚ ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਦੇ ਜਹਾਜ਼ ਉਤਾਰ ਕੇ ਕੇਂਦਰ ਦੀ ਭਾਜਪਾ ਸਰਕਾਰ ਇਹ ਸਾਬਿਤ ਕਰਨ ਦਾ ਯਤਨ ਕਰ ਰਹੀ ਹੈ ਕਿ ਸਿਰਫ਼ ਪੰਜਾਬੀ ਹੀ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ। ਇਸ ਤਰ੍ਹਾਂ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਛਵੀ ਨੂੰ ਖਰਾਬ ਕਰਨ ਦੀ ਸਾਜ਼ਿਸ਼ ਹੋ ਰਹੀ ਹੈ। ਅਮਰੀਕਾ ਤੋਂ ਮੁਲਕ ਵਾਪਸ ਭੇਜੇ ਜਾ ਰਹੇ ਭਾਰਤੀਆਂ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਾਰਨ ਦਾ ਸਖ਼ਤ ਵਿਰੋਧ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅਮਰੀਕੀ ਜਹਾਜ਼ਾਂ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਮਸਲਾ ਕੌਮੀ ਸਮੱਸਿਆ ਹੈ।

ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਬਦਨਾਮ ਕਰਨ ਦੀ ਇਹ ਪਹਿਲੀ ਸਾਜ਼ਿਸ਼ ਨਹੀਂ ਹੈ, ਸਗੋਂ 1947 ਵਿੱਚ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਨਾਲ ਅਨੇਕਾਂ ਧੱਕੇਸ਼ਾਹੀਆਂ ਹੋਈਆਂ ਹਨ, ਵੱਖ- ਵੱਖ ਸਮੇਂ ਦੀਆਂ ਕੇਂਦਰ ਸਰਕਾਰਾਂ ਵੱਲੋਂ ਪੰਜਾਬ ਵਿਰੁੱਧ ਵੱਡੀਆਂ ਸਾਜ਼ਿਸ਼ਾਂ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ 'ਅਪਰੇਸ਼ਨ ਨੀਲਾ ਤਾਰਾ' ਵੀ ਸ਼ਾਮਲ ਹੈ। ਅਸਲ ਵਿੱਚ 1947 ਵਿੱਚ ਦੇਸ਼ ਦੇ ਆਜ਼ਾਦ ਹੋਣ ਸਮੇਂ ਪੰਜਾਬ ਦੀ ਵੰਡ ਪਿੱਛੇ ਵੀ ਭਾਰਤ ਦੇ ਉਸ ਸਮੇਂ ਦੇ ਮੋਹਰੀ ਸਿਆਸੀ ਆਗੂਆਂ ਦੀ ਵੱਡੀ ਸਾਜ਼ਿਸ਼ ਸੀ। ਇਹਨਾਂ ਸਿਆਸੀ ਆਗੂਆਂ ਵੱਲੋਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਉਜਾੜਨ ਅਤੇ ਉਹਨਾਂ ਨੂੰ ਅਲੱਗ ਥਲੱਗ ਕਰਨ ਲਈ ਹੀ ਪੰਜਾਬ ਦੀ ਵੰਡ ਕਰਨ ਲਈ ਸਹਿਮਤੀ ਦਿੱਤੀ ਗਈ, ਜਿਸ ਕਾਰਨ 1947 ਵਿੱਚ ਲੱਖਾਂ ਪੰਜਾਬੀ ਉੱਜੜਨ ਲਈ ਮਜਬੂਰ ਹੋਏ। ਮੀਡੀਆ ਰਿਪੋਰਟਾਂ ਅਨੁਸਾਰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਸਿੱਖਾਂ ਪ੍ਰਤੀ ਮਾੜੀ ਸੋਚ ਰੱਖਦੇ ਸਨ, ਇਹੀ ਕਾਰਨ ਸੀ ਜਦੋਂ 1947 ਵਿੱਚ ਪਾਕਿਸਤਾਨ ਵਾਲੇ ਪੰਜਾਬ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਦਿੱਲੀ ਦੇ ਨੇੜੇ ਵਸਾਉਣ ਦੀ ਗਲ ਉਸ ਸਮੇਂ ਦੇ ਸੀਨੀਅਰ ਸਰਕਾਰੀ ਅਫ਼ਸਰ ਮਹਿੰਦਰ ਸਿੰਘ ਰੰਧਾਵਾ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਕੋਲ ਕੀਤੀ ਸੀ ਤਾਂ ਇਸ ਦਾ ਬਹੁਤ ਰੁੱਖਾ ਜਵਾਬ ਪੰਡਤ ਨਹਿਰੂ ਨੇ ਦਿੱਤਾ ਸੀ। ਅਸਲ ਵਿੱਚ ਪੰਡਤ ਨਹਿਰੂ ਨੂੰ ਇਹ ਪਤਾ ਹੀ ਨਹੀਂ ਸੀ ਕਿ ਸਰਕਾਰੀ ਅਫ਼ਸਰ ਮਹਿੰਦਰ ਸਿੰਘ ਰੰਧਾਵਾ ਵੀ ਸਿੱਖ ਹਨ, ਕਿਉਂਕਿ ਮਹਿੰਦਰ ਸਿੰਘ ਰੰਧਾਵਾ ਕਲੀਨਸ਼ੇਵ ਸਨ। ਇਹ ਗਲ ਕਈ ਵਾਰ ਮੀਡੀਆ ਵਿੱਚ ਆ ਚੁੱਕੀ ਹੈ। ਇਸ ਗਲ ਤੋਂ ਪਤਾ ਚਲ ਜਾਂਦਾ ਹੈ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਤੋਂ ਹੀ ਪੰਜਾਬ ਨਾਲ ਵਿਤਕਰਾ ਅਤੇ ਧੱਕੇਸ਼ਾਹੀਆਂ ਦਾ ਦੌਰ ਸ਼ੁਰੂ ਹੋ ਗਿਆ ਸੀ।




ਇਤਿਹਾਸ ਤੋਂ ਪਤਾ ਚਲਦਾ ਹੈ ਕਿ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਜਦੋਂ ਅੰਗਰੇਜ਼ ਸਿੱਖਾਂ ਨੂੰ ਵੀ ਹਿੰਦੂਆਂ ਅਤੇ ਮੁਸਲਮਾਨਾਂ ਵਾਂਗ ਵੱਖਰਾ ਮੁਲਕ ਦੇਣਾ ਚਾਹੁੰਦੇ ਸਨ ਤਾਂ ਉਸ ਸਮੇਂ ਦੇ ਭਾਰਤ ਦੇ ਹਿੰਦੂ ਆਗੂਆਂ ਨੇ ਮਾਸਟਰ ਤਾਰਾ ਸਿੰਘ ਅਤੇ ਹੋਰ ਸਿੱਖ ਆਗੂਆਂ ਨੂੰ ਮਿੱਠੀਆਂ ਗੱਲਾਂ ਕਰਕੇ ਭਰਮਾਅ ਲਿਆ ਅਤੇ ਉਸ ਸਮੇਂ ਦੇ ਸਿੱਖ ਆਗੂਆਂ ਨੂੰ ਅੰਗਰੇਜ਼ਾਂ ਤੋਂ ਸਿੱਖਾਂ ਲਈ ਵੱਖਰਾ ਦੇਸ਼ ਨਾ ਲੈਣ ਅਤੇ ਭਾਰਤ ਨਾਲ ਹੀ ਰਹਿਣ ਲਈ ਮਨਾ ਲਿਆ ਅਤੇ ਸਿੱਖ ਆਗੂਆਂ ਨਾਲ ਕਈ ਤਰਾਂ ਦੇ ਵਾਅਦੇ ਕੀਤੇ ਗਏ ਪਰ ਜਦੋਂ ਭਾਰਤ ਆਜ਼ਾਦ ਹੋ ਗਿਆ ਅਤੇ ਮਾਸਟਰ ਤਾਰਾ ਸਿੰਘ ਸਮੇਤ ਅਨੇਕਾਂ ਸਿੱਖ ਆਗੂਆਂ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨੂੰ ਸਿੱਖਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨ ਲਈ ਕਿਹਾ ਤਾਂ ਪੰਡਤ ਨਹਿਰੂ ਸਾਫ਼ ਮੁੱਕਰ ਗਏ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਦੇਸ਼ ਆਜ਼ਾਦ ਹੋਣ ਸਮੇਂ ਹੀ ਪੰਜਾਬ ਨਾਲ ਵਿਤਕਰੇ ਕਰਨ ਦੀ ਸ਼ੁਰੂਆਤ ਹੋ ਗਈ ਸੀ।

ਜਦੋਂ ਪੰਡਤ ਨਹਿਰੂ ਦੀ ਧੀ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ ਤਾਂ ਉਸਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਬਹੁਤ ਕੁਝ ਕੀਤਾ। ਇੰਦਰਾ ਗਾਂਧੀ ਨੇ 1984 ਵਿੱਚ ਪੰਜਾਬ ਨੂੰ ਫ਼ੌਜ ਹਵਾਲੇ ਕਰ ਦਿੱਤਾ ਅਤੇ ਸਿੱਖਾਂ ਦੇ ਪਵਿੱਤਰ ਸ੍ਰੀ ਦਰਬਾਰ ਸਾਹਿਬ ਸਮੇਤ ਵੱਖ- ਵੱਖ ਸਿੱਖ ਗੁਰਧਾਮਾਂ 'ਤੇ ਭਾਰਤੀ ਫ਼ੌਜ ਤੋਂ ਹਮਲਾ ਕਰਵਾ ਦਿੱਤਾ ਅਤੇ ਸਿੱਖਾਂ ਦੇ ਗੁਰਧਾਮਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ। ਇਸ ਨੂੰ ਆਪ੍ਰੇਸ਼ਨ ਨੀਲਾ ਤਾਰਾ ਜਾਂ ਅਪਰੇਸ਼ਨ



ਬਲਿਊ ਸਟਾਰ ਦਾ ਨਾਮ ਦਿੱਤਾ ਗਿਆ। ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੀ ਸੋਚ ਨੂੰ ਅਪਨਾਉਂਦਿਆਂ 1984 ਦੇ ਦਹਾਕੇ ਦੌਰਾਨ ਵੱਡੀ ਗਿਣਤੀ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਕਹਿ ਕੇ ਮਰਵਾਉਣਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ ਨੇ ਭਾਰਤ ਦੀ ਪ੍ਰਧਾਨ ਮੰਤਰੀ ਹੁੰਦਿਆਂ ਪੂਰੀ ਦੁਨੀਆਂ ਵਿੱਚ ਸਿੱਖਾਂ ਵਿਰੁੱਧ ਵੱਡੇ ਪੱਧਰ 'ਤੇ ਪ੍ਰਚਾਰ ਕਰਵਾਇਆ ਅਤੇ ਪੂਰੀ ਦੁਨੀਆਂ ਸਾਹਮਣੇ ਸਿੱਖਾਂ ਨੂੰ ਅੱਤਵਾਦੀ ਬਣਾ ਕੇ ਪੇਸ਼ ਕੀਤਾ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੂਰੇ ਭਾਰਤ ਵਿੱਚ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ, ਸਿੱਖ ਵਿਰੋਧੀ ਦੰਗਿਆਂ, ਜਿਸ ਨੂੰ ਸਿੱਖ ਨਸਲਕੁਸ਼ੀ ਕਿਹਾ ਜਾਂਦਾ ਹੈ, ਵਿੱਚ ਤਿੰਨ ਦਿਨਾਂ ਵਿੱਚ ਹੀ ਪੂਰੇ ਦੇਸ਼ ਵਿੱਚ ਹਜ਼ਾਰਾਂ ਸਿੱਖ ਮਾਰ ਦਿੱਤੇ ਗਏ, ਸਿੱਖਾਂ ਦੀਆਂ ਧੀਆਂ ਭੈਣਾਂ ਨਾਲ ਸ਼ਰੇਆਮ ਬਲਾਤਕਾਰ ਕੀਤੇ ਗਏ, ਸਿੱਖਾਂ ਦੇ ਘਰ ਤੇ ਜਾਇਦਾਦਾਂ ਅੱਗ ਲਾ ਕੇ ਸਾੜ ਦਿੱਤੀਆਂ ਗਈਆਂ। ਇਥੋਂ ਤਕ ਕਿ ਰੱਬ ਦੇ ਘਰ ਗੁਰਦੁਆਰਿਆਂ ਨੂੰ ਵੀ ਹਿੰਸਕ ਹਿੰਦੂਆਂ ਵੱਲੋਂ ਅੱਗਾਂ ਲਾ ਕੇ ਸਾੜ ਦਿੱਤਾ ਗਿਆ ਅਤੇ ਧਾਰਮਿਕ ਗ੍ਰੰਥਾਂ ਦੀ ਬੇਹੁਰਮਤੀ ਕੀਤੀ ਗਈ।

ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੂੰ ਜਦੋਂ ਸਿੱਖਾਂ ਦਾ ਕਤਲੇਆਮ ਰੋਕਣ ਲਈ ਕਿਹਾ ਗਿਆ ਤਾਂ ਰਾਜੀਵ ਗਾਂਧੀ ਨੇ ਜਵਾਬ ਦਿੱਤਾ ਕਿ 'ਜਬ ਬੜਾ ਦਰਖ਼ਤ ਗਿਰਤਾ ਹੈ, ਤੋ ਧਰਤੀ ਕਾਂਪਤੀ ਹੈ'। ਇਸ ਤਰੀਕੇ ਨਾਲ ਰਾਜੀਵ ਗਾਂਧੀ ਵੱਲੋਂ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਅ ਦਿੱਤਾ ਗਿਆ। ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਸਾਰ ਸਿੱਖਾਂ ਅਤੇ ਪੰਜਾਬ ਵਿਰੁੱਧ ਵੱਡੀਆਂ ਸਾਜ਼ਿਸ਼ਾਂ ਕਰਨੀਆਂ ਆਰੰਭ ਕਰ ਦਿੱਤੀਆਂ। ਰਾਜੀਵ ਗਾਂਧੀ ਅਤੇ ਉਸ ਦੀ ਸਰਕਾਰ ਵੱਲੋਂ ਲੁਕਵੀਂ ਸਾਜ਼ਿਸ਼ ਰਚਦਿਆਂ ਪੰਜਾਬ ਵਿੱਚ ਪਾਪੂਲਰ, ਸਫ਼ੈਦਾ ਅਤੇ ਝੋਨੇ ਦੀ ਖੇਤੀ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਗਿਆ। ਮਾਹਿਰ ਕਹਿੰਦੇ ਹਨ ਕਿ ਪਾਪੂਲਰ ਦਾ ਪੌਦਾ ਬਹੁਤ ਜਲਦੀ ਵੱਡਾ ਹੁੰਦਾ ਹੈ ਅਤੇ ਇਸ ਦੇ ਪੱਤਿਆਂ ਕਾਰਨ ਕੈਂਸਰ ਫੈਲਦਾ ਹੈ। ਮਾਹਿਰਾਂ ਅਨੁਸਾਰ ਝੋਨੇ ਦੀ ਫਸਲ ਪਾਣੀ ਬਹੁਤ ਪੀਂਦੀ ਹੈ, ਜਿਸ ਨਾਲ ਪੰਜਾਬ ਦੀ ਧਰਤੀ ਹੇਠਲਾ ਪਾਣੀ ਖ਼ਤਮ ਹੁੰਦਾ ਜਾ ਰਿਹਾ ਹੈ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਸਫ਼ੈਦੇ ਲਗਾਉਣ ਨਾਲ ਉਪਜਾਊ ਜ਼ਮੀਨ ਵੀ ਬੰਜਰ ਹੋ ਜਾਂਦੀ ਹੈ। ਇਸ ਤਰਾਂ ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਹੁੰਦਿਆਂ ਪੰਜਾਬ ਵਿਰੁੱਧ ਲੁਕਵੀਂ ਸਾਜ਼ਿਸ਼ ਰਚਦਿਆਂ ਪੰਜਾਬ 'ਚ ਪਾਪੂਲਰ, ਝੋਨਾ ਅਤੇ ਸਫ਼ੈਦੇ ਦੀ ਖੇਤੀ ਵੱਡੇ ਪੱਧਰ 'ਤੇ ਕਰਵਾਉਣੀ ਆਰੰਭ ਕਰ ਦਿੱਤੀ। ਪੰਜਾਬ ਦੇ ਭੋਲੇ ਭਾਲੇ ਕਿਸਾਨ ਰਾਜੀਵ ਗਾਂਧੀ ਅਤੇ ਉਸ ਦੀ ਕੇਂਦਰ ਸਰਕਾਰ ਦੀਆਂ ਇਹਨਾਂ ਚਲਾਕੀਆਂ ਨੂੰ ਸਮਝ ਨਹੀਂ ਸਕੇ।

ਸੰਨ 1966 ਵਿੱਚ ਪੰਜਾਬ ਦੇ ਤਿੰਨ ਟੋਟੇ ਕਰਕੇ ਪੰਜਾਬ ਨੂੰ ਲੰਗੜਾ ਪੰਜਾਬ ਜਾਂ ਸੂਬੀ ਬਣਾ ਦਿੱਤਾ ਗਿਆ ਅਤੇ ਵੱਡੀ ਗਿਣਤੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਹਰਿਆਣਾ ਵਿੱਚ ਰੱਖੇ ਗਏ। ਉਸ ਸਮੇਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਤੇ ਹਰਿਆਣਾ ਦਾ ਹੱਕ ਪੈਦਾ ਕਰਕੇ ਅਜਿਹਾ ਰੇੜਕਾ ਪਾਇਆ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਰੇੜਕਾ ਅਜੇ ਤਕ ਨਹੀਂ ਮੁੱਕਿਆ। ਇਸ ਸਮੇਂ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਹੈ ਅਤੇ ਚੰਡੀਗੜ੍ਹ ਉਪਰ ਪੰਜਾਬ, ਹਰਿਆਣਾ ਸਮੇਤ ਹਿਮਾਚਲ ਪ੍ਰਦੇਸ਼ ਵੱਲੋਂ ਵੀ ਆਪਣਾ ਹੱਕ ਜਤਾਇਆ ਜਾ ਰਿਹਾ ਹੈ। ਪੰਜਾਬ ਦੀ ਵੰਡ ਸਮੇਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣਾ ਨੂੰ ਦੇ ਕੇ ਪੰਜਾਬ ਨਾਲ ਇੱਕ ਹੋਰ ਵੱਡਾ ਧੱਕਾ ਕੀਤਾ ਗਿਆ।

ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਕੇਂਦਰ ਸਰਕਾਰ ਵੱਲੋਂ ਲੰਬਾ ਸਮਾਂ ਰਾਸ਼ਟਰਪਤੀ ਰਾਜ ਲਗਾ ਕੇ ਲੋਕਾਂ ਨੂੰ ਆਪਣੀ ਸਰਕਾਰ ਚੁਣਨ ਦੇ ਹੱਕ ਤੋਂ ਵਾਂਝੇ ਰਖਿਆ ਗਿਆ ਅਤੇ ਰਾਸ਼ਟਰਪਤੀ ਰਾਜ ਲਗਾ ਕੇ ਸਿੱਧੇ ਰੂਪ ਵਿੱਚ ਪੰਜਾਬ ਦੇ ਉੱਤੇ ਸ਼ਾਸ਼ਨ ਕੀਤਾ ਗਿਆ ਅਤੇ ਮਨਮਰਜ਼ੀਆਂ ਕੀਤੀਆਂ ਗਈਆਂ।

ਹੁਣ ਭਾਰਤ ਸਰਕਾਰ ਦੀਆਂ ਗੁਪਤ ਸਾਜ਼ਿਸ਼ਾਂ ਤਹਿਤ ਪੰਜਾਬ ਵਿੱਚ ਹੋਰਨਾਂ ਸੂਬਿਆਂ ਦੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਵਿੱਚ ਵਸਾਇਆ ਜਾ ਰਿਹਾ ਹੈ ਤਾਂ ਕਿ ਪੰਜਾਬ ਵਿੱਚ ਹੀ ਸਿੱਖ ਘੱਟ ਗਿਣਤੀ ਵਿੱਚ ਰਹਿ ਜਾਣ ਅਤੇ ਪੰਜਾਬ ਦੇ ਸਿੱਖ ਕੇਂਦਰ ਸਰਕਾਰ ਤੋਂ ਆਪਣੇ ਹੱਕ ਨਾ ਮੰਗ ਸਕਣ। ਕੇਂਦਰ ਸਰਕਾਰ ਦੀਆਂ ਗੁਪਤ ਸਾਜ਼ਿਸ਼ਾਂ ਤਹਿਤ ਹੀ ਪੰਜਾਬ ਵਿੱਚ ਅਜਿਹਾ ਮਾਹੌਲ ਸਿਰਜਿਆ ਗਿਆ ਹੈ ਕਿ ਪੰਜਾਬ ਦਾ ਹਰ ਵਿਦਿਆਰਥੀ ਹੁਣ ਪੰਜਾਬ ਵਿੱਚ ਰਹਿ ਕੇ ਪੜ੍ਹਾਈ ਕਰਨ ਦੀ ਥਾਂ ਵਿਦੇਸ਼ ਜਾ ਕੇ ਪੜ੍ਹਾਈ ਕਰਨ ਲਈ ਜਹਾਜ਼ ਚੜ੍ਹ ਕੇ ਵਿਦੇਸ਼ ਜਾ ਰਿਹਾ ਹੈ। ਇਕ ਪਾਸੇ ਹਰ ਦਿਨ ਸੈਂਕੜਿਆਂ ਦੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਵਿਦੇਸ਼ ਜਾ ਰਹੇ ਹਨ, ਇਹਨਾਂ ਨੌਜਵਾਨਾਂ ਦੇ ਪਿੱਛੇ ਉਹਨਾਂ ਦੇ ਪੰਜਾਬੀ ਮਾਪੇ ਵੀ ਵਿਦੇਸ਼ ਜਾ ਰਹੇ ਹਨ, ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਗੁਪਤ ਸਾਜ਼ਿਸ਼ ਤਹਿਤ ਭਾਰਤ ਦੇ ਵੱਖ- ਵੱਖ ਸੂਬਿਆਂ ਦੇ ਲੋਕਾਂ ਨੂੰ ਪੰਜਾਬ ਵਿੱਚ ਵਸਾਇਆ ਜਾ ਰਿਹਾ ਹੈ। ਜੇ ਇਸੇ ਤਰ੍ਹਾਂ ਕੁਝ ਸਮਾਂ ਹੋਰ ਚੱਲਦਾ ਰਿਹਾ ਤਾਂ ਪੰਜਾਬ ਵਿੱਚ ਪੰਜਾਬੀ ਖਾਸ ਕਰਕੇ ਸਿੱਖ ਹੀ ਘੱਟ ਗਿਣਤੀ ਵਿੱਚ ਰਹਿ ਜਾਣਗੇ। ਇਸ ਕਰਕੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਵੱਖ- ਵੱਖ ਸਮੇਂ ਦੀਆਂ ਕੇਂਦਰ ਸਰਕਾਰਾਂ ਦੀਆਂ ਪੰਜਾਬ ਵਿਰੁੱਧ ਕੀਤੀਆਂ ਜਾਂਦੀਆਂ ਸਾਜ਼ਿਸ਼ਾਂ ਨੂੰ ਸਮਝ ਕੇ ਉਹਨਾਂ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।

# ਅਮਰੀਕਾ ਵਿੱਚ ਸ਼ਰਨ ਮੰਗਣ ਵਾਲੇ 66 ਫ਼ੀਸਦੀ ਪੰਜਾਬੀ

## ਪੰਜ ਸਾਲਾਂ ਵਿੱਚ ਗਿਣਤੀ ਹੋਈ ਦੁੱਗਣੀ

## ਅਮਰੀਕਨ ਫ਼ੌਜੀ ਜਹਾਜ਼ ਦੇ ਅੰਮ੍ਰਿਤਸਰ ਉਤਰਣ ਕਾਰਨ ਦੇਸ਼ ਦੀ ਸੁਰੱਖਿਆ ਤੇ ਗੁਜਰਾਤ ਮਾਡਲ ’ਤੇ ਉਠੇ ਸੁਆਲ





5 ਫ਼ਰਵਰੀ ਨੂੰ ਅਮਰੀਕਾ ਵੱਲੋਂ ਆਪਣੇ ਫ਼ੌਜੀ ਜਹਾਜ਼ ਰਾਹੀਂ ਹੱਥਾਂ-ਪੈਰਾਂ ਨੂੰ ਬੇੜੀਆਂ ਪਾ ਕੇ ਅੰਮ੍ਰਿਤਸਰ ਭੇਜੇ ਗਏ 104 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਦੇ ਘਟਨਾਕ੍ਰਮ ਨੇ ਇੰਡੀਆ ਵਿੱਚ ਹਲਚਲ ਮਚਾ ਦਿੱਤੀ ਸੀ, ਪਰ ਇਹ ਘਟਨਾਕ੍ਰਮ ਇੱਥੇ ਹੀ ਰੁਕਣ ਵਾਲਾ ਨਹੀਂ ਸੀ। ਹੁਣ ਤੱਕ ਅਮਰੀਕਾ ਤਿੰਨ ਗਰੁੱਪਾਂ ਵਿੱਚ 377 ਲੋਕਾਂ ਨੂੰ ਭਾਰਤ ਭੇਜ ਚੁੱਕਾ ਹੈ।

15 ਫ਼ਰਵਰੀ ਨੂੰ 116 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਲੈ ਕੇ ਇੱਕ ਹੋਰ ਅਮਰੀਕੀ ਫ਼ੌਜੀ ਜਹਾਜ਼ ਅੰਮ੍ਰਿਤਸਰ ਉਤਾਰਿਆ ਗਿਆ ਸੀ। ਅਮਰੀਕਾ ਦੀ ਟਰੰਪ ਸਰਕਾਰ ਨੇ ਪਿਛਲੇ ਦਿਨੀਂ ਤੀਜਾ ਫ਼ੌਜੀ ਜਹਾਜ਼ ਅੰਮ੍ਰਿਤਸਰ ਭੇਜਿਆ ਗਿਆ ਸੀ। ਜਹਾਜ਼ ਵਿੱਚ ਕੁੱਲ 112 ਪ੍ਰਵਾਸੀ ਭਾਰਤੀ ਵੱਖ-ਵੱਖ ਰਾਜਾਂ ਦੇ ਸਵਾਰ ਸਨ। ਡਿਪੋਰਟ ਕੀਤੇ ਗਏ ਲੋਕਾਂ ਵਿੱਚ ਸੱਤ ਬੱਚੇ ਵੀ ਸ਼ਾਮਲ ਹਨ। ਇਨ੍ਹਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 31 ਵਿਅਕਤੀ ਸ਼ਾਮਲ ਹਨ। ਦੋ ਦਿਨਾਂ ਦੌਰਾਨ ਇਸ ਤਰ੍ਹਾਂ 228 ਭਾਰਤੀਆਂ ਨੂੰ ਲੈ ਕੇ ਅਮਰੀਕਾ ਦੇ ਦੋ ਫ਼ੌਜੀ ਜਹਾਜ਼ ਅੰਮ੍ਰਿਤਸਰ ਉਤਰੇ ਸਨ। ਔਰਤਾਂ ਅਤੇ ਬੱਚਿਆਂ ਨੂੰ ਛੱਡ ਕੇ ਬਾਕੀ ਸਾਰੇ ਮਰਦਾਂ ਨੂੰ ਹੱਥਕੜੀਆਂ ਲਗਾਈਆਂ ਗਈਆਂ ਸਨ ਅਤੇ ਉਨ੍ਹਾਂ ਦੀਆਂ ਲੱਤਾਂ ਨੂੰ ਬੇੜੀਆਂ ਬੰਨ੍ਹੀਆਂ ਹੋਈਆਂ ਸਨ।

**ਹੱਥ ਕੜੀਆਂ ਤੇ ਬੇੜੀਆਂ ਵਿੱਚ ਬੱਝੇ ਭਾਰਤੀ**

ਦੇਸ਼ ਦੀਆਂ ਵਿਰੋਧੀਆਂ ਪਾਰਟੀਆਂ ਅਤੇ ਲੋਕਾਂ ਦੇ ਸਖ਼ਤ ਵਿਰੋਧ ਨੂੰ ਦੇਖਦਿਆਂ ਉਮੀਦ ਜਤਾਈ ਜਾ ਰਹੀ ਸੀ ਕਿ ਇਸ ਵਾਰ ਇਨ੍ਹਾਂ ਪ੍ਰਵਾਸੀ ਭਾਰਤੀਆਂ ਨੂੰ ਕੈਦੀਆਂ ਵਾਂਗ ਇਧਰ ਨਹੀਂ ਭੇਜਿਆ ਜਾਵੇਗਾ, ਪਰ ਇਨ੍ਹਾਂ ਉਮੀਦਾਂ ਦੇ ਉਲਟ ਪਿਛਲੇ ਦਿਨੀਂ ਅੰਮ੍ਰਿਤਸਰ ਪੁੱਜੇ ਜਹਾਜ਼ ਵਿੱਚ ਵੀ ਇਨ੍ਹਾਂ ਪ੍ਰਵਾਸੀ ਭਾਰਤੀਆਂ ਨੂੰ ਹੱਥਕੜੀਆਂ ਤੇ ਪੈਰਾਂ ਵਿੱਚ ਬੇੜੀਆਂ ਪਾ ਕੇ ਹੀ ਲਿਆਂਦਾ ਗਿਆ ਸੀ।

ਇਹ ਸਵਾਲ ਖਾਸ ਤੌਰ ’ਤੇ ਇਸ ਲਈ ਉੱਠਿਆ ਕਿਉਂਕਿ ਕੋਲੰਬੀਆ ਨੇ ਆਪਣੇ ਦੇਸ਼ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲਿਜਾ ਰਹੇ ਅਮਰੀਕੀ ਫ਼ੌਜੀ ਜਹਾਜ਼ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ। ਕੋਲੰਬੀਆ ਨੇ ਅਮਰੀਕੀ ਫ਼ੌਜੀ ਜਹਾਜ਼ ਨੂੰ ਵਾਪਸ ਮੋੜ ਦਿੱਤਾ। ਇਸ ’ਤੇ ਟਰੰਪ ਨੇ ਕੋਲੰਬੀਆ ’ਤੇ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਸੀ। ਇਸ ਤੋਂ ਬਾਅਦ ਵੀ ਕੋਲੰਬੀਆ ਝੁਕਿਆ ਨਹੀਂ ਸੀ। ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਕਿਹਾ ਸੀ ਕਿ ਉਹ ਇਹ ਯਕੀਨੀ ਬਣਾਏਗੀ ਕਿ ਉਸਦੇ ਨਾਗਰਿਕਾਂ ਨੂੰ ਅਮਰੀਕਾ ਤੋਂ ਬੇਇੱਜ਼ਤੀ ਨਾਲ ਨਾ ਕੱਢਿਆ ਜਾਵੇ। ਇਸ ਸਬੰਧ ਵਿੱਚ, ਕੋਲੰਬੀਆ ਦੇ ਰਾਸ਼ਟਰਪਤੀ ਦਫ਼ਤਰ ਨੇ ਆਪਣੇ ਬਿਆਨ ਵਿੱਚ ‘ਸਨਮਾਨਜਨਕ ਵਾਪਸੀ’ ਸ਼ਬਦਾਂ ’ਤੇ ਵਿਸ਼ੇਸ਼ ਜ਼ੋਰ ਦਿੱਤਾ। ਪੈਟਰੋ ਨੇ ਅਮਰੀਕਾ ਤੋਂ ਪ੍ਰਵਾਸੀਆਂ ਨੂੰ ਵਾਪਸ ਲਿਆਉਣ ਲਈ ਆਪਣਾ ਵਿਸ਼ੇਸ਼ ਜਹਾਜ਼ ਭੇਜਣ ਦਾ ਫ਼ੈਸਲਾ ਕੀਤਾ।

**ਅਮਰੀਕਾ ਵਿੱਚ ਵਧੀ ਗ਼ੈਰ ਕਾਨੂੰਨੀ ਪਰਵਾਸੀਆਂ ਦੀ ਗਿਣਤੀ**

ਜਾਨਸ ਹਾਪਕਿਨਸ ਯੂਨੀਵਰਸਿਟੀ ਦੇ ਦੋ ਖੋਜੀਆਂ ਵੱਲੋਂ ਵਿਸ਼ਲੇਸ਼ਣ ਵਿੱਚ ਸਾਹਮਣੇ ਆਇਆ ਹੈ ਕਿ ਇੱਥੇ ਨਾਜਾਇਜ਼ ਪਰਵਾਸੀਆਂ ਵਿੱਚ ਪਿਛਲੇ ਸਾਲਾਂ ਦੌਰਾਨ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ ਵਧੀ ਹੈ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ 2021 ਤੋਂ 2022 ਤੱਕ ਭਾਰਤੀ ਨਾਗਰਿਕਾਂ ਵੱਲੋਂ ਦਾਇਰ ਕੀਤੀਆਂ ਗਈਆਂ ਸਾਰੀਆਂ ਸ਼ਰਨ ਪਟੀਸ਼ਨਾਂ ਵਿਚੋਂ ਲਗਪਗ 66 ਫ਼ੀਸਦੀ ਪੰਜਾਬੀਆਂ ਵੱਲੋਂ ਦਾਖ਼ਲ ਕੀਤੀਆਂ ਗਈਆਂ ਗਈਆਂ ਸਨ। ਇੱਕ ਸਮੇਂ ਭਾਰਤੀ ਨਾਜਾਇਜ਼ ਪਰਵਾਸੀਆਂ ਵਿੱਚ ਹਿੰਦੀ ਭਾਸ਼ੀ ਲੋਕਾਂ ਦੀ ਹਿੱਸੇਦਾਰੀ 14 ਫ਼ੀਸਦੀ ਸੀ। ਹਾਲਾਂਕਿ 2017 ਤੇ 2022 ਦੌਰਾਨ ਇਹ ਦੁੱਗਣੀ ਹੋ ਕੇ 30 ਫ਼ੀਸਦੀ ਹੋ ਗਈ। ਇਹ ਅਧਿਐਨ 10 ਫ਼ਰਵਰੀ ਨੂੰ ਜਾਰੀ ਕੀਤਾ ਗਿਆ ਸੀ। ਪਿਊ ਰਿਸਰਚ ਦੀ ਰਿਪੋਰਟ ਦੇ ਮੁਤਾਬਕ ਅਮਰੀਕਾ ਵਿੱਚ ਕਰੀਬ ਛੇ ਲੱਖ 75 ਹਜ਼ਾਰ ਨਾਜਾਇਜ਼ ਭਾਰਤੀ ਪਰਵਾਸੀ ਹਨ। ਅਮਰੀਕਾ ਵਿੱਚ ਕੁੱਲ ਭਾਰਤੀਆਂ ਦੀ ਗਿਣਤੀ 5.1 ਮਿਲੀਅਨ ਹੈ। ਇਹ ਭਾਰਤੀ ਪਰਵਾਸੀਆਂ ’ਚ ਵਧਦੀ ਵਿਭਿੰਨਤਾ ਨੂੰ ਦਰਸਾਉਂਦੀ ਹੈ, ਕਿਉਂਕਿ ਹੁਣ ਹਿੰਦੀ ਭਾਸ਼ੀ ਇਲਾਕਿਆਂ ਤੋਂ ਜ਼ਿਆਦਾ ਲੋਕ ਅਮਰੀਕਾ ਵਿੱਚ ਸ਼ਰਨ ਮੰਗ ਰਹੇ ਹਨ। ਹੋਰ ਭਾਸ਼ਾ ਗਰੁੱਪ ਵੀ ਪਿੱਛੇ ਨਹੀਂ ਹਨ।

ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ ਦੇ ਮੁਤਾਬਕ, ਪਿਛਲੇ ਪੰਜ ਸਾਲਾਂ ’ਚ ਅਮਰੀਕਾ ਵਿੱਚ ਸ਼ਰਨ ਚਾਹੁਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ 470 ਫ਼ੀਸਦੀ ਦਾ ਵਾਧਾ ਹੋਇਆ ਹੈ। 2020 ਵਿੱਚ ਭਾਰਤੀਆਂ ਦੇ ਸ਼ਰਨ ਦੇ ਦਾਅਵੇ ਜਿੱਥੇ 6,000 ਸਨ, ਉਹ 2023 ਵਿੱਚ ਵਧ ਕੇ 51 ਹਜ਼ਾਰ ਤੋਂ ਜ਼ਿਆਦਾ ਹੋ ਗਏ। ਪਰਵਾਸੀਆਂ ਦੀ ਇਹ ਗਿਣਤੀ ’ਚ ਅੱਠ ਗੁਣਾ ਵਾਧਾ ਹੈ।

(ਬਾਕੀ ਸਫ਼ਾ 30 ’ਤੇ)

## ਪੰਜਾਬ ਸਰਕਾਰ ਵੱਲੋਂ ਟ੍ਰੈਵਲ ਏਜੰਟਾਂ ’ਤੇ ਸਖ਼ਤ ਕਾਰਵਾਈ !

### ਪ੍ਰਾਪਰਟੀ ਵੀ ਸੀਜ਼ ਕਰਨ ਦਾ ਫ਼ੈਸਲਾ

ਪੰਜਾਬ ਸਰਕਾਰ ਨੇ ਡਰੱਗ ਤਸਕਰਾਂ ਦੀ ਤਰ੍ਹਾਂ ਹੁਣ ਦੋਸ਼ੀ ਇਮੀਗ੍ਰੇਸ਼ਨ ਮਾਲਕਾਂ ਤੇ ਟ੍ਰੈਵਲ ਏਜੰਟਾਂ ਦੀ ਪ੍ਰਾਪਰਟੀ ਵੀ ਸੀਜ਼ ਕਰਨ ਦਾ ਫ਼ੈਸਲਾ ਲੈ ਲਿਆ ਹੈ।

ਸੂਤਰਾਂ ਦੇ ਮੁਤਾਬਕ ਲੋਕਾਂ ਨਾਲ ਲੱਖਾਂ-ਕਰੋੜਾਂ ਦੀ ਧੋਖਾਧੜੀ ਕਰਨ ਵਾਲੇ ਅਜਿਹੇ ਕਰੀਬੇ 3200 ਟ੍ਰੈਵਲ ਏਜੰਟਾਂ ਨੂੰ ਲੁੱਕ ਆਊਟ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਮੁੱਢਲੀ ਜਾਂਚ ਦੌਰਾਨ ਸੂਬੇ ਦੇ ਅਜਿਹੇ 11 ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਸਭ ਤੋਂ ਜ਼ਿਆਦਾ ਗੈਰ-ਕਾਨੂੰਨੀ ਤੌਰ ’ਤੇ ਇਮੀਗ੍ਰੇਸ਼ਨ ਦਾ ਧੰਦਾ ਚਲਾਇਆ ਜਾਂਦਾ ਹੈ।

ਇਨ੍ਹਾਂ ਵਿਚੋਂ ਮੁੱਖ ਤੌਰ ’ਤੇ ਮੋਹਾਲੀ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਬਠਿੰਡਾ, ਮੋਗਾ, ਨਵਾਂਸ਼ਹਿਰ, ਰੋਪੜ, ਸੰਗਰੂਰ ਅਤੇ ਕਪੂਰਥਲਾ ਸ਼ਾਮਲ ਹਨ। ਇਨ੍ਹਾਂ ਜ਼ਿਲ੍ਹਿਆਂ ਦੇ ਕਰੀਬ 3200 ਤੋਂ ਜ਼ਿਆਦਾ ਇਮੀਗ੍ਰੇਸ਼ਨ ਅਤੇ ਗੈਰ-ਕਾਨੂੰਨੀ ਤੌਰ ’ਤੇ ਏਜੰਟਾਂ ਵਜੋਂ ਕੰਮ ਕਰਨ ਵਾਲਿਆਂ ਦੀ ਗਿਣਤੀ ਸਾਹਮਣੇ ਆਈ ਹੈ।

## ਸਿੱਖ ਨੌਜਵਾਨਾਂ ਨੂੰ ਨੰਗੇ ਸਿਰ ਲਿਆਉਣ ’ਤੇ ਸ਼੍ਰੋਮਣੀ ਕਮੇਟੀ ਨੇ ਕੀਤੀ ਨਿੰਦਾ

### ਵਾਪਸ ਆਏ ਨੌਜਵਾਨਾਂ ਨੂੰ ਦਿੱਤੀਆਂ ਦਸਤਾਰਾਂ

ਅਮਰੀਕਾ ਵੱਲੋਂ ਡਿਪੋਰਟ ਕੀਤੇ ਭਾਰਤੀਆਂ ਵਿਚੋਂ ਸਿੱਖ ਨੌਜਵਾਨ ਨੂੰ ਬਿਨਾ ਪੱਗ ਤੋਂ ਨੰਗੇ ਸਿਰ ਵਾਪਸ ਭਾਰਤ ਭੇਜਿਆ ਗਿਆ ਸੀ, ਜਿਸ ਤੋਂ ਬਾਅਦ ਪੰਜਾਬ ਵਿੱਚ ਸਿਆਸਤ ਭਖ ਗਈ ਹੈ। ਇਸ ਨੂੰ ਆਧਾਰ ਬਣਾ ਕੇ ਬਿਕਰਮ ਸਿੰਘ ਮਜੀਠੀਆ ਤੇ ਸ਼੍ਰੋਮਣੀ ਕਮੇਟੀ ਨੇ ਪੰਜਾਬ ਸਰਕਾਰ ’ਤੇ ਸਵਾਲ ਚੁੱਕੇ ਹਨ। ਬੀਤੇ ਦਿਨੀਂ ਅਮਰੀਕਾ ਦਾ ਜਹਾਜ਼ ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਪਹੁੰਚਿਆ। ਉੱਥੇ ਹੀ ਇੱਕ ਤਸਵੀਰ ਨਿਕਲ ਕੇ ਸਾਹਮਣੇ ਆਈ ਕੁਝ ਸਿੱਖ ਨੌਜਵਾਨਾਂ ਦੇ ਸਿਰ ਉੱਤੇ ਦਸਤਾਰ ਨਹੀਂ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਥੇ ਜਬਰੀ ਵਾਪਸ ਭੇਜੇ ਗਏ ਭਾਰਤੀ ਨਾਗਰਿਕਾਂ ਦੇ ਪਰਿਵਾਰਾਂ ਤੇ ਹੋਰਨਾਂ ਲਈ ਅੰਮ੍ਰਿਤਸਰ ਹਵਾਈ ਅੱਡੇ ’ਤੇ ਲੰਗਰ ਤੇ ਚਾਹ ਦਾ ਪ੍ਰਬੰਧ ਕੀਤਾ ਗਿਆ, ਇਸ ਦੇ ਨਾਲ ਹੀ ਹੋਰ ਵੱਡਾ ਉਪਰਾਲਾ ਕਰਦਿਆਂ ਵਾਪਸ ਆਏ ਨੌਜਵਾਨਾਂ ਲਈ ਹਵਾਈ ਅੱਡੇ ’ਤੇ ਦਸਤਾਰਾਂ ਦਾ ਪ੍ਰਬੰਧ ਕੀਤਾ ਗਿਆ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਹਵਾਈ ਅੱਡੇ ’ਤੇ ਲਗਾਏ ਗਏ ਇੰਚਾਰਜ਼ ਸੰਦੀਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਕਹਿਣ ’ਤੇ ਉਹ ਹਵਾਈ ਅੱਡੇ ’ਤੇ ਦਸਤਾਰਾਂ ਲੈ ਕੇ ਪਹੁੰਚੇ ਹਨ।

# ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਪਨਾਮਾ ਦੇ ਹੋਟਲ ’ਚ ਨਜ਼ਰਬੰਦ 300 ਵਿਅਕਤੀਆਂ ਨੇ ਮਦਦ ਦੀ ਲਗਾਈ ਗੁਹਾਰ

## ਗ਼ੈਰ ਕਾਨੂੰਨੀ ਪਰਵਾਸੀਆਂ ਦੇ ਅਮਰੀਕਾ ਤੋਂ ਦੇਸ਼ ਨਿਕਾਲੇ ਲਈ ਪਨਾਮਾ ਬਣਿਆ ‘ਪੁਲ’

ਪਨਾਮਾ ਸ਼ਹਿਰ/ਏ.ਟੀ.ਨਿਊਜ਼: ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਪਨਾਮਾ ਦੇ ਇੱਕ ਹੋਟਲ ਵਿੱਚ ਨਜ਼ਰਬੰਦ ਕੀਤਾ ਗਿਆ ਹੈ। ਇਹ ਗ਼ੈਰਕਾਨੂੰਨੀ ਪਰਵਾਸੀ ਕੌਮਾਂਤਰੀ ਅਥਾਰਿਟੀਜ਼ ਵੱਲੋਂ ਉਨ੍ਹਾਂ ਨੂੰ ਆਪੋ ਆਪਣੇ ਮੁਲਕ ਵਾਪਸ ਭੇਜਣ ਦੀ ਉਡੀਕ ਕਰ ਰਹੇ ਹਨ।



ਇਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਇਰਾਨ, ਭਾਰਤ, ਨੇਪਾਲ, ਸ੍ਰੀ ਲੰਕਾ, ਪਾਕਿਸਤਾਨ, ਅਫ਼ਗਾਨਿਸਤਾਨ, ਚੀਨ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧਤ ਹਨ। ਅਥਾਰਿਟੀਜ਼ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ 40 ਫੀਸਦੀ ਤੋਂ ਵੱਧ ਪਰਵਾਸੀ ਸਵੈ-ਇੱਛਾ ਨਾਲ ਆਪੋ-ਆਪਣੇ ਮੁਲਕਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ। ਹੋਟਲ ਵਿੱਚ ਨਜ਼ਰਬੰਦ ਇਨ੍ਹਾਂ ਡਿਪੋਰਟੀਜ਼ ਨੇ ਖਿੜਕੀਆਂ ਰਾਹੀਂ ‘ ਹੈਲਪ’ ਦੇ ਸੁਨੇਹੇ ਲਿਖ ਕੇ ਮਦਦ ਦੀ ਗੁਹਾਰ ਲਗਾਈ ਹੈ।

ਅਮਰੀਕਾ ਨੂੰ ਇਨ੍ਹਾਂ ਵਿੱਚੋਂ ਕੁਝ ਨੂੰ ਸਿੱਧੇ ਉਨ੍ਹਾਂ ਦੇ ਮੁਲਕ ਡਿਪੋਰਟ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ, ਲਿਹਾਜ਼ਾ ਪਨਾਮਾ ਨੂੰ ਰਸਤੇ ਵਿੱਚ ਠਹਿਰ ਵਜੋਂ ਵਰਤਿਆ ਜਾ ਰਿਹਾ ਹੈ।

ਪਨਾਮਾ ਦੇ ਸੁਰੱਖਿਆ ਮੰਤਰੀ ਫ਼ਰੈਂਕ ਐਬਰੇਗੋ ਨੇ ਕਿਹਾ ਕਿ ਪਨਾਮਾ ਅਤੇ ਅਮਰੀਕਾ ਦਰਮਿਆਨ ਪਰਵਾਸ ਸਮਝੌਤੇ ਤਹਿਤ ਪਰਵਾਸੀਆਂ ਨੂੰ ਡਾਕਟਰੀ ਸਹਾਇਤਾ ਅਤੇ ਭੋਜਨ ਮਿਲ ਰਿਹਾ ਹੈ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਹੋਟਲ ਵਿੱਚ ਗੈਰਕਾਨੂੰਨੀ ਹਿਰਾਸਤ ’ਚ ਰੱਖਿਆ ਗਿਆ ਹੈ। ਉਂਝ ਇਹ ਵਿਦੇਸ਼ੀ ਨਾਗਰਿਕ ਆਪਣੇ ਕਮਰਿਆਂ ਵਿਚੋਂ ਬਾਹਰ ਨਹੀਂ ਆ ਸਕਦੇ। ਹੋਟਲ ਦੇ ਬਾਹਰ ਪੁਲਿਸ ਦਾ ਪਹਿਰਾ ਹੈ।

ਪਨਾਮਾ ਸਰਕਾਰ ਹੁਣ ਡਿਪੋਰਟੀਆਂ ਲਈ ਇੱਕ ‘ਪੁਲ’ ਵਜੋਂ ਕੰਮ ਕਰਨ ਲਈ ਸਹਿਮਤ ਹੋ ਗਈ ਹੈ, ਜਦੋਂ ਕਿ ਅਮਰੀਕਾ ਕਾਰਵਾਈ ਦੇ ਸਾਰੇ ਖਰਚੇ ਸਹਿਣ ਕਰੇਗਾ। ਇਸ ਸਮਝੌਤੇ ਦਾ ਐਲਾਨ ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਫੇਰੀ ਮਗਰੋਂ ਕੀਤਾ ਗਿਆ ਸੀ। ਪਨਾਮਾ ਦੇ ਰਾਸ਼ਟਰਪਤੀ ਨੇ ਪਿਛਲੇ ਦਿਨੀਂ ਡਿਪੋਰਟੀਜ਼ ਦੀਆਂ ਪਹਿਲੀਆਂ ਉਡਾਣਾਂ ਦੇ ਆਉਣ ਦਾ ਐਲਾਨ ਕੀਤਾ ਸੀ।

ਉਨ੍ਹਾਂ ਕਿਹਾ ਕਿ 299 ਡਿਪੋਰਟੀਜ਼ ਵਿੱਚੋਂ 171 ਕੌਮਾਂਤਰੀ ਅੰਤਰਰਾਸ਼ਟਰੀ ਪਰਵਾਸ ਸੰਗਠਨ ਅਤੇ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੀ ਮਦਦ ਨਾਲ ਸਵੈ-ਇੱਛਾ ਨਾਲ ਆਪੋ-ਆਪਣੇ ਦੇਸ਼ਾਂ ਵਿੱਚ ਵਾਪਸ ਜਾਣ ਲਈ ਸਹਿਮਤ ਹੋਏ ਹਨ।


## ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ’ਚ ਗ਼ੈਰ ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ 39 ਫ਼ੀਸਦੀ ਘਟੀ



ਵਾਸ਼ਿੰਗਟਨ/ਏ.ਟੀ.ਨਿਊਜ਼: ਮੈਕਸੀਕੋ ਦੀ ਸਰਹੱਦ ਪਾਰ ਕਰਕੇ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੀ ਗਿਣਤੀ ਇਸ ਸਾਲ ਜਨਵਰੀ ਵਿੱਚ ਇੱਕ ਮਹੀਨਾ ਪਹਿਲਾਂ ਦੇ ਮੁਕਾਬਲੇ 39 ਫ਼ੀਸਦੀ ਘੱਟ ਗਈ ਹੈ। ਇਹ ਗਿਰਾਵਟ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਦੌਰਾਨ ਦਰਜ ਕੀਤੀ ਗਈ ਹੈ। ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਵਿਭਾਗ ਦੇ ਅਨੁਸਾਰ, ਸਰਹੱਦੀ ਗਸ਼ਤ ਬਲ ਨੇ ਜਨਵਰੀ ਵਿੱਚ 21,593 ਗ੍ਰਿਫ਼ਤਾਰੀਆਂ ਕੀਤੀਆਂ, ਜਦੋਂ ਕਿ ਪਿਛਲੇ ਸਾਲ ਦਸੰਬਰ ਵਿੱਚ, 47,316 ਲੋਕਾਂ ਨੂੰ ਮੈਕਸੀਕਨ ਸਰਹੱਦ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਸੰਖਿਆ ਮਈ 2020 ਤੋਂ ਬਾਅਦ ਸਭ ਤੋਂ ਘੱਟ ਹੈ।

ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ ‘ਵ੍ਹਾਈਟ ਹਾਊਸ’ ਨੇ ਇੱਕ ਬਿਆਨ ਵਿੱਚ ਕਿਹਾ, ‘ਇਸਨੂੰ ਟਰੰਪ ਪ੍ਰਭਾਵ ਕਹੋ।’ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਹੁਤ ਪਹਿਲਾਂ ਸਰਹੱਦੀ ਗ੍ਰਿਫ਼ਤਾਰੀਆਂ ਵਿੱਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਮੈਕਸੀਕਨ ਅਧਿਕਾਰੀਆਂ ਨੇ ਵੀ ਆਪਣੀਆਂ ਸਰਹੱਦਾਂ ਦੇ ਅੰਦਰ ਕਾਨੂੰਨ ਲਾਗੂ ਕਰਨ ਨੂੰ ਤੇਜ਼ ਕਰ ਦਿੱਤਾ ਹੈ ਅਤੇ ਉਸ ਸਮੇਂ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਪਿਛਲੇ ਜੂਨ ਵਿੱਚ ਸ਼ਰਣ ਸਬੰਧੀ ਸਖ਼ਤ ਪਾਬੰਦੀਆਂ ਲਗਾਈਆਂ ਸਨ। ਇਸ ਤੋਂ ਬਾਅਦ, ਇਸ ਸਾਲ 20 ਜਨਵਰੀ ਨੂੰ ਟਰੰਪ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਗ੍ਰਿਫ਼ਤਾਰੀਆਂ ਵਿੱਚ ਹੋਰ ਕਮੀ ਆਈ। ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ ਉਸਨੇ ਅਮਰੀਕਾ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਵੀਡੀਓ ਇਸ਼ਤਿਹਾਰ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਵਿੱਚ ਗ਼ੈਰ-ਕਾਨੂੰਨੀ ਤੌਰ ’ਤੇ ਸਰਹੱਦ ਪਾਰ ਕਰਨ ਵਾਲੇ ਲੋਕਾਂ ਨੂੰ ਵਾਪਸ ਮੁੜਨ ਜਾਂ ਨਾ ਆਉਣ ਦੀ ਚਿਤਾਵਨੀ ਦਿੱਤੀ ਹੈ।

# ਅਮਰੀਕਾ 'ਚ ਗ਼ੈਰ-ਕਾਨੂੰਨੀ ਤੌਰ 'ਤੇ ਜਾਣ ਦੀਆਂ ਕੋਸ਼ਿਸ਼ਾਂ 'ਚ ਵਾਧਾ: ਅਧਿਐਨ



ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਵਿਚਾਲੇ ਇੱਕ ਅਧਿਐਨ 'ਚ ਖੁਲਾਸਾ ਹੋਇਆ ਹੈ ਕਿ 5 ਸਾਲ 'ਚ ਅਮਰੀਕਾ 'ਚ ਸ਼ਰਨ ਮੰਗਣ ਵਾਲੇ ਭਾਰਤੀਆਂ ਦੀ ਗਿਣਤੀ 'ਚ 470 ਫ਼ੀਸਦੀ ਦਾ ਵਾਧਾ ਹੋਇਆ ਹੈ। ਜੌਨਸ ਹਾਪਕਿੰਸ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਕੀਤੇ ਗਏ ਇੱਕ ਅਧਿਐਨ ਤੋਂ ਪਤਾ ਲੱਗਾ ਹੈ ਕਿ 2018 'ਚ ਸ਼ਰਨ ਲੈਣ ਲਈ ਅਰਜ਼ੀਆਂ 9,000 ਤੋਂ ਵਧ ਕੇ 2023 'ਚ 51,000 ਹੋ ਗਈਆਂ ਹਨ। ਹਾਲਾਂਕਿ ਅਮਰੀਕੀ ਸਰਕਾਰ ਵੱਲੋਂ 2022 'ਚ ਮੁਹੱਈਆ ਕਰਵਾਏ ਗਏ ਤਾਜ਼ਾ ਅੰਕੜਿਆਂ ਅਨੁਸਾਰ 2016 ਤੋਂ ਬਾਅਦ ਬਿਨਾਂ ਕਾਗਜ਼ਾਂ ਤੋਂ ਰਹਿ ਰਹੇ ਭਾਰਤੀਆਂ ਦੀ ਆਬਾਦੀ 'ਚ 60 ਫ਼ੀਸਦੀ ਦੀ ਗਿਰਾਵਟ ਆਈ ਹੈ।

**ਖ਼ਤਰੇ ਦੇ ਦਾਅਵੇ ਤੋਂ ਮਿਲਦੀ ਹੈ ਸ਼ਰਨ**

ਸ਼ਰਨ ਲੈਣ ਲਈ ਬੇਨਤੀਆਂ ਤੋਂ ਪਤਾ ਲੱਗਦਾ ਹੈ ਕਿ ਭਾਰਤੀਆਂ ਵੱਲੋਂ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਜਾਣ ਦੀਆਂ ਕੋਸ਼ਿਸ਼ਾਂ 'ਚ ਵਾਧਾ ਹੋ ਰਿਹਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਸਰਹੱਦ 'ਤੇ ਫ਼ੜੇ ਗਏ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਜੱਦੀ ਦੇਸ਼ ਵਿੱਚ ਖਤਰੇ ਦੇ ਡਰ ਦਾ ਹਵਾਲਾ ਦਿੰਦਿਆਂ ਸ਼ਰਨ ਲੈਣ ਦੀ ਇਜਾਜ਼ਤ ਦਿੰਦੀ ਹੈ।

ਏ.ਬੀ.ਬੁੱਦੀਮਨ ਤੇ ਦੇਵੇਸ਼ ਕਪੂਰ ਨੇ ਆਪਣੇ ਸ਼ੋਧ ਪੇਪਰ 'ਚ ਲਿਖਿਆ ਹੈ ਕਿ ਜੋ ਲੋਕ ਇਸ ਸ਼ੁਰੂਆਤੀ ਜਾਂਚ 'ਚ ਸਫ਼ਲ ਹੋ ਜਾਂਦੇ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ ਅਦਾਲਤ ਵਿੱਚ ਆਪਣਾ ਸ਼ਰਨ ਕੇਸ ਪੇਸ਼ ਕਰਨ ਦੀ ਇਜਾਜ਼ਤ ਹੁੰਦੀ ਹੈ। ਇਸ ਕਾਨੂੰਨੀ ਵਿਵਸਥਾ ਦੇ ਨਤੀਜੇ ਵਜੋਂ ਅਕਸਰ ਸਰਹੱਦ 'ਤੇ ਸ਼ਰਨ ਅਰਜ਼ੀਆਂ ਵਿੱਚ ਵਾਧਾ ਹੁੰਦਾ ਹੈ। ਇਹ ਪੈਟਰਨ ਹਾਲ ਹੀ 'ਚ ਅਮਰੀਕਾ ਵਿੱਚ ਭਾਰਤੀਆਂ ਵੱਲੋਂ ਸ਼ਰਨ ਅਰਜ਼ੀਆਂ ਵਿੱਚ ਹੋਏ ਵਾਧੇ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ।

**ਕੈਨੇਡਾ, ਯੂ.ਕੇ. ਤੇ ਆਸਟ੍ਰੇਲੀਆ 'ਚ ਵੀ ਵਧੀਆਂ ਅਰਜ਼ੀਆਂ**

ਹਾਲਾਂਕਿ ਬੁੱਦੀਮਨ ਤੇ ਕਪੂਰ ਨੇ ਕਿਹਾ ਕਿ ਸ਼ਰਨ ਬੇਨਤੀਆਂ ਵਿੱਚ ਮਹੱਤਵਪੂਰਨ ਵਾਧੇ ਦੇ ਬਾਵਜੂਦ ਸਭ ਤੋਂ ਤਾਜ਼ੇ ਅਧਿਕਾਰਤ ਅੰਕੜੇ ਅਮਰੀਕਾ ਵਿੱਚ ਅਣਅਧਿਕਾਰਤ ਭਾਰਤੀ ਆਬਾਦੀ ਵਿੱਚ ਯੋਜਨਾਬੱਧ ਵਾਧੇ ਦਾ ਸਬੂਤ ਦਿੰਦੇ ਹਨ। ਨਾ ਸਿਰਫ਼ ਅਮਰੀਕਾ ਸਗੋਂ ਕੈਨੇਡਾ, ਯੂ.ਕੇ. ਤੇ ਆਸਟ੍ਰੇਲੀਆ 'ਚ ਵੀ ਕੋਵਿਡ-19 ਦੇ ਪ੍ਰਕੋਪ ਤੋਂ ਬਾਅਦ ਵਿਸ਼ਵਵਿਆਪੀ ਤਾਲਾਬੰਦੀ ਕਾਰਨ ਗਿਰਾਵਟ ਤੋਂ ਬਾਅਦ 2021 ਤੋਂ ਭਾਰਤ ਤੋਂ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।

ਖੋਜਕਾਰਾਂ ਦਾ ਕਹਿਣਾ ਹੈ ਕਿ ਹਾਲਾਂਕਿ ਸ਼ਰਨ ਬੇਨਤੀਆਂ 'ਚ ਇਹ ਵਾਧਾ ਅਮਰੀਕਾ 'ਚ ਹੁਣ ਤੱਕ ਸਭ ਤੋਂ ਵੱਧ ਮਹੱਤਵਪੂਰਨ ਹੈ, ਇਹ ਰੁਝਾਨ ਕੈਨੇਡਾ, ਯੂਨਾਈਟਿਡ ਕਿੰਗਡਮ ਅਤੇ ਆਸਟ੍ਰੇਲੀਆ ਵਿੱਚ ਵੀ ਸਪੱਸ਼ਟ ਹੈ, ਜਿੱਥੇ ਭਾਰਤੀ ਸਾਰੇ ਸ਼ਰਨਾਰਥੀਆਂ ਦੇ ਸਭ ਤੋਂ ਵੱਡੇ ਮੂਲ ਸਮੂਹਾਂ 'ਚੋਂ ਇੱਕ ਹਨ। ਹਾਲਾਂਕਿ ਅਮਰੀਕਾ ਵਿੱਚ ਸਭ ਤੋਂ ਤੇਜ਼ ਵਾਧਾ ਹੋਇਆ ਹੈ, ਜਦਕਿ ਕੈਨੇਡਾ ਅਗਲਾ ਪਸੰਦੀਦਾ ਸਥਾਨ ਰਿਹਾ, ਜਿਥੇ 2023 'ਚ 11,500 ਭਾਰਤੀਆਂ ਨੇ ਸ਼ਰਨ ਮੰਗੀ ਸੀ।

# ਟਰੰਪ ਨੇ ਇੱਕ ਹੋਰ ਭਾਰਤੀ ਮੂਲ ਦੇ ਵਿਅਕਤੀ ਨੂੰ ਦਿੱਤੀ ਅਹਿਮ ਜ਼ਿੰਮੇਵਾਰੀ



ਕੈਲੀਫ਼ੋਰਨੀਆ/ਏ.ਟੀ.ਨਿਊਜ਼: ਡੋਨਾਲਡ ਟਰੰਪ ਪ੍ਰਸ਼ਾਸਨ ਨੇ ਭਾਰਤ-ਪਾਕਿਸਤਾਨ ਸੁਰੱਖਿਆ ਅਤੇ ਪ੍ਰਮਾਣੂ ਮੁੱਦਿਆਂ ਦੇ ਮਾਹਿਰ ਪਾਲ ਕਪੂਰ ਨੂੰ ਦੱਖਣੀ ਅਤੇ ਮੱਧ ਏਸ਼ੀਆ ਲਈ ਸਹਾਇਕ ਵਿਦੇਸ਼ ਮੰਤਰੀ ਨਿਯੁਕਤ ਕਰਨ ਲਈ ਚੁਣਿਆ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਕਪੂਰ ਦੱਖਣੀ ਏਸ਼ੀਆ ਬਿਊਰੋ ਦੀ ਨਿਗਰਾਨੀ ਕਰਨ ਵਾਲੇ ਭਾਰਤੀ ਮੂਲ ਦੇ ਦੂਜੇ ਅਮਰੀਕੀ ਡਿਪਲੋਮੈਟ ਬਣ ਜਾਣਗੇ।

ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ, 'ਕੈਲੀਫ਼ੋਰਨੀਆ ਦੇ ਪਾਲ ਕਪੂਰ ਦੱਖਣੀ ਏਸ਼ੀਆਈ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ ਹੋਣਗੇ। ਉਹ ਡੋਨਾਲਡ ਲੂ ਦੀ ਥਾਂ ਲੈਣਗੇ, ਜੋ ਜੋ ਬਾਈਡੇਨ ਪ੍ਰਸ਼ਾਸਨ ਦੌਰਾਨ ਦੱਖਣੀ ਏਸ਼ੀਆ ਬਿਊਰੋ ਦੀ ਨਿਗਰਾਨੀ ਕਰਦੇ ਸਨ।'

ਪਾਲ ਕਪੂਰ, ਅਮਰੀਕਾ-ਭਾਰਤ ਸਬੰਧਾਂ ਦੇ ਸਮਰਥਕ ਅਤੇ ਪਾਕਿਸਤਾਨ ਦੇ ਆਲੋਚਕ, ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਦੱਖਣੀ ਏਸ਼ੀਆ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੀ ਨੀਤੀ ਯੋਜਨਾ ਟੀਮ ਦਾ ਹਿੱਸਾ ਸਨ।

ਜਨਵਰੀ ਵਿੱਚ ਅਮਰੀਕੀ ਵਿਦੇਸ਼ ਵਿਭਾਗ ਨੇ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਲਈ ਸਹਾਇਕ ਵਿਦੇਸ਼ ਮੰਤਰੀ ਲੂ ਦੀ ਵਿਦਾਈ ਦੀ ਪੁਸ਼ਟੀ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਦਾ ਕਾਰਜਕਾਲ 17 ਜਨਵਰੀ, 2025 ਨੂੰ ਖ਼ਤਮ ਹੋ ਗਿਆ ਸੀ।

# ਮਸਕ ਦੇ ਵਿਭਾਗ ਨੇ ਭਾਰਤ ਨੂੰ ਦਿੱਤੇ ਜਾਂਦੇ 2.1 ਕਰੋੜ ਡਾਲਰ ਦੇ ਫੰਡ 'ਤੇ ਲਾਈ ਰੋਕ



ਨਿਊਯਾਰਕ/ਏ.ਟੀ.ਨਿਊਜ਼: ਅਰਬਪਤੀ ਐਲਨ ਮਸਕ ਦੀ ਅਗਵਾਈ ਹੇਠਲੇ ਅਮਰੀਕਾ ਦੇ ਸਰਕਾਰੀ ਸਮਰੱਥਾ ਵਿਭਾਗ (ਡੀ.ਓ.ਜੀ.ਈ.) ਨੇ ਭਾਰਤੀ ਚੋਣਾਂ 'ਚ ਵੋਟਰਾਂ ਦੀ ਸ਼ਮੂਲੀਅਤ ਵਧਾਉਣ ਲਈ ਦਿੱਤੇ ਜਾਣ ਵਾਲੇ 2.1 ਕਰੋੜ ਡਾਲਰ ਦੇ ਫੰਡ ਸਮੇਤ ਖ਼ਰਚ 'ਚ ਕਈ ਕਟੌਤੀਆਂ ਦਾ ਐਲਾਨ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਮਹੀਨੇ ਮਸਕ ਨੂੰ ਨਵੇਂ ਸਰਕਾਰੀ ਸਮਰੱਥਾ ਵਿਭਾਗ ਦਾ ਮੁਖੀ ਚੁਣਿਆ ਸੀ। ਸ਼ਾਸਨ 'ਚ ਸੁਧਾਰ ਅਤੇ ਫਜ਼ੂਲਖ਼ਰਚੀ 'ਤੇ ਰੋਕ ਲਗਾਉਣ ਲਈ ਵਿਭਾਗ ਨੇ ਪਿਛਲੇ ਦਿਨੀਂ 'ਐਕਸ' 'ਤੇ ਇੱਕ ਪੋਸਟ 'ਚ ਕਈ ਮੁਲਕਾਂ ਦੇ ਫੰਡਾਂ 'ਚ ਕਟੌਤੀ ਦਾ ਐਲਾਨ (**ਬਾਕੀ ਸਫ਼ਾ 30 'ਤੇ**)

# ਗੁਰਦੁਆਰਾ ਸਾਹਿਬ ਫ਼ਰੀਮੋਂਟ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



ਫ਼ਰੀਮੋਂਟ/ਕੈਲੀਫ਼ੋਰਨੀਆ : ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਫ਼ਰੀਮੋਂਟ ਵਿਖੇ ਮੁਕਤਸਰ ਦੀ ਜੰਗ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਮੰਚ ਸੰਭਾਲਦਿਆਂ ਪ੍ਰਵਾਨਾ ਵੱਲੋਂ ਇਤਿਹਾਸ 'ਤੇ ਰੌਸ਼ਨੀ ਪਾਈ ਗਈ ਕਿ ਧਰਮ ਯੁੱਧ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਸਿੱਖਾਂ ਵਿੱਚ ਧਰਮ ਪ੍ਰਤੀ ਸ਼ਰਧਾ ਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ ਖੁਸ਼ੀ ਅੱਗੇ ਆਉਣ ਲੱਗੇ। ਇਸ ਦੀ ਅਦਭੁੱਤ ਮਿਸਾਲ 29 ਦਸੰਬਰ 1705 ਦੀ ਮੁਕਤਸਰ ਦੀ ਜੰਗ ਵਿੱਚ ਮਿਲਦੀ ਹੈ। ਇਹ ਗੁਰੂ ਸਾਹਿਬ ਜੀ ਦੀ ਆਖਰੀ ਫੈਸਲਾਕੁੰਨ ਜੰਗ ਸੀ, ਜਿਸ ਵਿੱਚ ਔਰੰਗਜੇਬ ਦੇ ਚੰਗੇਜੀ ਰਾਜ ਦਾ ਅੰਤ ਹੋਇਆ। ਇਸ ਜੰਗ ਵਿੱਚ ਮਾਈ ਭਾਗੋ ਜੀ ਦੀ ਅਗਵਾਈ ਹੇਠ ਮਹਾਂ ਸਿੰਘ ਦਾ ਜਥਾ ਵੀ ਸ਼ਹੀਦ ਹੋਇਆ, ਜੋ ਸਿੰਘ ਅਨੰਦਪੁਰ ਤੋਂ ਗੁਰੂ ਸਾਹਿਬ ਜੀ ਤੋਂ ਵਿਛੜ ਗਏ ਸਨ। ਇਹਨਾਂ 40 ਸਿੰਘਾਂ ਦਾ ਗੁਰੂ ਸਾਹਿਬ ਜੀ ਨੇ ਸਸਕਾਰ ਕੀਤਾ ਅਤੇ ਬਚਨ ਕੀਤਾ ਕਿ ਇਹ 40 ਸਿੰਘ ਹੁਣ ਚਾਲੀ ਮੁਕਤੇ ਹਨ। ਜੰਗ ਦੇ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਇਸ ਨਗਰ ਦੀ ਧਰਤੀ ਸ਼ਹਾਦਤ ਦੀ ਲਾਸਾਨੀ ਦਾਸਤਾਨ ਪੇਸ਼ ਕਰਦੀ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਸਥਾਨਕ ਕਵੀ ਠਾਕੁਰ ਸਿੰਘ, ਤਰਸੇਮ ਸਿੰਘ ਸੁਮੰਨ, ਤਰਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫ਼ਰੀਮੋਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਸਨ। ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਮਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤ ਅਤੇ ਕੈਨੇਡਾ ਵਿਚਕਾਰ ਰਾਜਨੀਤਿਕ ਤਣਾਅ ਦੇ ਬਾਵਜੂਦ ਕੈਨੇਡਾ ’ਚ 3.74 ਲੱਖ ਭਾਰਤੀ ਹੋਏ ਪੱਕੇ



ਟੋਰਾਂਟੋ/ਏ.ਟੀ.ਨਿਊਜ਼ : ਭਾਰਤ ਅਤੇ ਕੈਨੇਡਾ ਵਿਚਕਾਰ ਰਾਜਨੀਤਿਕ ਤਣਾਅ ਦੇ ਬਾਵਜੂਦ, ਇੱਕ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਦੀ ਸਾਲਾਨਾ ਇਮੀਗ੍ਰੇਸ਼ਨ ਰਿਪੋਰਟ ਦੇ ਅਨੁਸਾਰ, 2024 ਵਿੱਚ ਭਾਰਤੀਆਂ ਨੂੰ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ। ਇਸ ਸਾਲ ਕੁੱਲ 3,74,832 ਨਵੇਂ ਨਾਗਰਿਕਾਂ ਨੂੰ ਕੈਨੇਡੀਅਨ ਨਾਗਰਿਕਤਾ ਮਿਲੀ, ਜਿਨ੍ਹਾਂ ਵਿੱਚੋਂ 23.43 ਫ਼ੀਸਦੀ ਭਾਰਤੀ ਸਨ। ਭਾਵੇਂ 2024 ਵਿੱਚ ਕੈਨੇਡੀਅਨ ਨਾਗਰਿਕਤਾ ਲੈਣ ਵਾਲੇ ਭਾਰਤੀਆਂ ਦੀ ਗਿਣਤੀ 2023 ਦੇ ਮੁਕਾਬਲੇ ਥੋੜ੍ਹੀ ਘੱਟ ਸੀ, ਪਰ ਫ਼ਿਰ ਵੀ ਉਹ ਬਾਕੀ ਸਾਰੇ ਦੇਸ਼ਾਂ ਨਾਲੋਂ ਵੱਧ ਸਨ। ਇਸ ਸਾਲ, 217 ਦੇਸ਼ਾਂ ਦੇ ਨਾਗਰਿਕਾਂ ਨੂੰ ਕੈਨੇਡੀਅਨ ਨਾਗਰਿਕਤਾ ਦਿੱਤੀ ਗਈ। ਰਿਪੋਰਟ ਅਨੁਸਾਰ, ਭਾਰਤੀਆਂ ਦੀ ਗਿਣਤੀ ਵਿੱਚ ਕਮੀ ਦਾ ਇੱਕ ਕਾਰਨ ਭਾਰਤ ਅਤੇ ਕੈਨੇਡਾ ਵਿਚਕਾਰ ਵਧਦਾ ਤਣਾਅ ਵੀ ਹੋ ਸਕਦਾ ਹੈ।

ਕਦੋਂ ਮਿਲੀ ਸਭ ਤੋਂ ਵਧੇਰੇ ਤੇ ਸਭ ਤੋਂ ਘੱਟ ਨਾਗਰਿਕਤਾ?

ਅਪ੍ਰੈਲ ਤੇ ਜੂਨ 2024 ਦੇ ਵਿਚਕਾਰ, ਸਭ ਤੋਂ ਵੱਧ ਲੋਕਾਂ 1,04,218, ਨੂੰ ਨਾਗਰਿਕਤਾ ਦਿੱਤੀ ਗਈ। ਜਦੋਂ ਕਿ ਅਕਤੂਬਰ-ਨਵੰਬਰ ਵਿੱਚ 69,593 ਲੋਕਾਂ ਨੂੰ ਨਾਗਰਿਕਤਾ ਮਿਲੀ।

ਜਨਵਰੀ-ਮਾਰਚ: 88,200 ਲੋਕ
ਅਪ੍ਰੈਲ-ਜੂਨ: 1,04,218 ਲੋਕ
ਜੁਲਾਈ-ਸਤੰਬਰ: 94,661 ਲੋਕ
ਅਕਤੂਬਰ-ਨਵੰਬਰ: 69,593 ਲੋਕ
ਦਸੰਬਰ: 18,160 ਲੋਕ ਪੱਕੇ ਹੋਏ।

ਭਾਰਤ-ਕੈਨੇਡਾ ਤਣਾਅ ਦਾ ਪਿਛੋਕੜ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2023 ਵਿੱਚ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਲਈ ਭਾਰਤ ’ਤੇ ਗੰਭੀਰ ਦੋਸ਼ ਲਗਾਏ ਸਨ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ, ਜਿਸ ਕਾਰਨ ਦੋਵਾਂ ਦੇਸ਼ਾਂ ਦੇ ਸਬੰਧ ਵਿਗੜ ਗਏ ਸਨ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇੱਕ ਦੂਜੇ ਦੇ ਡਿਪਲੋਮੈਟਾਂ ਨੂੰ ਕੱਢ ਦਿੱਤਾ। ਟਰੂਡੋ ਨੇ ਬਾਅਦ ਵਿੱਚ ਇੱਕ ਜਾਂਚ ਕਮਿਸ਼ਨ ਸਾਹਮਣੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਕੋਲ ਭਾਰਤ ਵਿਰੁੱਧ ਕੋਈ ਠੋਸ ਸਬੂਤ ਨਹੀਂ ਹਨ। ਉਸਨੇ ਇਹ ਵੀ ਮੰਨਿਆ ਕਿ ਉਸਦੇ ਦੁਆਰਾ ਲਗਾਏ ਗਏ ਦੋਸ਼ ਸਿਰਫ਼ ਖੁਫ਼ੀਆ ਜਾਣਕਾਰੀ ’ਤੇ ਅਧਾਰਤ ਸਨ ਨਾ ਕਿ ਸਾਬਤ ਹੋਏ ਤੱਥਾਂ ’ਤੇ।

# ਸਰਹੱਦੀ ਗਾਰਡ ਅਸਥਾਈ ਵੀਜ਼ਾ ਰੱਦ ਕਰਨ ਦੇ ਯੋਗ: ਕੈਨੇਡਾ

## ਗੁੰਮ, ਚੋਰੀ ਜਾਂ ਨਸ਼ਟ ਹੋਏ ਦਸਤਾਵੇਜ਼ ਵੀ ਰੱਦ ਕਰ ਸਕਦੇ ਹਨ ਸਰਹੱਦੀ ਗਾਰਡ




ਟੋਰਂਟੋ/ਏ.ਟੀ.ਨਿਊਜ਼: ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੁਆਰਾ ਇੱਕ ਨੋਟਿਸ ਜਾਰੀ ਕਰ ਕੇ ਸਰਹੱਦੀ ਗਾਰਡਾਂ ਨੂੰ ਕੁਝ ਖਾਸ ਹਾਲਾਤਾਂ ਵਿੱਚ ਅਸਥਾਈ ਨਿਵਾਸੀ ਵੀਜ਼ਾ ਅਤੇ ਇਲੈਕਟ੍ਰਾਨਿਕ ਯਾਤਰਾ ਦਸਤਾਵੇਜ਼ਾਂ ਨੂੰ ਰੱਦ ਕਰਨ ਦਾ ‘ਸਪੱਸ਼ਟ’ ਅਧਿਕਾਰ ਦਿੱਤਾ ਗਿਆ ਹੈ। ਉਂਝ ਤਾਂ ਸਰਹੱਦੀ ਗਾਰਡ ਹਮੇਸ਼ਾ ਲੋਕਾਂ ਨੂੰ ਵਾਪਸ ਭੇਜਣ ਦੇ ਯੋਗ ਰਹੇ ਹਨ। ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਕੈਨੇਡਾ ਵਿੱਚ ਉਨ੍ਹਾਂ ਦੇ ਨਿਰਧਾਰਤ ਸਮੇਂ ਤੋਂ ਵੱਧ ਸਮਾਂ ਰਹੇਗਾ ਤਾਂ ਉਹ ਲੋਕਾਂ ਨੂੰ ਵਾਪਸ ਭੇਜ ਸਕਦੇ ਹਨ।

ਪਿਛਲੇ ਦਿਨੀਂ ਪ੍ਰਕਾਸ਼ਿਤ ਇਹ ਨੋਟਿਸ ਇਹ ਆਦੇਸ਼ ‘ਸਪੱਸ਼ਟ’ ਕਰਨ ਲਈ ਹੀ ਹੈ ਕਿ ਸਰਹੱਦੀ ਗਾਰਡ ਇਸ ਕਾਰਨ ਕਰਕੇ ਅਸਥਾਈ ਵੀਜ਼ਾ ਰੱਦ ਕਰਨ ਦੇ ਯੋਗ ਹਨ। ਸਰਹੱਦੀ ਅਤੇ ਇਮੀਗ੍ਰੇਸ਼ਨ ਅਧਿਕਾਰੀ ਹੁਣ ਦਸਤਾਵੇਜ਼ਾਂ ਨੂੰ ਵੀ ਰੱਦ ਕਰਨ ਦੇ ਯੋਗ ਹਨ, ਜੇਕਰ ਕੋਈ ਧਾਰਕ ਕੈਨੇਡਾ ਲਈ ਅਯੋਗ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਉਹ ਗੁੰਮ, ਚੋਰੀ ਜਾਂ ਨਸ਼ਟ ਹੋਏ ਦਸਤਾਵੇਜ਼ ਵੀ ਰੱਦ ਕਰ ਸਕਦੇ ਹਨ।

ਇਮੀਗ੍ਰੇਸ਼ਨ ਮਾਹਰ ਇਸ ਤਬਦੀਲੀ ਨੂੰ ਸਰਹੱਦੀ ਗਾਰਡਾਂ ਦੀਆਂ ਸ਼ਕਤੀਆਂ ਦੇ ਸਪੱਸ਼ਟੀਕਰਨ ਵਜੋਂ ਵੇਖਦੇ ਹਨ। ਦੱਸ ਦਈਏ ਕਿ ਕੈਨੇਡਾ ਆਉਣ ਵਾਲੇ ਸੈਲਾਨੀਆਂ, ਵਿਦਿਆਰਥੀਆਂ ਅਤੇ ਕਾਮਿਆਂ ਨੂੰ ਅਸਥਾਈ ਨਿਵਾਸੀ ਵੀਜ਼ੇ ਜਾਰੀ ਕੀਤੇ ਜਾਂਦੇ ਹਨ, ਜੋ ਦੇਸ਼ ਵਿੱਚ ਦਾਖਲੇ ਦੀ ਗਰੰਟੀ ਨਹੀਂ ਦਿੰਦੇ। ਇਮੀਗ੍ਰੇਸ਼ਨ ਅਤੇ ਸਰਹੱਦੀ ਅਧਿਕਾਰੀ ਇਨ੍ਹਾਂ ਦਸਤਾਵੇਜ਼ਾਂ ਨੂੰ ਰੱਦ ਕਰਨ ਦੇ ਯੋਗ ਵੀ ਹਨ ਜੇਕਰ ਕੋਈ ਧਾਰਕ ਸਥਾਈ ਨਿਵਾਸੀ ਬਣ ਜਾਂਦਾ ਹੈ, ਮਰ ਜਾਂਦਾ ਹੈ ਜਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਇਹ ਵੀਜ਼ਾ ਕਿਸੇ ਪ੍ਰਸ਼ਾਸਕੀ ਗਲਤੀ ਦੁਆਰਾ ਜਾਰੀ ਕੀਤਾ ਗਿਆ ਸੀ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੇ ਦਫ਼ਤਰ ਦੇ ਇੱਕ ਅਧਿਕਾਰੀ ਦਾ ਕਹਿਣਾ ਹੈ ਕਿ ਹਾਲ ਹੀ ਵਿੱਚ ਕੀਤੇ ਗਏ ਬਦਲਾਅ ਅਸਥਾਈ ਵੀਜ਼ਿਆਂ ਨੂੰ ਹਟਾਉਣ ਵਿੱਚ ਮਦਦ ਕਰਨਗੇ ਜੋ ਫੈਡਰਲ ਸਰਕਾਰ ਦੁਆਰਾ ਮੌਜੂਦਾ ਵੀਜ਼ਿਆਂ ਦੀ ਸੂਚੀ ਬਣਾਉਣ ’ਤੇ ਬੇਲੋੜੇ ਹੋ ਗਏ ਹਨ। ਉਨ੍ਹਾਂ ਨੇ ਕਿਹਾ ਕਿ ਉਦਾਹਰਣ ਵਜੋਂ ਜੇਕਰ ਕੋਈ ਕੈਨੇਡਾ ਵਿੱਚ ਕੰਮ ਦਾ ਵੀਜ਼ਾ ਲੈ ਕੇ ਆਉਂਦਾ ਹੈ, ਪਰ ਬਾਅਦ ਵਿੱਚ ਸਥਾਈ ਨਿਵਾਸੀ ਬਣ ਜਾਂਦਾ ਹੈ, ਤਾਂ ਉਸ ਦਾ ਵੀਜ਼ਾ ਅਜੇ ਵੀ ਕਿਰਿਆਸ਼ੀਲ ਮੰਨਿਆ ਜਾ ਸਕਦਾ ਹੈ, ਜੇਕਰ ਇਸ ਨੂੰ ਰੱਦ ਨਹੀਂ ਕੀਤਾ ਜਾਂਦਾ। ਇਹ ਸਰਕਾਰ ਦੀ ਵਿਆਪਕ ਇਮੀਗ੍ਰੇਸ਼ਨ ਯੋਜਨਾ ਦਾ ਹਿੱਸਾ ਹੈ, ਜਿਸ ਵਿੱਚ ਅਗਲੇ ਦੋ ਸਾਲਾਂ ਵਿੱਚ ਜਾਰੀ ਕੀਤੇ ਜਾ ਰਹੇ ਅਸਥਾਈ ਵੀਜ਼ਿਆਂ ਦੀ ਗਿਣਤੀ ਨੂੰ ਸੀਮਤ ਕਰਨਾ ਸ਼ਾਮਲ ਹੈ।

# ਨਵਦੀਪ ਕੌਰ ਨੇ ਜਿੱਤਿਆ ‘ਮਿਸ ਪੰਜਾਬਣ ਆਸਟਰੀਆ-2025’ ਦਾ ਖ਼ਿਤਾਬ



ਮਿਲਾਨ/ਏ.ਟੀ.ਨਿਊਜ਼: ਆਸਟਰੀਆ ਦੇ ਸ਼ਹਿਰ ਵਿਆਨਾ ਵਿਖੇ ਕਰਵਾਏ ਗਏ ਬਹੁਪੱਖੀ ਸੁੰਦਰਤਾ ਮੁਕਾਬਲੇ ਦੌਰਾਨ ਫਾਈਨਲ ਮੁਕਾਬਲੇ ’ਚ ‘ਮਿਸ ਪੰਜਾਬਣ ਆਸਟਰੀਆ’ ਦਾ ਖਿਤਾਬ ਨਵਦੀਪ ਕੌਰ ਨੇ ਜਿੱਤ ਲਿਆ ਅਤੇ ਬਲਜਿੰਦਰ ਕੌਰ ‘ਮਿਸਿਜ਼ ਪੰਜਾਬਣ ਆਸਟਰੀਆ’ ਐਲਾਨੀ ਗਈ। ਲੜਕੀਆਂ ਦੇ ਗਿਆਨ, ਸੁੰਦਰਤਾ ਤੇ ਵੱਖ-ਵੱਖ ਗੁਣਾਂ ’ਤੇ ਆਧਾਰਿਤ ਕਰਵਾਏ ਗਏ ਇਸ ਮੁਕਾਬਲੇ ਦੌਰਾਨ ਪੂਰੇ ਆਸਟਰੀਆ ਤੋਂ ਵੱਡੀ ਗਿਣਤੀ ਵਿੱਚ ਪੰਜਾਬਣਾਂ ਨੇ ਭਾਗ ਲਿਆ।

ਸਿੰਘ ਡਿਜੀਟਲ ਹਾਊਸ ਦੇ ਫਾਊਂਡਰ ਰਣਜੀਤ ਸਿੰਘ ਧਾਲੀਵਾਲ ਅਤੇ ਚੀਫ ਡਾਇਰੈਕਟਰ ਮਨਦੀਪ ਸਿੰਘ ਸੈਣੀ ਵੱਲੋਂ ਸਹਿਯੋਗੀਆਂ ਦੇ ਵਡਮੁੱਲੇ ਸਹਿਯੋਗ ਨਾਲ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਦੌਰਾਨ ਮਿਸਿਜ਼ ਕੈਟਾਗਰੀ ਵਿੱਚ ਨੀਤੂ ਸ਼ਰਮਾ ਫਸਟ ਰਨਰਅੱਪ ਰਹੀ ਤੇ ਸੋਨਿਕਾ ਬਲ ਅਤੇ ਰਜਨੀ ਸਹੋਤਾ ਸੈਕਿੰਡ ਰਨਰਅੱਪ ਰਹੀਆਂ।

## ਮੋਦੀ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਨਾਲ ਕੀਤੀ ਮੁਲਾਕਾਤ

# ਵੱਡੇ ਵਪਾਰਕ ਸਮਝੌਤਿਆਂ ’ਤੇ ਕੰਮ ਲਈ ਭਾਰਤ ਅਤੇ ਅਮਰੀਕਾ ’ਚ ਹੋਈ ਦੁਵੱਲੀ ਗੱਲਬਾਤ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਮਗਰੋਂ ਐਲਾਨ ਕੀਤਾ ਕਿ ਭਾਰਤ ਅਮਰੀਕਾ ਤੋਂ ਵਧੇਰੇ ਤੇਲ, ਗੈਸ ਅਤੇ 6-35 ਲੜਾਕੂ ਜਹਾਜ਼ਾਂ ਸਣੇ ਫ਼ੌਜੀ ਸਾਜ਼ੋ ਸਾਮਾਨ ਖਰੀਦੇਗਾ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਐਲਾਨ ਕੀਤਾ ਕਿ ਭਾਰਤ ਵਪਾਰਕ ਘਾਟੇ ਨੂੰ ਘਟਾਉਣ ਲਈ ਅਮਰੀਕਾ ਤੋਂ ਹੋਰ ਤੇਲ, ਗੈਸ ਅਤੇ 6-35 ਲੜਾਕੂ ਜਹਾਜ਼ਾਂ ਸਣੇ ਫੌਜੀ ਹਾਰਡਵੇਅਰ ਖਰੀਦੇਗਾ। ਟਰੰਪ ਨੇ ਹਾਲਾਂਕਿ ਜ਼ੋਰ ਦੇ ਕੇ ਆਖਿਆ ਕਿ ਵਾਸ਼ਿੰਗਟਨ ਨਵੀਂ ਦਿੱਲੀ ਨੂੰ ਪਰਸਪਰ ਟੈਰਿਫ ਤੋਂ ਨਹੀਂ ਬਖਸ਼ੇਗਾ।

ਟਰੰਪ ਨੇ ਪਿਛਲੇ ਦਿਨੀਂ ਵ੍ਹਾਈਟ ਹਾਊਸ ਸਥਿਤ ਆਪਣੇ ਓਵਲ ਦਫ਼ਤਰ ਵਿੱਚ ਮੋਦੀ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਅੱਗੇ ਹੋ ਕੇ ਹੱਥ ਮਿਲਾਇਆ ਤੇ ਪ੍ਰਧਾਨ ਮੰਤਰੀ ਨੂੰ ‘ਮਹਾਨ ਦੋਸਤ’ ਤੇ ‘ਸ਼ਾਨਦਾਰ’ ਆਦਮੀ ਦੱਸਿਆ।

ਅਮਰੀਕੀ ਰਾਸ਼ਟਰਪਤੀ ਨੇ ਗੱਲਬਾਤ ਤੋਂ ਬਾਅਦ ਭਾਰਤੀ ਪ੍ਰਧਾਨ ਮੰਤਰੀ ਨਾਲ ਇੱਕ ਸਾਂਝੀ ਮੀਡੀਆ ਬ੍ਰੀਫਿੰਗ ਵਿੱਚ ਕਿਹਾ ਕਿ ਦੋਵੇਂ ਧਿਰਾਂ ਜਲਦੀ ਹੀ ਇੱਕ ਵੱਡਾ ਵਪਾਰਕ ਸਮਝੌਤਾ ਕਰਨ ਬਾਰੇ ਵਿਚਾਰ ਕਰ ਰਹੀਆਂ ਹਨ। ਟਰੰਪ ਨੇ ਭਾਰਤ ਵੱਲੋਂ ਕੁਝ ਅਮਰੀਕੀ ਉਤਪਾਦਾਂ ’ਤੇ ਲਗਾਈਆਂ ਗਈਆਂ ਦਰਾਮਦ ਡਿਊਟੀਆਂ ਨੂੰ ‘ਬਹੁਤ ਹੀ ਗੈਰਵਾਜਬ’ ਅਤੇ ‘ਸਖ਼ਤ’ ਦੱਸਿਆ।

ਟਰੰਪ ਨੇ ਕਿਹਾ, “ਭਾਰਤ ਜੋ ਵੀ ਟੈਕਸ ਲਾਏਗਾ, ਅਸੀਂ ਉਨ੍ਹਾਂ ਤੋਂ ਟੈਕਸ ਲਵਾਂਗੇ।” ਅਮਰੀਕੀ ਸਦਰ ਨੇ ਕਿਹਾ, “ਅਸੀਂ ਭਾਰਤ ਨਾਲ ਪਰਸਪਰ ਵਿਵਹਾਰ ਕਰ ਰਹੇ ਹਾਂ।” ਮੋਦੀ-ਟਰੰਪ ਦੀ ਇਹ ਮੁਲਾਕਾਤ ਅਮਰੀਕਾ ਵੱਲੋਂ ਸਾਰੇ ਵਪਾਰਕ ਭਾਈਵਾਲਾਂ ਲਈ ਇੱਕ ਨਵੀਂ ਪਰਸਪਰ ਟੈਰਿਫ ਨੀਤੀ ਐਲਾਨੇ ਜਾਣ ਤੋਂ ਕੁਝ ਘੰਟੇ ਬਾਅਦ ਹੋਈ।

ਟਰੰਪ ਨੇ ਆਪਣੀਆਂ ਟਿੱਪਣੀਆਂ ਵਿੱਚ ਕਿਹਾ ਕਿ ਉਹ ਅਤੇ ਪ੍ਰਧਾਨ ਮੰਤਰੀ ਮੋਦੀ ਇੱਕ ਸਮਝੌਤੇ ’ਤੇ ਪਹੁੰਚੇ ਹਨ ਜੋ ਸੰਭਾਵੀ ਤੌਰ ’ਤੇ ਅਮਰੀਕਾ ਨੂੰ ਭਾਰਤ ਨੂੰ ਤੇਲ ਅਤੇ ਗੈਸ ਦਾ ‘ਨੰਬਰ ਇੱਕ ਸਪਲਾਇਰ’ ਬਣਾ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇਹ ਭਾਰਤ ਨਾਲ ਅਮਰੀਕਾ ਦੇ ਵਪਾਰਕ ਘਾਟੇ ਨੂੰ ਘਟਾਉਣ ਦੇ ਉਪਰਾਲਿਆਂ ਦਾ ਹਿੱਸਾ ਹੈ ਜੋ ਕਿ ਕਰੀਬ 45 ਬਿਲੀਅਨ ਅਮਰੀਕੀ ਡਾਲਰ ਹੈ।

ਟਰੰਪ ਨੇ ਇਹ ਐਲਾਨ ਵੀ ਕੀਤਾ ਕਿ ਭਾਰਤ ਅਤੇ ਅਮਰੀਕਾ ਦੁਨੀਆਂ ਭਰ ਵਿੱਚ ਕੱਟੜਪੰਥੀ ਇਸਲਾਮੀ ਅਤਿਵਾਦ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਇਕੱਠੇ ਕੰਮ ਕਰਨਗੇ, ਜੋ ‘ਪਹਿਲਾਂ ਕਦੇ ਨਹੀਂ ਹੋਇਆ।’ ਟਰੰਪ ਨੇ 26/11 ਮੁੰਬਈ ਹਮਲੇ ਦੇ ਸਾਜ਼ਿਸ਼ਕਰਤਾ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਦਾ ਹਵਾਲਾ ਦਿੰਦੇ ਹੋਏ ਕਿਹਾ, “ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮੇਰੇ ਪ੍ਰਸ਼ਾਸਨ ਨੇ ਦੁਨੀਆਂ ਦੇ ਸਭ ਤੋਂ ਬੁਰੇ ਲੋਕਾਂ ਵਿੱਚੋਂ ਇੱਕ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ।”

ਰਾਣਾ, ਜੋ ਇਸ ਸਮੇਂ ਲਾਸ ਏਂਜਲਸ ਦੇ ਇੱਕ ਮੈਟਰੋਪੋਲੀਟਨ ਹਿਰਾਸਤ ਕੇਂਦਰ ਵਿੱਚ ਨਜ਼ਰਬੰਦ ਹੈ, ਨੂੰ ਪਾਕਿਸਤਾਨੀ-ਅਮਰੀਕੀ ਅਤਿਵਾਦੀ ਡੇਵਿਡ ਕੋਲਮੈਨ ਹੈਡਲੀ ਨਾਲ ਜੋੜਿਆ ਜਾਂਦਾ ਹੈ, ਜੋ ਕਿ 26/11 ਅਤਿਵਾਦੀ ਹਮਲੇ ਦੇ ਮੁੱਖ ਸਾਜ਼ਿਸ਼ਕਾਰਾਂ ਵਿੱਚੋਂ ਇੱਕ ਹੈ। ਟਰੰਪ ਨੇ ਕਿਹਾ, “ਉਹ ਨਿਆਂ ਦਾ ਸਾਹਮਣਾ ਕਰਨ ਲਈ ਭਾਰਤ ਵਾਪਸ ਜਾ ਰਿਹਾ ਹੈ, ਟਰੰਪ ਨੇ ਕਿਹਾ,“ਅਸੀਂ ਉਸ ਨੂੰ ਫੌਰੀ ਭਾਰਤ ਵਾਪਸ ਭੇਜ ਰਹੇ ਹਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਹਵਾਲਗੀਆਂ ਵੀ ਹੋ ਸਕਦੀਆਂ ਹਨ ਕਿਉਂਕਿ ਸਾਡੇ ਕੋਲ (ਨਵੀਂ ਦਿੱਲੀ ਤੋਂ) ਕਾਫ਼ੀ ਬੇਨਤੀਆਂ ਹਨ।” ਅਮਰੀਕੀ ਰਾਸ਼ਟਰਪਤੀ ਨੇ ਸਿਵਲ-ਪ੍ਰਮਾਣੂ ਊਰਜਾ ਖੇਤਰ ਵਿੱਚ ਭਾਰਤ-ਅਮਰੀਕਾ ਸਹਿਯੋਗ ਵਿੱਚ ਸਕਾਰਾਤਮਕ ਰਫ਼ਤਾਰ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ, “ਭਾਰਤੀ ਬਾਜ਼ਾਰ ਵਿੱਚ ਅਮਰੀਕੀ ਪ੍ਰਮਾਣੂ ਤਕਨਾਲੋਜੀ ਦਾ ਸਵਾਗਤ ਕਰਨ ਲਈ ਭਾਰਤ ਕਾਨੂੰਨਾਂ ਵਿੱਚ ਵੀ ਸੁਧਾਰ ਕਰ ਰਿਹਾ ਹੈ।” ਉਧਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਸਹਿਯੋਗ ਇੱਕ ਬਿਹਤਰ ਦੁਨੀਆ ਨੂੰ ਆਕਾਰ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਅਗਲੇ ਦਹਾਕੇ ਲਈ ਇੱਕ ਰੱਖਿਆ ਸਹਿਯੋਗ ਢਾਂਚਾ ਤਿਆਰ ਕੀਤਾ ਜਾਵੇਗਾ। ਸ੍ਰੀ ਮੋਦੀ ਨੇ ਕਿਹਾ, “ਇੱਕ ਗੱਲ ਜਿਸ ਦੀ ਮੈਂ ਦਿਲੋਂ ਕਦਰ ਕਰਦਾ ਹਾਂ, ਅਤੇ ਮੈਂ ਰਾਸ਼ਟਰਪਤੀ ਟਰੰਪ ਤੋਂ ਸਿੱਖਦਾ ਹਾਂ, ਉਹ

(ਬਾਕੀ ਸਫ਼ਾ 30 ’ਤੇ)

# ਰੂਸ ਤੇ ਯੂਕ੍ਰੇਨ ਵਿਚਾਲੇ ਖ਼ਤਮ ਹੋ ਸਕਦੀ ਹੈ ਜੰਗ !

## ਅਮਰੀਕਾ ਅਤੇ ਰੂਸ ਦੇ ਅਧਿਕਾਰੀਆਂ ਵਿਚਾਲੇ ਬਣੀ ਸਹਿਮਤੀ

ਰਿਆਧ/ਏ.ਟੀ.ਨਿਊਜ਼: ਰੂਸ ਅਤੇ ਅਮਰੀਕਾ ਦੇ ਸਿਖਰਲੇ ਅਧਿਕਾਰੀਆਂ ਨੇ ਸਾਊਦੀ ਅਰਬ ਵਿੱਚ ਮੁਲਾਕਾਤ ਕੀਤੀ ਅਤੇ ਯੂਕ੍ਰੇਨ ਵਿੱਚ ਜੰਗਬੰਦੀ ਤੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਗੱਲਬਾਤ ਸ਼ੁਰੂ ਕੀਤੀ। ਰਿਆਧ ਦੇ ਦੀਰਿਆਹ ਪੈਲੇਸ ਵਿੱਚ ਹੋਈ ਇਹ ਮੀਟਿੰਗ ਟਰੰਪ ਪ੍ਰਸ਼ਾਸਨ ਵੱਲੋਂ ਰੂਸ ਨੂੰ ਵੱਖ ਕਰਨ ਦੀ ਅਮਰੀਕੀ ਨੀਤੀ ਬਦਲਣ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹੈ ਅਤੇ ਇਸ ਦਾ ਉਦੇਸ਼ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਾਲੇ ਮੀਟਿੰਗ ਦਾ ਰਾਹ ਪੱਧਰਾ ਕਰਨਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਟਰੰਪ ਨੇ ਯੂਕ੍ਰੇਨ ਤੇ ਰੂਸ ਪ੍ਰਤੀ ਅਮਰੀਕੀ ਨੀਤੀ ਨੂੰ ਇਹ ਕਹਿ ਕੇ ਬਦਲ ਦਿੱਤਾ ਸੀ ਕਿ ਉਹ ਤੇ ਪੂਤਿਨ ਜੰਗ ਨੂੰ ਖ਼ਤਮ ਕਰਨ ਲਈ ਗੱਲਬਾਤ ਸ਼ੁਰੂ ਕਰਨ ’ਤੇ ਸਹਿਮਤ ਹੋ ਗਏ ਹਨ। ਯੂਕ੍ਰੇਨ ਅਧਿਕਾਰੀਆਂ ਨੇ ਮੀਟਿੰਗ ਵਿੱਚ ਹਿੱਸਾ ਨਹੀਂ ਲਿਆ ਤੇ ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਕਿਹਾ ਸੀ ਕਿ ਜੇਕਰ ਕੀਵ ਮੀਟਿੰਗ ਵਿੱਚ ਹਿੱਸਾ ਨਹੀਂ ਲੈਂਦਾ ਤਾਂ ਉਨ੍ਹਾਂ ਦਾ ਦੇਸ਼ ਫੈਸਲੇ ਨੂੰ ਸਵੀਕਾਰ ਨਹੀਂ ਕਰੇਗਾ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਤੇ ਪੂਤਿਨ ਦੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਯੂਰੀ ਉਸ਼ਾਕੋਵ ਪਿਛਲੇ ਦਿਨੀਂ ਰਾਤ ਨੂੰ ਸਾਊਦੀ ਪੁੱਜੇ। ਯੂਕ੍ਰੇਨ ਨੂੰ ਲਾਂਭੇ ਰੱਖਦਿਆਂ ਹੋਈ ਇਸ ਮੀਟਿੰਗ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਤੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਇਹ ਮੀਟਿੰਗ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਉਤੇ ਜੰਮੀ ਬਰਫ਼ ਨੂੰ ਪਿਘਲਾਉਣ ’ਤੇ ਕੇਂਦ੍ਰਿਤ ਹੋਣ ਦੀ ਉਮੀਦ ਕੀਤੀ ਜਾ ਰਹੀ ਸੀ, ਜਿਨ੍ਹਾਂ ਦੇ ਸਬੰਧ ਯੂਕ੍ਰੇਨ ਜੰਗ ਕਾਰਨ ਦਹਾਕਿਆਂ ਵਿੱਚ ਆਪਣੇ ਸਭ ਤੋਂ ਹੇਠਲੇ ਪੱਧਰ ’ਤੇ ਆ ਗਏ ਹਨ।



ਮੀਟਿੰਗ ਤੋਂ ਬਾਅਦ ਰੂਬੀਓ ਨੇ ਕਿਹਾ ਕਿ ਦੋਵੇਂ ਧਿਰਾਂ ਵਾਸ਼ਿੰਗਟਨ ਅਤੇ ਮਾਸਕੋ ਵਿੱਚ ਆਪੋ-ਆਪਣੇ ਸਫ਼ਾਰਤਖ਼ਾਨਿਆਂ ਵਿੱਚ ਅਮਲੇ ਨੂੰ ਬਹਾਲ ਕਰਨ ਲਈ ਸਹਿਮਤ ਹੋਈਆਂ ਹਨ ਤਾਂ ਜੋ ਯੂਕ੍ਰੇਨ ਸ਼ਾਂਤੀ ਵਾਰਤਾ, ਦੁਵੱਲੇ ਸਬੰਧਾਂ ਅਤੇ ਸਹਿਯੋਗ ਨੂੰ ਵਧੇਰੇ ਵਿਆਪਕ ਤੌਰ ’ਤੇ ਸਮਰਥਨ ਦੇਣ ਲਈ ਮਿਸ਼ਨ ਬਣਾਏ ਜਾ ਸਕਣ। ਦੋਵੇਂ ਦੂਤਾਵਾਸ ਕਈ ਸਾਲਾਂ ਦੌਰਾਨ ਵੱਡੀ ਗਿਣਤੀ ਵਿੱਚ ਡਿਪਲੋਮੈਟਾਂ ਨੂੰ ਕੱਢੇ ਜਾਣ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਸ ਦੌਰਾਨ ਯੂਕ੍ਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਨੇ ਆਪਣਾ ਇਸ ਹਫਤੇ ਦਾ ਸਾਊਦੀ ਅਰਬ ਦਾ ਦੌਰਾ ਮੁਲਤਵੀ ਕਰ ਦਿੱਤਾ ਹੈ।

# ਭਾਰਤ ਨੂੰ ਵਿੱਤੀ ਸਹਾਇਤਾ ਦੀ ਲੋੜ ਨਹੀਂ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਰਬਪਤੀ ਐਲਨ ਮਸਕ ਦੀ ਅਗਵਾਈ ਹੇਠਲੇ ਯੂ.ਐਸ. ਡਿਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸ਼ੀਐਂਸੀ ਵੱਲੋਂ ਭਾਰਤ ਵਿੱਚ ਵੋਟਰ ਟਰਨਆਊਟ ਲਈ ਅਲਾਟ ਕੀਤੇ ਗਏ 21 ਮਿਲੀਅਨ ਡਾਲਰ ਸਮੇਤ ਖਰਚਿਆਂ ਵਿੱਚ ਕਟੌਤੀ ਦਾ ਐਲਾਨ ਕਰਨ ਤੋਂ ਕੁਝ ਦਿਨ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਨੂੰ ਆਪਣੀ ਵਧਦੀ ਆਰਥਿਕਤਾ ਅਤੇ ਉੱਚ ਟੈਕਸ ਦਰਾਂ ਦੇ ਨਾਲ ਅਜਿਹੀ ਵਿੱਤੀ ਸਹਾਇਤਾ ਦੀ ਲੋੜ ਨਹੀਂ ਹੈ।



ਟਰੰਪ ਨੇ ਕਿਹਾ ਕਿ ਅਸੀਂ ਭਾਰਤ ਨੂੰ 21 ਮਿਲੀਅਨ ਡਾਲਰ ਕਿਉਂ ਦੇ ਰਹੇ ਹਾਂ? ਉਨ੍ਹਾਂ ਕੋਲ ਬਹੁਤ ਜ਼ਿਆਦਾ ਪੈਸਾ ਹੈ। ਸਾਡੇ ਪੱਖੋਂ ਉਹ ਦੁਨੀਆਂ ਦੇ ਸਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਵਿੱਚੋਂ ਇੱਕ ਹਨ, ਅਸੀਂ ਮੁਸ਼ਕਿਲ ਨਾਲ ਉੱਥੇ ਜਾ ਸਕਦੇ ਹਾਂ ਕਿਉਂਕਿ ਉਨ੍ਹਾਂ ਦੇ ਟੈਰਿਫ਼ ਬਹੁਤ ਜ਼ਿਆਦਾ ਹਨ। ਮੈਂ ਭਾਰਤ ਅਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਦਾ ਸਤਿਕਾਰ ਕਰਦਾ ਹਾਂ, ਪਰ ਵੋਟਰ ਟਰਨਆਊਟ ਲਈ ਅਸੀਂ 21 ਮਿਲੀਅਨ ਡਾਲਰ ਦੇ ਰਹੇ ਹਾਂ?”

ਟਰੰਪ ਨੇ ਪਿਛਲੇ ਮਹੀਨੇ ਮਸਕ ਨੂੰ ਨਵੇਂ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸ਼ੀਐਂਸੀ (4+75) ਦਾ ਮੁਖੀ ਚੁਣਿਆ ਸੀ। ਸ਼ਾਸਨ ਵਿੱਚ ਸੁਧਾਰ ਕਰਨ ਅਤੇ ਵਾਧੂ ਖਰਚਿਆਂ ਨੂੰ ਰੋਕਣ ਦੇ ਕੰਮ ਵਿੱਚ, 4+75 ਨੇ 15 ਫ਼ਰਵਰੀ ਨੂੰ ‘ਐਕਸ’ ਨੂੰ ਇੱਕ ਪੋਸਟ ਵਿੱਚ ਟੈਕਸਦਾਤਾਵਾਂ ਦੇ ਕਰੋੜਾਂ ਡਾਲਰਾਂ ਦੀ ਲਾਗਤ ਵਾਲੇ ਕਈ ਪ੍ਰੋਗਰਾਮਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ।

ਵਿਭਾਗ ਵੱਲੋਂ ਰੱਦ ਕਰ ਕੀਤੇ ਗਏ ਵਾਧੂ ਖਰਚੇ ਦੀ ਸੂਚੀ ਵਿੱਚ ਚੋਣਾਂ ਅਤੇ ਰਾਜਨੀਤਿਕ ਪ੍ਰਕਿਰਿਆ ਦੀ ਮਜ਼ਬੂਤੀ ਲਈ ਕੰਸੋਰਸ਼ੀਅਮ ਦੀ 486 ਮਿਲੀਅਨ ਡਾਲਰ ਦੀ ਗ੍ਰਾਂਟ ਸ਼ਾਮਲ ਹੈ, ਜਿਸ ਵਿੱਚ ਭਾਰਤ ਵਿੱਚ ਵੋਟਰ ਟਰਨਆਊਟ ਲਈ 21 ਮਿਲੀਅਨ ਡਾਲਰ ਅਤੇ ਮੋਲਡੋਵਾ ਵਿੱਚ ਸਮੂਹਿਕ ਅਤੇ ਭਾਗੀਦਾਰ ਰਾਜਨੀਤਿਕ ਪ੍ਰਕਿਰਿਆ ਲਈ 22 ਮਿਲੀਅਨ ਡਾਲਰ ਸ਼ਾਮਲ ਹਨ। ਪੋਸਟ ਵਿੱਚ ਫ਼ੰਡਿੰਗ ਬਾਰੇ ਕੋਈ ਹੋਰ ਵੇਰਵੇ ਨਹੀਂ ਦਿੱਤੇ ਗਏ ਸਨ।

ਇਹ ਫ਼ੈਸਲਾ ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੇ ਅਧਿਕਾਰਤ ਦੌਰੇ ਤੋਂ ਕੁਝ ਦਿਨ ਬਾਅਦ ਆਇਆ ਹੈ, ਜਿਸ ਦੌਰਾਨ ਉਨ੍ਹਾਂ ਨੇ ਰਾਸ਼ਟਰਪਤੀ ਟਰੰਪ ਅਤੇ ਮਸਕ ਨਾਲ ਵੀ ਗੱਲਬਾਤ ਕੀਤੀ ਸੀ।

# ਹੋਮਲੈਂਡ ਸਿਕਿਉਰਿਟੀ ਵਿਭਾਗ ਦੇ ਸਾਰੇ 6000 ਏਜੰਟਾਂ ਨੂੰ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੇ ਕੰਮ ’ਤੇ ਲਾਇਆ

## ਟਰੰਪ ਦਾ ਦੇਸ਼ ਨਿਕਾਲਾ ਮਿਸ਼ਨ ਫ਼ੜੇਗਾ ਜ਼ੋਰ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਹੋਮਲੈਂਡ ਸਿਕਿਉਰਿਟੀ ਵਿਭਾਗ (ਡੀ. ਐਚ. ਐਸ.) ਨੇ ਆਪਣੀ ਸਮੁੱਚੀ ਜਾਂਚ ਡਵੀਜਨ ਜੋ 6000 ਏਜੰਟਾਂ ’ਤੇ ਅਧਾਰਤ ਹੈ, ਨੂੰ ਆਦੇਸ਼ ਦਿੱਤਾ ਹੈ ਕਿ ਉਹ ਆਪਣਾ ਧਿਆਨ ਡਰੱਗ ਡੀਲਰਾਂ, ਅੱਤਵਾਦੀਆਂ ਤੇ ਮਨੁੱਖੀ ਤਸਕਰੀ ਵੱਲੋਂ ਹਟਾ ਕੇ ਟਰੰਪ ਪ੍ਰਸ਼ਾਸਨ ਦੇ ਉਸ ਮਿਸ਼ਨ ਵੱਲ ਦੇਵੇ ਜਿਸ ਤਹਿਤ ਅਮਰੀਕਾ ਵਿੱਚ ਗ਼ੈਰ ਕਾਨੂੰਨੀ ਤੌਰ ’ਤੇ ਰਹਿ ਰਹੇ ਲੋਕਾਂ ਨੂੰ ਉਨਾਂ ਦੇ ਮੂਲ ਦੇਸ਼ਾਂ ਵਿੱਚ ਵਾਪਿਸ ਭੇਜਿਆ ਜਾ ਰਿਹਾ ਹੈ। ਡੀ. ਐਚ. ਐਸ. ਦੀ ਹੋਮਲੈਂਡ ਸਿਕਿਉਰਿਟੀ ਇਨਵੈਸਟੀਗੇਸ਼ਨ ਏਜੰਸੀ (ਐਚ. ਐਸ. ਆਈ.) ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਾਲ ਹੀ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਕੀਤੇ ਕਾਰਜਕਾਰੀ ਆਦੇਸ਼ ਅਨੁਸਾਰ ਕੰਮ ਕਰ ਰਹੇ ਹਨ ਜਿਸ ਤਹਿਤ ਸੰਘੀ ਲਾਅ ਇਨਫ਼ੋਰਸਮੈਂਟ ਸਾਧਨਾਂ ਦੀ ਵਰਤੋਂ ਗ਼ੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਰਨ ਲਈ ਕਿਹਾ ਗਿਆ ਹੈ। ਇਸ ਲਈ ਆਉਣ ਵਾਲੇ ਦਿਨਾਂ ਵਿੱਚ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਫ਼ੜੋਫ਼ੜੀ ਤੇ ਉਨਾਂ ਦੇ ਦੇਸ਼ ਨਿਕਾਲੇ ਦੇ ਕੰਮ ਵਿੱਚ ਤੇਜੀ ਆਵੇਗੀ। ਇਨਾਂ ਅਧਿਕਾਰੀਆਂ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਸ ਤਾਜਾ ਆਦੇਸ਼ ਕਾਰਨ ਮੈਕਸੀਕਨ ਡਰੱਗ ਗਿਰੋਹ ਜੋ ਸਰਹੱਦ ਪਾਰੋਂ ਖਤਰਨਾਕ ਨਸ਼ਾ ਫ਼ੈਂਟਾਨਾਇਲ ਦੀ ਤਸਕਰੀ ਕਰਦੇ ਹਨ, ਸਮੇਤ ਅਮਰੀਕੀਆਂ ਨੂੰ ਦਰਪੇਸ਼ ਹੋਰ ਖਤਰਨਾਕ ਕੌਮਾਂਤਰੀ ਖਤਰਿਆਂ ਨਾਲ ਜੁੜੇ ਕਈ ਅਹਿਮ ਮਾਮਲਿਆਂ ਦੀ ਜਾਂਚ ਪ੍ਰਭਾਵਤ ਹੋਵੇਗੀ। ਐਚ ਐਸ ਆਈ ਦੇ ਇੱਕ ਸਾਬਕਾ ਸੁਪਰਵਾਈਜਰ ਏਜੰਟ ਕ੍ਰਿਸ ਕੈਪਨੇਲੀ ਨੇ ਕਿਹਾ ਹੈ ਕਿ ਮੇਰੇ ਸਾਥੀਆਂ ਨੂੰ ਪਹਿਲਾਂ ਹੀ ਡਰ ਸਤਾ ਰਿਹਾ ਸੀ ਕਿ ਜੇਕਰ ਟਰੰਪ ਚੋਣ ਜਿੱਤ ਗਏ ਤਾਂ ਪ੍ਰਵਾਸ ਸਬੰਧੀ ਸਖਤੀ ਹੋਵੇਗੀ। ਇਹ ਇੱਕ ਤਰਾਂ ਸਮੁੱਚੀ ਵਿਵਸਥਾ ਨੂੰ ਪੱਟੜੀ ਤੋਂ ਲਾਹ ਦੇਣ ਵਾਲੀ ਕਾਰਵਾਈ ਹੈ। ਉਨਾਂ ਕਿਹਾ ਕਿ ਕੁਝ ਦੋਸਤ ਡੀ. ਐਚ. ਐਸ. ਤੋਂ ਬਾਹਰ ਹੋਰ ਲਾਅ ਇਨਫ਼ੋਰਸਮੈਂਟ ਏਜੰਸੀਆਂ ਵਿੱਚ ਨੌਕਰੀਆਂ ਲੱਭ ਰਹੇ ਹਨ ਜਿਥੇ ਉਨ੍ਹਾਂ ਨੂੰ ਪ੍ਰਵਾਸੀਆਂ ਮਗਰ ਭੱਜਣਾ ਨਾ ਪਵੇ। ਇਨਾਂ ਦੋਸਤਾਂ ਦਾ ਕਹਿਣਾ ਹੈ ਕਿ ਜੋ ਕੰਮ ਕਰਨ ਲਈ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਇਹ ਉਹ ਨਹੀਂ ਹੈ ਜਿਸ ਲਈ ਉਨ੍ਹਾਂ ਦੀ ਨਿਯੁਕਤੀ ਹੋਈ ਸੀ। ਇਹ ਸਾਡੇ ਹੁਨਰ ਤੇ ਤਜ਼ਰਬੇ ਦੀ ਯੋਗ ਵਰਤੋਂ ਨਹੀਂ ਹੈ। ਇਸ ਸਬੰਧੀ ਡੀ. ਐਚ. ਐਸ. ਦੀ ਜਨਤਿਕ ਮਾਮਲਿਆਂ ਬਾਰੇ ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਹੈ ਕਿ ਇਸ ਸਮੇ ਐਚ. ਐਸ. ਆਈ. ਸਮੇਤ ਡੀ. ਐਚ. ਐਸ. ਦੇ ਸਾਰੇ ਏਜੰਟ ਗ਼ੈਰ ਕਾਨੂੰਨੀ ਵਿਦੇਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ ਨੂੰ ਵਾਪਿਸ ਭੇਜਣ ਦੇ ਕੰਮ ਵਿੱਚ ਲੱਗੇ ਹੋਏ ਹਨ ਤਾਂ ਜੋ ਅਮਰੀਕਾ ਦੀ ਸੁਰੱਖਿਆ ਦੇ ਮੁੱਢਲੇ ਮਿਸ਼ਨ ਦੀ ਪੂਰਤੀ ਕੀਤੀ ਜਾ ਸਕੇ।



# ਅਮਰੀਕਾ ਹੁਣ ਭਾਰਤ ਨਹੀਂ ਭੇਜੇਗਾ ਗ਼ੈਰ ਕਾਨੂੰਨੀ ਪਰਵਾਸੀ !

## ਕੋਸਟਾ ਰੀਕਾ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਤੱਕ ਪਹੁੰਚਣ ਲਈ ਇੱਕ ਪੁਲ ਦਾ ਕੰਮ ਕਰੇਗਾ

ਸੈਨ ਜੋਸ/ਏ.ਟੀ.ਨਿਊਜ਼: ਕੋਸਟਾ ਰੀਕਾ ਨੇ ਭਾਰਤ ਅਤੇ ਮੱਧ ਏਸ਼ੀਆ ਦੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਣ ਵਿੱਚ ਇੱਕ ‘ਪੁਲ’ ਵਜੋਂ ਕੰਮ ਕਰਨ ’ਤੇ ਸਹਿਮਤ ਪ੍ਰਗਟਾਈ ਹੈ। ਅਮਰੀਕਾ ਤੋਂ ਭੇਜੇ ਗਏ ਪਰਵਾਸੀ ਉਦੋਂ ਤੱਕ ਕੋਸਟਾ ਰੀਕਾ ਵਿੱਚ ਰਹਿਣਗੇ, ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਨਹੀਂ ਭੇਜਿਆ ਜਾ ਸਕਦਾ। ਕੋਸਟਾ ਰੀਕਾ ਦੇ ਰਾਸ਼ਟਰਪਤੀ ਰੋਡਰੀਗੋ ਚਾਵੇਸ ਰੋਬਲਜ਼ ਦੇ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ, 200 ਪਰਵਾਸੀਆਂ ਦਾ ਪਹਿਲਾ ਬੈਚ ਅਗਲੇ ਦਿਨਾਂ ਦੌਰਾਨ ਇੱਕ ਵਪਾਰਕ ਉਡਾਣ ਰਾਹੀਂ ਜੁਆਨ ਸੈਂਟਾਮਾਰੀਆ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਹੁੰਚੇਗਾ।

ਬਿਆਨ ਵਿੱਚ ਕਿਹਾ ਗਿਆ ਹੈ, ‘ਕੋਸਟਾ ਰੀਕਾ ਸਰਕਾਰ ਨੇ 200 ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇ ਦੇਸ਼ ਵਾਪਸ ਭੇਜਣ ਵਿੱਚ ਅਮਰੀਕਾ ਨਾਲ ਸਹਿਯੋਗ ਕਰਨ ’ਤੇ ਸਹਿਮਤੀ ਪ੍ਰਗਟਾਈ ਹੈ। ਇਹ ਲੋਕ ਮੱਧ ਏਸ਼ੀਆਈ ਦੇਸ਼ਾਂ ਅਤੇ ਭਾਰਤ ਤੋਂ ਹਨ।’ ਬਿਆਨ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਵਿੱਚੋਂ ਕਿੰਨੇ ਭਾਰਤ ਤੋਂ ਹਨ। ਇਸ ਵਿੱਚ ਕਿਹਾ ਗਿਆ ਹੈ, ‘ਕੋਸਟਾ ਰੀਕਾ ਗੈਰ-ਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਤੱਕ ਪਹੁੰਚਣ ਲਈ ਇੱਕ ‘ਪੁਲ’ ਦਾ ਕੰਮ ਕਰੇਗਾ।’ ਟਰੰਪ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਸਖ਼ਤ ਕਾਰਵਾਈ ਦੌਰਾਨ ਕੁੱਲ 332 ਭਾਰਤੀਆਂ ਨੂੰ ਪਹਿਲਾਂ ਹੀ 3 ਬੈਚਾਂ ਵਿੱਚ ਭਾਰਤ ਵਾਪਸ ਭੇਜਿਆ ਜਾ ਚੁੱਕਿਆ ਹੈ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ








ਸੈਨਹੋਜ਼ੇ/ਏ.ਟੀ.ਨਿਊਜ਼: ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪੁਰ, ਭਾਈ ਝਿਲਮਣ ਸਿੰਘ ਗੋਰਸੀਆਂ, ਅਤੇ ਭਾਈ ਬਲਧੀਰ ਸਿੰਘ ਰਾਮਗੜ੍ਹ, ਜਿਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ 4 ਫ਼ਰਵਰੀ 1986 ਨੂੰ ਸ਼ਹਾਦਤਾਂ ਦੀ ਦਾਤ ਪ੍ਰਾਪਤ ਕੀਤੀ ਦਾ 39ਵਾਂ ਸ਼ਹੀਦੀ ਦਿਹਾੜਾ ਹਰ ਸਾਲ ਦੇ ਤਰ੍ਹਾਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਮਨਾਇਆ ਗਿਆ। ਸ਼ਹੀਦ ਭਾਈ ਰਵਿੰਦਰ ਸਿੰਘ ਦੇ ਛੋਟੇ ਵੀਰ ਡਾ: ਹਰਿੰਦਰ ਸਿੰਘ ਨੇ ਇੱਕ ਸਲਾਈਡ ਸ਼ੋ ਦੀ ਵਰਤੋਂ ਕਰਦੇ ਹੋਏ ਦਸਤਾਵੇਜ਼ ਦਿਖਾ ਕੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ ਪੇਸ਼ਕਾਰੀ ਕੀਤੀ ਜੋ ਦਰਸਾਉਂਦੀ ਹੈ ਕਿ ਕਿਵੇਂ ਰਾਜ ਦੇ ਅਧਿਕਾਰੀਆਂ, ਕਾਨੂੰਨ ਨਿਰਮਾਤਾਵਾਂ, ਪੁਲਿਸ ਅਤੇ ਨਿਆਂਪਾਲਿਕਾ ਦੁਆਰਾ ਨਿਆਂ ਵਿੱਚ ਦੇਰੀ ਕੀਤੀ ਗਈ ਹੈ ਜਦੋਂ ਕਿ ਜ਼ਿਆਦਾਤਰ ਦੋਸ਼ੀਆਂ ਦੀ ਬਿਨ੍ਹਾਂ ਕਿਸੇ ਮੁਕੱਦਮੇ ਜਾਂ ਸਜ਼ਾ ਦਾ ਸਾਹਮਣਾ ਕਰਦੇ ਹੋਏ ਮੌਤ ਹੋ ਗਈ ਹੈ, ਜ਼ਿਆਦਾਤਰ ਗਵਾਹਾਂ ਦੀ ਮੌਤ ਹੋ ਗਈ ਹੈ ਅਤੇ ਪੀੜਤਾਂ ਦੇ ਮਾਤਾ-ਪਿਤਾ ਵਿੱਚੋਂ ਤਿੰਨ ਦੀ ਮੌਤ ਇਨਸਾਫ਼ ਤੋਂ ਬਿਨਾਂ ਹੋ ਗਈ ਹੈ। ਕੇਵਲ ਭਾਈ ਰਵਿੰਦਰ ਸਿੰਘ ਦੇ ਮਾਤਾ-ਪਿਤਾ ਅਜੇ ਜ਼ਿੰਦਾ ਹਨ ਅਤੇ ਉਨ੍ਹਾਂ ਨੇ ਸਥਾਨਕ, ਜ਼ਿਲ੍ਹਾ, ਸੂਬਾ ਅਤੇ ਕੇਂਦਰ ਦੇ ਹਰ ਪੱਧਰ 'ਤੇ ਇਨਸਾਫ਼ ਦੀ ਮੰਗ ਕੀਤੀ ਹੈ।

ਰਾਜ ਦੇ ਗਠਿਤ ਜਾਂਚ ਕਮਿਸ਼ਨ ਦਾ ਸਿਰਫ਼ ਇੱਕ ਹਿੱਸਾ ਪ੍ਰਾਪਤ ਹੋਣ ਵਿੱਚ 33 ਸਾਲ ਲੱਗ ਗਏ ਅਤੇ ਬਾਕੀ ਦੀ ਰਿਪੋਰਟ ਅਜੇ ਵੀ ਦੱਬੀ ਹੋਈ ਹੈ। ਰਾਜ ਦੇ ਰਾਜਪਾਲ ਅਤੇ ਦੇਸ਼ ਦੇ ਰਾਸ਼ਟਰਪਤੀ ਕੋਲ ਦਾਇਰ ਸ਼ਿਕਾਇਤਾਂ, ਰਾਜ ਵਿਧਾਨ ਸਭਾ ਦੇ ਪ੍ਰਤੀਨਿਧਾਂ, ਮੁੱਖ ਮੰਤਰੀ, ਸੰਸਦ ਮੈਂਬਰਾਂ ਨੂੰ ਪਟੀਸ਼ਨਾਂ ਨੇ ਅੱਤਿਆਚਾਰ ਦੇ ਸਹਾਇਕਾਂ ਅਤੇ ਉਕਸਾਉਣ ਵਾਲਿਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਸਹਾਇਤਾ ਨਹੀਂ ਕੀਤੀ। ਇੱਥੋਂ ਤੱਕ ਕਿ ਬਾਪੂ ਬਲਦੇਵ ਸਿੰਘ ਪਿਤਾ ਭਾਈ ਰਵਿੰਦਰ ਸਿੰਘ ਵੱਲੋਂ ਆਰ. ਟੀ. ਆਈ. ਦੇ ਜਵਾਬ ਵਿੱਚ ਪੰਜਾਬ ਪੁਲਿਸ ਨੇ ਲਿਖਿਆ ਹੈ ਕਿ 4 ਫ਼ਰਵਰੀ 1986 ਨੂੰ ਨਕੋਦਰ ਵਿੱਚ ਕੋਈ ਪੁਲਿਸ ਗੋਲੀਬਾਰੀ ਨਹੀਂ ਹੋਈ ਤੇ ਨਾ ਹੀ ਪੁਲਿਸ ਵੱਲੋਂ 5 ਫ਼ਰਵਰੀ ਨੂੰ ਕਿਸੇ ਅਣਪਛਾਤੀ ਲਾਸ਼ ਦਾ ਸਸਕਾਰ ਕੀਤਾ ਗਿਆ ਹੈ।




ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸ਼ਹੀਦਾਂ ਨੂੰ ਨਿਮਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਮਨਾਉਣ ਤੇ ਕੌਮਾਂਤਰੀ ਪੱਧਰ 'ਤੇ ਬੇਇਨਸਾਫ਼ੀਆਂ ਦੀ ਤੱਥਾਂ ਸਮੇਤ ਡਾਕੂਮੈਂਟੇਸ਼ਨ ਕਰਨੀ ਹੀ ਸ਼ਹੀਦਾਂ ਨੂੰ ਅਸਲ ਸ਼ਰਧਾਂਜਲੀ ਹੈ। ਉਨ੍ਹਾਂ ਦੱਸਿਆ ਕਿ ਉਹ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮੇਸ਼ਾ ਖੜ੍ਹਦੇ ਰਹੇ ਹਨ ਤੇ ਹਮੇਸ਼ਾ ਸਾਥ ਦਿੰਦੇ ਰਹਿਣਗੇ।

ਉਨ੍ਹਾਂ ਵੱਲੋਂ ਸ਼ਹੀਦਾਂ ਦੇ ਇਤਿਹਾਸ ਸਬੰਧੀ ਬਾਪੂ ਬਲਦੇਵ ਸਿੰਘ ਵੱਲੋਂ ਲਗਾਤਾਰ ਕੀਤੇ ਜਾ ਰਹੇ ਸੰਘਰਸ਼ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸ੍ਰ. ਭਜਨ ਸਿੰਘ ਭਿੰਡਰ ਤੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਜਥੇਦਾਰ ਸੁਖਦੇਵ ਸਿੰਘ ਬੈਣੀਵਾਲ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਅਮਰੀਕਨ ਕਾਂਗਰਸ ਮੈਂਬਰ ਜਿੰਮੀ ਪਨੇਟਾ ਵੱਲੋਂ 6 ਫ਼ਰਵਰੀ 2025 ਨੂੰ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਅਮਰੀਕਨ ਕਾਂਗਰਸ ਦੇ ਸਦਨ ਵਿੱਚ ਸ਼ਰਧਾਂਜਲੀ ਦੇਣ ਤੇ ਸਾਕਾ ਨਕੋਦਰ ਦੀ ਨਾਇਨਸਾਫ਼ੀ ਤੇ ਪੁਲਿਸ ਵੱਲੋਂ ਬੇਗੁਨਾਹ ਨਿਹੱਥੇ ਸਿੰਘਾਂ ਦੇ ਕਤਲਾਂ ਦਾ ਮੁੱਦਾ ਅਮਰੀਕੀ ਪ੍ਰਤਿਨਿਧੀ ਸਦਨ ਵਿੱਚ ਗੰਭੀਰਤਾ ਨਾਲ ਚੁੱਕਣ ਲਈ ਉਨ੍ਹਾਂ ਦਾ ਸਿੱਖ ਕੌਮ ਵੱਲੋਂ ਧੰਨਵਾਦ ਕੀਤਾ ਗਿਆ। ਸੰਗਤਾਂ ਵੱਲੋਂ ਕੈਲੀਫ਼ੋਰਨੀਆ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ 13 ਜੂਨ 2024 ਨੂੰ ਕੈਲੀਫ਼ੋਰਨੀਆ ਦੀ ਸੂਬਾ ਅਸੈਂਬਲੀ ਵਿੱਚ 4 ਫ਼ਰਵਰੀ ਨੂੰ ਹਰ ਸਾਲ ਕੈਲੀਫ਼ੋਰਨੀਆ ਸੂਬੇ ਵਿੱਚ ਸਾਕਾ ਨਕੋਦਰ ਦਿਵਸ ਵਜੋਂ ਮਨਾਉਣ ਦਾ ਮਤਾ ਨੰਬਰ 93 ਸਰਬਸੰਮਤੀ ਨਾਲ ਪਾਸ ਕਰਵਾਇਆ।

ਸਟੇਜ ਦੀ ਸੇਵਾ ਭਾਈ ਰਜਿੰਦਰ ਸਿੰਘ ਤੇ ਅਰੁਣ ਸਿੰਘ ਵੱਲੋਂ ਨਿਭਾਈ ਗਈ। ਕਥਾ ਭਾਈ ਪਰਮਜੀਤ ਸਿੰਘ, ਕੀਰਤਨ ਊਨਾ ਸਾਹਿਬ ਵਾਲੇ ਭਾਈ ਉਂਕਾਰ ਸਿੰਘ ਤੇ ਬੀਬੀ ਚੈਂਚਲਦੀਪ ਦੇ ਜਥੇ ਵੱਲੋਂ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਗਿਆ। ਬੀਬੀ ਪਰਮਜੀਤ ਕੌਰ ਖਾਲੜਾ, ਸ਼ਹੀਦ ਭਾਈ ਝਿਲਮਣ ਸਿੰਘ ਦੀ ਭਾਣਜੀ ਹਰਮਨ ਕੌਰ ਤੇ ਡਾ. ਹਰਿੰਦਰ ਸਿੰਘ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਦੁਨੀਆਂ ਦੇ 180 ਦੇਸ਼ਾਂ 'ਚੋਂ ਭਾਰਤ 96ਵੇਂ ਸਥਾਨ 'ਤੇ

## ਟਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ 2024 ਲਈ ਜਾਰੀ ਕੀਤਾ ਸੂਚਕ ਅੰਕ

## ਮੋਦੀ ਦਾ ਨਾਅਰਾ 'ਨਾ ਖਾਊਂਗਾ, ਨਾ ਖਾਨੇ ਦੂੰਗਾ' ਜੁਮਲਾ ਬਣਿਆ

ਟਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ 2024 ਲਈ ਜਾਰੀ ਭ੍ਰਿਸ਼ਟਾਚਾਰ ਧਾਰਨਾ ਸੂਚਕ ਅੰਕ ਦੱਸਦਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਿਹੜਾ ਦੇਸ਼ ਕਿੱਥੇ ਖੜ੍ਹਾ ਹੈ। ਇਸ ਮੁਤਾਬਕ ਦੁਨੀਆ ਦੇ 180 ਦੇਸ਼ਾਂ ਵਿੱਚ ਭਾਰਤ 96ਵੇਂ ਸਥਾਨ 'ਤੇ ਹੈ। ਰਿਪੋਰਟ ਮੁਤਾਬਕ 2012 ਦੇ ਬਾਅਦ 32 ਦੇਸ਼ ਆਪਣੇ ਭ੍ਰਿਸ਼ਟਾਚਾਰ ਦੇ ਪੱਧਰ ਵਿੱਚ ਵਰਨਣਯੋਗ ਕਮੀ ਲਿਆਏ ਹਨ, ਪਰ 148 ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਸਥਿਰ ਚੱਲ ਰਿਹਾ ਹੈ ਜਾਂ ਉਸ ਦੀ ਸਥਿਤੀ ਹੋਰ ਖਰਾਬ ਹੁੰਦੀ ਜਾ ਰਹੀ ਹੈ। ਸਭ ਤੋਂ ਘੱਟ ਭ੍ਰਿਸ਼ਟ ਦੇਸ਼ਾਂ ਵਿੱਚ ਡੈਨਮਾਰਕ ਟਾਪ 'ਤੇ ਹੈ ਅਤੇ ਉਸ ਦੇ ਬਾਅਦ ਫਿਨਲੈਂਡ ਤੇ ਸਿੰਗਾਪੁਰ ਆਉਂਦੇ ਹਨ। ਭਾਰਤ ਦੇ ਗੁਆਂਢੀਆਂ ਵਿੱਚ ਪਾਕਿਸਤਾਨ (135) ਤੇ ਸ੍ਰੀਲੰਕਾ (121) ਆਪਣੀ-ਆਪਣੀ ਘਟੀਆ ਰੈਂਕਿੰਗ ਨਾਲ ਜੂਝ ਰਹੇ ਹਨ, ਜਦਕਿ ਬੰਗਲਾਦੇਸ਼ ਦੀ ਰੈਂਕਿੰਗ ਹੋਰ ਵੀ ਥੱਲੇ 149 'ਤੇ ਹੈ। ਚੀਨ 76ਵੇਂ ਸਥਾਨ 'ਤੇ ਹੈ। ਦੁਨੀਆਂ-ਭਰ ਵਿੱਚ ਭ੍ਰਿਸ਼ਟਾਚਾਰ ਦਾ ਔਸਤ ਪੱਧਰ 43 ਸਾਲ ਤੋਂ ਸਥਿਰ ਹੈ। ਇਨ੍ਹਾਂ ਵਿੱਚੋਂ ਦੋ-ਤਿਹਾਈ ਤੋਂ ਵੱਧ ਦੇਸ਼ਾਂ ਦਾ ਸਕੋਰ 50 ਤੋਂ ਹੇਠਾਂ ਹੈ। ਅਰਬਾਂ ਲੋਕ ਅਜਿਹੇ ਦੇਸ਼ਾਂ ਵਿੱਚ ਰਹਿੰਦੇ ਹਨ, ਜਿੱਥੇ ਭ੍ਰਿਸ਼ਟਾਚਾਰ ਜੀਵਨ ਨੂੰ ਨਸ਼ਟ ਕਰ ਰਿਹਾ ਹੈ ਅਤੇ ਮਨੁੱਖੀ ਹੱਕਾਂ ਨੂੰ ਕਮਜ਼ੋਰ ਕਰ ਰਿਹਾ ਹੈ।

ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਦੀ 2015 ਤੋਂ ਚੱਲੀ ਆ ਰਹੀ ਗਿਰਾਵਟ ਹੈਰਾਨ ਕਰਨ ਵਾਲੀ ਹੈ।

2014 ਵਿੱਚ ਮੋਦੀ ਦੀ ਅਗਵਾਈ 'ਚ ਭਾਜਪਾ ਯੂ ਪੀ ਏ-2 ਸਰਕਾਰ ਨੂੰ ਭ੍ਰਿਸ਼ਟਾਚਾਰ ਲਈ ਬਦਨਾਮ ਕਰਕੇ ਸੱਤਾ ਵਿੱਚ ਆਈ ਸੀ।




ਮੋਦੀ ਦਾ ਨਾਅਰਾ ਸੀ ਨਾ ਖਾਊਂਗਾ, ਨਾ ਖਾਨੇ ਦੂੰਗਾ। ਇਹ ਨਾਅਰਾ ਜੁਮਲਾ ਹੀ ਸਾਬਤ ਹੋਇਆ ਹੈ। 2015 ਵਿੱਚ ਭਾਰਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ 76ਵੇਂ, 2016 ਵਿੱਚ 79ਵੇਂ, 2017 ਵਿੱਚ 81ਵੇਂ, 2018 ਵਿੱਚ 78ਵੇਂ, 2019 ਵਿੱਚ 80ਵੇਂ, 2020 ਵਿੱਚ 86ਵੇਂ, 2021 ਵਿੱਚ 85ਵੇਂ ਤੇ 2023 ਵਿੱਚ 93ਵੇਂ ਸਥਾਨ 'ਤੇ ਆ ਗਿਆ ਸੀ। ਸਾਫ ਹੈ ਕਿ ਮੋਦੀ ਸਰਕਾਰ 'ਚ ਭ੍ਰਿਸ਼ਟਾਚਾਰ ਹਰ ਸਾਲ 'ਤਰੱਕੀ' ਕਰ ਰਿਹਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆਂ ਭਰ ਵਿੱਚ ਵੱਡੀ ਗਿਣਤੀ 'ਚ ਲੋਕ ਤਾਪਮਾਨ ਵਧਣ ਦੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਤਮਾਮ ਦੇਸ਼ਾਂ ਵਿੱਚ ਗ੍ਰੀਨ ਹਾਊਸ ਗੈਸ ਪੈਦਾ ਕਰਨ ਵਿੱਚ ਕਟੌਤੀ ਲਈ ਜਿਹੜਾ ਫੰਡ ਦਿੱਤਾ ਜਾਂਦਾ ਹੈ, ਉਹ ਭ੍ਰਿਸ਼ਟਾਚਾਰ ਦੀ ਗੰਗਾ ਵਿੱਚ ਵਹਿ ਜਾਂਦਾ ਹੈ। ਅਜਿਹੇ ਫੰਡ ਦੀ ਜੰਮ ਕੇ ਦੁਰਵਰਤੋਂ ਹੁੰਦੀ ਹੈ। ਇਸ ਭ੍ਰਿਸ਼ਟਾਚਾਰ ਕਾਰਨ ਜਲਵਾਯੂ ਪਰਿਵਰਤਨ ਸੰਕਟ ਨਾਲ ਨਿੱਬੜਨ ਦੇ ਮਕਸਦ ਨਾਲ ਬਣਾਈਆਂ ਗਈਆਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਅੜਿੱਕਾ ਪੈਂਦਾ ਹੈ ਤੇ ਪਰਿਆਵਰਣ ਨੂੰ ਨੁਕਸਾਨ ਪੁੱਜਦਾ ਹੈ। ਭ੍ਰਿਸ਼ਟਾਚਾਰ ਉੱਭਰਦਾ ਹੋਇਆ ਸੰਸਾਰ ਖਤਰਾ ਹੈ, ਜਿਹੜਾ ਵਿਕਾਸ ਨੂੰ ਕਮਜ਼ੋਰ ਕਰਨ ਨਾਲੋਂ ਕਿਤੇ ਵੱਧ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ ਤੇ ਅਸਥਿਰਤਾ ਲਿਆਉਂਦਾ ਹੈ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਵੀ ਇਸ ਨਾਲ ਹੁੰਦੀ ਹੈ। ਰਿਪੋਰਟ ਵਿੱਚ ਸਲਾਹ ਦਿੱਤੀ ਗਈ ਹੈ ਕਿ ਕੌਮਾਂਤਰੀ ਭਾਈਚਾਰੇ ਤੇ ਹਰ ਦੇਸ਼ ਨੂੰ ਭ੍ਰਿਸ਼ਟਾਚਾਰ ਨਾਲ ਨਿੱਬੜਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਮੋਦੀ ਸਰਕਾਰ ਵਿੱਚ ਭ੍ਰਿਸ਼ਟਾਚਾਰ ਨਿਰੰਤਰ ਤਰੱਕੀ ਕਰ ਰਿਹਾ ਹੈ, ਪਰ ਲੋਕ ਫਿਰ ਰਾਜਾਂ ਤੇ ਕੇਂਦਰ ਵਿੱਚ ਭਾਜਪਾ ਦੀਆਂ ਸਰਕਾਰਾਂ ਬਣਾ ਰਹੇ ਹਨ। ਲੋਕਾਂ ਵੱਲੋਂ ਭ੍ਰਿਸ਼ਟਾਚਾਰ ਨੂੰ ਜ਼ਿੰਦਗੀ ਦਾ ਹਿੱਸਾ ਮੰਨ ਲੈਣ ਦੀ ਪ੍ਰਵਿਰਤੀ ਬਹੁਤ ਖਤਰਨਾਕ ਹੈ।

ਭਾਰਤ ਦੇ ਲੋਕਾਂ ਦੀਆਂ ਜ਼ਿੰਦਗੀਆਂ ਵੀ ਤਾਂ ਹੀ ਬਿਹਤਰ ਹੋਣਗੀਆਂ, ਜਦੋਂ ਉਹ ਇਮਾਨਦਾਰ ਲੋਕਾਂ ਨੂੰ ਚੁਣਨਗੇ। ਇਮਾਨਦਾਰ ਨੁਮਾਇੰਦੇ ਹੀ ਭਾਰਤ ਨੂੰ ਵਿਕਸਤ ਬਣਾਉਣਗੇ, ਵਰਨਾ ਭ੍ਰਿਸ਼ਟਾਚਾਰ ਹੀ ਵਿਕਾਸ ਕਰੇਗਾ।

# ਕੇਜਰੀਵਾਲ ਲਈ 'ਸ਼ੀਸ਼ ਮਹਿਲ' ਮੁਸੀਬਤ ਬਣਿਆ

## ਮੋਦੀ ਸਰਕਾਰ ਵੱਲੋਂ ਵਿਜੀਲੈਂਸ ਜਾਂਚ ਦੇ ਹੁਕਮ, ਹੁਣ ਦੁਬਾਰਾ ਜੇਲ੍ਹ ਵੀ ਜਾਣਾ ਪੈ ਸਕਦਾ ?

ਨਵੀਂ ਦਿੱਲੀ/ਏ.ਟੀ.ਨਿਊਜ਼: ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ.ਵੀ.ਸੀ.) ਨੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ 6, ਫਲੈਗਸਟਾਫ ਰੋਡ ਬੰਗਲੇ ਦੇ ਨਵੀਨੀਕਰਨ ਦੀ ਜਾਂਚ ਦੇ ਲੋਕ ਨਿਰਮਾਣ ਵਿਭਾਗ (ਸੀ.ਪੀ.ਡਬਲਿਊ.ਡੀ.) ਨੂੰ ਹੁਕਮ ਦਿੱਤੇ ਹਨ। ਭਾਜਪਾ ਨੇ ਇਸ ਨੂੰ 'ਸ਼ੀਸ਼ ਮਹਿਲ' ਦਾ ਨਾਮ ਦਿੱਤਾ ਹੈ ਅਤੇ ਉਸ ਨੇ ਚੋਣਾਂ 'ਚ ਇਸ 'ਤੇ ਖ਼ਰਚੇ ਪੈਸਿਆਂ ਨੂੰ ਲੈ ਕੇ ਮੁੱਦਾ ਵੀ ਬਣਾਇਆ ਸੀ। ਭਾਜਪਾ ਆਗੂ ਅਤੇ ਰੋਹਿਣੀ ਤੋਂ ਵਿਧਾਇਕ ਵਿਜੇਂਦਰ ਗੁਪਤਾ ਨੇ ਕਿਹਾ ਕਿ 'ਸ਼ੀਸ਼ ਮਹਿਲ' ਨੂੰ ਲੈ ਕੇ 'ਆਪ' ਅਤੇ ਅਰਵਿੰਦ ਕੇਜਰੀਵਾਲ ਦਾ ਭ੍ਰਿਸ਼ਟਾਚਾਰ ਹੁਣ ਸਭ ਦੇ ਸਾਹਮਣੇ ਆ ਗਿਆ ਹੈ। ਗੁਪਤਾ ਨੇ ਕਿਹਾ ਕਿ ਸੀ.ਵੀ.ਸੀ. ਨੇ ਉਨ੍ਹਾਂ ਦੀਆਂ ਦੋ ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਬੰਗਲੇ ਦੇ ਵਿਸਥਾਰ ਲਈ ਜਾਇਦਾਦਾਂ ਦੇ ਕਥਿਤ ਰਲੇਵੇਂ ਅਤੇ ਇਸ ਦੇ ਅੰਦਰੂਨੀ ਹਿੱਸੇ 'ਤੇ ਹੋਏ ਖ਼ਰਚਿਆਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਭਾਜਪਾ ਨੇ ਇਹ ਵੀ ਕਿਹਾ ਹੈ ਕਿ ਪਾਰਟੀ ਦਾ ਮੁੱਖ ਮੰਤਰੀ ਇਸ ਬੰਗਲੇ 'ਚ ਨਹੀਂ ਰਹੇਗਾ। ਕੇਜਰੀਵਾਲ ਨੇ ਅਕਤੂਬਰ 2024 'ਚ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਇਹ ਬੰਗਲਾ ਖਾਲੀ ਕਰ ਦਿੱਤਾ ਸੀ।

ਗੁਪਤਾ ਨੇ ਸੀ.ਵੀ.ਸੀ. ਨੂੰ ਕੀਤੀ ਸ਼ਿਕਾਇਤ 'ਚ ਲਿਖਿਆ ਸੀ ਕਿ 'ਸ਼ੀਸ਼ ਮਹਿਲ' ਦਾ ਖੇਤਰਫਲ ਅਸਲ ਵਿੱਚ 10,000 ਗਜ਼ ਤੋਂ ਘੱਟ ਸੀ ਪਰ ਨਾਲ ਲਗਦੀ ਸੰਪਤੀ 'ਤੇ ਕਬਜ਼ਾ ਕਰਕੇ ਇਸ ਦਾ ਏਰੀਆ ਵਧਾ ਲਿਆ ਗਿਆ ਸੀ। ਸੀਵੀਸੀ ਨੂੰ ਦਿੱਤੀ ਸ਼ਿਕਾਇਤ ਵਿੱਚ ਰੋਹਿਣੀ ਤੋਂ ਭਾਜਪਾ ਦੇ ਨਵੇਂ ਚੁਣੇ ਵਿਧਾਇਕ ਨੇ ਦੋਸ਼ ਲਾਇਆ ਕਿ



ਕੇਜਰੀਵਾਲ ਨੇ 40,000 ਵਰਗ ਗਜ਼ (8 ਏਕੜ) ਜ਼ਮੀਨ ਨੂੰ ਕਵਰ ਕਰਕੇ ਇੱਕ ਆਲੀਸ਼ਾਨ ਮਹਿਲ ਬਣਾਉਣ ਲਈ ਬਿਲਡਿੰਗ ਨਿਯਮਾਂ ਦੀ ਉਲੰਘਣਾ ਕੀਤੀ ਹੈ। ਰਾਜਪੁਰ ਰੋਡ 'ਤੇ ਪਲਾਟ ਨੰਬਰ 45 ਅਤੇ 47 (ਪਹਿਲਾਂ ਟਾਈਪ-ਵੀ ਫਲੈਟਾਂ ਵਿੱਚ ਸੀਨੀਅਰ ਅਧਿਕਾਰੀਆਂ ਅਤੇ ਜੱਜਾਂ ਦੀ ਰਿਹਾਇਸ਼) ਅਤੇ ਦੋ ਬੰਗਲੇ (8-ਏ ਅਤੇ 8-ਬੀ, ਫਲੈਗ ਸਟਾਫ ਰੋਡ) ਸਮੇਤ ਸਰਕਾਰੀ ਜਾਇਦਾਦਾਂ ਨੂੰ ਢਾਹ ਕੇ ਨਵੀਂ ਰਿਹਾਇਸ਼ ਵਿੱਚ ਮਿਲਾ ਦਿੱਤਾ ਗਿਆ। ਇੱਕ ਹੋਰ ਸ਼ਿਕਾਇਤ ਵਿੱਚ ਗੁਪਤਾ ਨੇ 6, ਫਲੈਗ ਸਟਾਫ ਰੋਡ 'ਤੇ ਬੰਗਲੇ ਦੀ ਮੁਰੰਮਤ ਅਤੇ ਅੰਦਰੂਨੀ ਸਜਾਵਟ 'ਤੇ 'ਵਧੇਰੇ ਖ਼ਰਚ' ਦਾ ਦੋਸ਼ ਲਗਾਇਆ ਹੈ। ਵਿਧਾਇਕ ਨੇ ਦਾਅਵਾ ਕੀਤਾ ਕਿ ਉਨ੍ਹਾਂ ਵੱਲੋਂ ਲਿਖੀਆਂ ਚਿੱਠੀਆਂ ਦੇ ਆਧਾਰ 'ਤੇ ਸੀ.ਵੀ.ਸੀ. ਨੇ ਲੋਕ ਨਿਰਮਾਣ ਵਿਭਾਗ ਨੂੰ ਤੱਥਾਂ ਸਮੇਤ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

**ਸਿਰਸਾ ਵੱਲੋਂ ਜਾਂਚ ਦਾ ਸਵਾਗਤ**

ਰਾਜੌਰੀ ਗਾਰਡਨ ਤੋਂ ਭਾਜਪਾ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ 'ਸ਼ੀਸ਼ ਮਹਿਲ' ਦੀ ਜਾਂਚ ਦੇ ਹੁਕਮਾਂ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਜਾਣ ਕੇ ਹੈਰਾਨ ਹਨ ਕਿ ਬੰਗਲੇ ਦਾ ਰਕਬਾ 8 ਏਕੜ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਰਹਿਣ ਲਈ 8 ਏਕੜ ਦੇ ਘਰ ਦੀ ਕਿਉਂ ਲੋੜ ਸੀ। ਉਨ੍ਹਾਂ ਕਿਹਾ ਕਿ ਵਿਜੀਲੈਂਸ ਬੰਗਲੇ ਅੰਦਰ ਲਗਾਈਆਂ ਗਈਆਂ ਆਲੀਸ਼ਾਨ ਵਸਤਾਂ ਦੀ ਵੀ ਜਾਂਚ ਕਰੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ 'ਆਪ' ਲੀਡਰਸ਼ਿਪ ਨੂੰ ਚੁਣਾਵੀ ਫੰਡਾਂ ਲਈ ਭ੍ਰਿਸ਼ਟਾਚਾਰ ਕਰਨ, ਪਾਰਟੀ ਦੀ ਅੰਦਰੂਨੀ ਜਮਹੂਰੀਅਤ ਦਾ ਖਾਤਮਾ ਕਰਨ, ਚਾਪਲੂਸੀ ਤੇ ਨਿੱਜੀ ਵਫ਼ਾਦਾਰੀ ਨੂੰ ਹੱਲਾਸ਼ੇਰੀ ਦੇਣ ਅਤੇ ਭਾਰਤ ਦੀ ਔਸਤਨ ਸਿਆਸੀ ਲੀਡਰਸ਼ਿਪ ਦੀ ਤਰ੍ਹਾਂ ਸ਼ਾਨੋ-ਸ਼ੌਕਤ ਵਾਲੀ ਜੀਵਨ ਸ਼ੈਲੀ ਅਪਣਾਉਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਕਰ ਕੇ ਮੱਧਵਰਗ ਵਿੱਚ 'ਆਪ', ਖ਼ਾਸਕਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਪ੍ਰਤੀ ਮੋਹ ਭੰਗ ਹੋਣ ਲੱਗ ਪਿਆ। (**ਬਾਕੀ ਸਫ਼ਾ 31 'ਤੇ**)

# ਰੇਖਾ ਗੁਪਤਾ ਹੋਣਗੇ ਦਿੱਲੀ ਦੇ ਨਵੇਂ ਮੁੱਖ ਮੰਤਰੀ, ਉਪ ਰਾਜਪਾਲ ਵੱਲੋਂ ਸਰਕਾਰ ਬਣਾਉਣ ਦਾ ਸੱਦਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਰੇਖਾ ਗੁਪਤਾ ਦਿੱਲੀ ਦੇ ਨਵੇਂ ਮੁੱਖ ਮੰਤਰੀ ਹੋਣਗੇ। ਰੇਖਾ ਗੁਪਤਾ ਸ਼ਾਲੀਮਾਰ ਬਾਗ ਹਲਕੇ ਤੋਂ ਵਿਧਾਇਕ ਹਨ। ਭਾਜਪਾ ਵਿਧਾਇਕ ਦਲ ਦੀ ਬੈਠਕ ਦੌਰਾਨ ਰੇਖਾ ਗੁਪਤਾ ਦੇ ਨਾਮ 'ਤੇ ਰਸਮੀ ਮੋਹਰ ਲਾਈ ਗਈ। ਗੁਪਤਾ ਨੇ ਮੁੱਖ ਮੰਤਰੀ ਮਨੋਨੀਤ ਕੀਤੇ ਜਾਣ ਮਗਰੋਂ ਇਸ ਨਵੀਂ ਜ਼ਿੰਮੇਵਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸਾਰੇ ਵਿਧਾਇਕਾਂ ਦਾ ਧੰਨਵਾਦ ਕੀਤਾ 9 ਉਪ ਰਾਜਪਾਲ ਵੀਕੇ ਸਕਸੈਨਾ ਨੇ ਮਨੋਨੀਤ ਮੁੱਖ ਮੰਤਰੀ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਹੈ।

ਸੁਸ਼ਮਾ ਸਵਰਾਜ, ਸ਼ੀਲਾ ਦੀਕਸ਼ਿਤ ਤੇ ਆਤਿਸ਼ੀ ਮਗਰੋਂ ਰੇਖਾ ਗੁਪਤਾ ਦਿੱਲੀ ਦੇ ਚੌਥੇ ਮਹਿਲਾ ਮੁੱਖ ਮੰਤਰੀ ਹੋਣਗੇ। ਮਨੋਨੀਤ ਮੁੱਖ ਮੰਤਰੀ ਰੇਖਾ ਗੁਪਤਾ ਨੇ ਰਾਜ ਨਿਵਾਸ ਵਿਚ ਜਾ ਕੇ ਉਪ ਰਾਜਪਾਲ ਵੀਕੇ ਸਕਸੈਨਾ ਨੂੰ ਮਿਲ ਕੇ



ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਹੈ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਨਿਗਰਾਨ ਰਵੀ ਸ਼ੰਕਰ ਪ੍ਰਸਾਦ ਤੇ ਓਪੀ ਧਨਖੜ ਤੋਂ ਇਲਾਵਾ ਦਿੱਲੀ ਭਾਜਪਾ ਦੇ ਪ੍ਰਧਾਨ ਵੀਰੇਂਦਰ ਸੱਚਦੇਵਾ ਅਤੇ ਦਿੱਲੀ ਤੋਂ ਸੰਸਦ ਮੈਂਬਰ ਬਾਂਸੁਰੀ ਸਵਰਾਜ, ਪ੍ਰਵੀਨ ਖੰਡੇਲਵਾਲ ਤੇ ਕਮਲਜੀਤ ਸਹਿਰਾਵਤ ਅਤੇ ਭਾਜਪਾ ਦੇ ਕੌਮੀ ਉਪ ਪ੍ਰਧਾਨ ਬੈਜਯੰਤ ਪਾਂਡਾ ਵੀ ਮੌਜੂਦ ਸਨ। ਗੁਪਤਾ ਦਿੱਲੀ ਵਿਚ ਮਦਨ ਲਾਲ ਖੁਰਾਣਾ, ਸਾਹਿਬ ਸਿੰਘ ਵਰਮਾ ਤੇ ਸੁਸ਼ਮਾ ਸਵਰਾਜ ਮਗਰੋਂ ਭਾਜਪਾ ਦੀ ਚੌਥੀ ਮੁੱਖ ਮੰਤਰੀ ਹੈ। ਗੁਪਤਾ ਤੇ ਉਨ੍ਹਾਂ ਦੇ ਕੈਬਨਿਟ ਮੰਤਰੀ ਭਲਕੇ ਰਾਮਲੀਲਾ ਮੈਦਾਨ ਵਿਚ ਰੱਖੇ ਹਲਫ਼ਦਾਰੀ ਸਮਾਗਮ ਵਿਚ ਹਲਫ਼ ਲੈਣਗੇ। ਸਾਲੀਮਾਰ ਬਾਗ ਹਲਕੇ ਤੋਂ ਵਿਧਾਇਕ ਰੇਖਾ ਗੁਪਤਾ ਨੇ 'ਆਪ' ਉਮੀਦਵਾਰ ਬੰਦਨਾ ਕੁਮਾਰੀ ਨੂੰ 29,000 ਤੋਂ ਵੱਧ ਵੋਟਾਂ ਨਾਲ ਹਰਾਇਆ ਸੀ। ਨਵੇਂ ਮੁੱਖ ਮੰਤਰੀ ਦੀ ਚੋਣ ਲਈ ਸੱਦਾ ਭਾਜਪਾ ਵਿਧਾਇਕ ਦਲ ਦੀ ਬੈਠਕ ਵਿਚ ਪਾਰਟੀ ਦੇ ਕੇਂਦਰੀ ਨਿਗਰਾਨ ਰਵੀ ਸ਼ੰਕਰ ਪ੍ਰਸਾਦ ਤੇ ਓਪੀ ਧਨਖੜ ਵੀ ਮੌਜੂਦ ਸਨ।

# 'ਮੌਤ ਦਾ ਕੁੰਭ' ਬਣ ਗਿਆ ਹੈ ਮਹਾਕੁੰਭ : ਮਮਤਾ ਬੈਨਰਜੀ

ਕੋਲਕਾਤਾ/ਏ.ਟੀ.ਨਿਊਜ਼: ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਹਾਲ ਹੀ 'ਚ ਹੋਈਆਂ ਭਾਜੜ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਮਹਾਕੁੰਭ 'ਮੌਤ ਦਾ ਕੁੰਭ' ਬਣ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਹਾਕੁੰਭ 'ਚ ਮਰਨ ਵਾਲਿਆਂ ਦੀ ਅਸਲ ਗਿਣਤੀ ਨੂੰ ਲੁਕਾਇਆ ਗਿਆ ਹੈ। ਪਿਛਲੇ ਮਹੀਨੇ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਮਚੀ ਭਾਜੜ 'ਚ ਘੱਟੋ-ਘੱਟ 30 ਲੋਕਾਂ ਦੀ ਮੌਤ ਹੋ ਗਈ ਅਤੇ 60 ਹੋਰ ਜ਼ਖ਼ਮੀ ਹੋ ਗਏ ਸਨ। ਉਥੇ ਹੀ, ਹਾਲ ਹੀ 'ਚ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਮਚੀ ਭਾਜੜ 'ਚ 18 ਲੋਕਾਂ ਦੀ ਜਾਨ ਚਲੀ ਗਈ। ਬੈਨਰਜੀ ਨੇ ਪੱਛਮੀ ਬੰਗਾਲ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਮਹਾਕੁੰਭ 'ਮੌਤ ਦਾ ਕੁੰਭ' ਬਣ ਗਿਆ ਹੈ। ਉਨ੍ਹਾਂ ਨੇ (ਭਾਜਪਾ ਸਰਕਾਰ ਨੇ) ਮੌਤਾਂ ਦੀ



ਗਿਣਤੀ ਘੱਟ ਵਿਖਾਉਣ ਲਈ ਸੈਂਕੜੇ ਲਾਸ਼ਾਂ ਨੂੰ ਲੁਕਾ ਦਿੱਤਾ। ਮੁੱਖ ਮੰਤਰੀ ਨੇ ਭਾਜਪਾ ਦੇ ਵਿਧਾਇਕਾਂ 'ਤੇ ਨਿਸ਼ਾਨਾ ਵਿੰਨ੍ਹਦਿਆਂ ਦਾਅਵਾ ਕੀਤਾ ਕਿ ਭਾਜਪਾ ਵਿਧਾਇਕ ਮੇਰਾ ਸਾਹਮਣਾ ਕਰਨ ਤੋਂ ਡਰਦੇ ਹਨ, ਇਸ ਲਈ ਜਦੋਂ ਵੀ ਮੈਂ ਬੋਲਦੀ ਹਾਂ ਤਾਂ ਉਹ ਸਦਨ ਦਾ ਬਾਈਕਾਟ ਕਰਦੇ ਹਨ।

(**ਬਾਕੀ ਸਫ਼ਾ 30 'ਤੇ**)

**ਦਰਪਣ ਝੂਠ ਨਹੀਂ ਬੋਲਦਾ**

# ਮੌਜੂਦਾ ਅਕਾਲੀ ਤੇ ਪੰਥਕ ਸੰਕਟ ਦਾ ਹੱਲ ਕੀ ਹੋਵੇ ?

## ਜਥੇ. ਗਿ. ਹਰਪ੍ਰੀਤ ਸਿੰਘ ਦੀ ਬਰਖ਼ਾਸਤਗੀ ਬਾਅਦ ਪੰਥਕ ਹਲਕਿਆਂ 'ਚ ਵੱਡੀ ਬਹਿਸ ਛਿੜੀ

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰਨ ਮਗਰੋਂ ਇੱਕ ਵਾਰ ਮੁੜ ਸਿੱਖ ਜਗਤ ਵਿੱਚ ਮੰਗ ਉੱਠੀ ਹੈ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਤੇ ਸੇਵਾਵਾਂ ਆਦਿ ਬਾਰੇ ਨਿਯਮ ਬਣਾਏ ਜਾਣ। ਜਥੇਦਾਰਾਂ ਸਬੰਧੀ ਇਹ ਵਿਧੀ ਵਿਧਾਨ ਬਣਾਉਣ ਦੀ ਮੰਗ ਅੱਜ ਨਹੀਂ ਲਗਪਗ ਦੋ ਦਹਾਕੇ ਪਹਿਲਾਂ ਉਸ ਵੇਲੇ ਉੱਭਰੀ ਸੀ, ਜਦੋਂ ਸਭ ਤੋਂ ਪਹਿਲਾਂ ਜਥੇਦਾਰ ਗਿਆਨੀ ਰਣਜੀਤ ਸਿੰਘ ਨੂੰ ਜਬਰੀ ਸੇਵਾਮੁਕਤ ਕੀਤਾ ਗਿਆ ਅਤੇ ਉਨ੍ਹਾਂ ਤੋਂ ਬਾਅਦ ਗਿਆਨੀ ਪੂਰਨ ਸਿੰਘ ਨੂੰ ਇਸੇ ਢੰਗ ਤਰੀਕੇ ਨਾਲ ਸੇਵਾਵਾਂ ਖ਼ਤਮ ਕੀਤੀਆਂ ਗਈਆਂ। ਉਸ ਵੇਲੇ ਨਵੇਂ ਨਿਯੁਕਤ ਹੋਏ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਹੁਕਮ ਕੀਤਾ ਸੀ ਕਿ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਤੇ ਹੋਰ ਮਾਮਲਿਆਂ ਸਬੰਧੀ ਵਿਧੀ ਵਿਧਾਨ ਤਿਆਰ ਕੀਤਾ ਜਾਵੇ। ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਵਿਦਵਾਨਾਂ ਦੀ ਇੱਕ ਕਮੇਟੀ ਕਾਇਮ ਕੀਤੀ ਗਈ ਸੀ ਪਰ ਇਹ ਕਮੇਟੀ ਇੱਕ ਮੀਟਿੰਗ ਕਰਨ ਤੋਂ ਇਲਾਵਾ ਹੋਰ ਕੁਝ ਵੀ ਕਰਨ ਵਿੱਚ ਸਫ਼ਲ ਨਹੀਂ ਹੋ ਸਕੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਰਹੇ ਦਿਲਮੇਘ ਸਿੰਘ ਨੇ ਦੱਸਿਆ ਕਿ ਇਸ ਕਮੇਟੀ ਵਿੱਚ ਉਨ੍ਹਾਂ ਤੋਂ ਇਲਾਵਾ ਹੋਰ ਕਈ ਸਿੱਖ ਸ਼ਖ਼ਸੀਅਤਾਂ ਸ਼ਾਮਲ ਸਨ। ਉਨ੍ਹਾਂ ਨੇ ਸਿੱਖ ਸੰਸਥਾਵਾਂ ਅਤੇ ਸ਼ਖਸੀਅਤਾਂ ਕੋਲੋਂ ਇਸ ਸਬੰਧੀ ਸੁਝਾਅ ਲੈਣ ਲਈ ਇੱਕ ਈਮੇਲ ਵੀ ਤਿਆਰ ਕੀਤੀ ਸੀ। ਇਸ ਕਮੇਟੀ ਦੀ ਇੱਕ ਮੀਟਿੰਗ ਆਨੰਦਪੁਰ ਸਾਹਿਬ 'ਚ ਹੋਈ ਸੀ ਪਰ ਇਸ ਤੋਂ ਬਾਅਦ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ ਅਤੇ ਕੰਮ ਵਿਚਾਲੇ ਰਹਿ ਗਿਆ।



ਪਿਛਲੇ ਸਮੇਂ ਵਿੱਚ ਸ਼੍ਰੋਮਣੀ ਕਮੇਟੀ ਦੀ ਘਟੀ ਤਾਕਤ ਨੇ ਸਿੱਖਾਂ ਨੂੰ ਹਰ ਖੇਤਰ ਵਿੱਚ ਕਮਜ਼ੋਰ ਕੀਤਾ ਹੈ। ਇਸ ਕਾਰਨ ਕੇਂਦਰ ਤੇ ਪੰਜਾਬ ਸਰਕਾਰ ਸਿੱਖ ਮਸਲਿਆਂ ਬਾਰੇ ਸੁਣਵਾਈ ਨਹੀਂ ਕਰਦੀ। ਸਿੱਖਾਂ ਦੇ ਬਹੁਤ ਸਾਰੇ ਮਸਲੇ ਸਿਰਫ਼ ਇਸ ਗੱਲ ਨਾਲ ਹੀ ਹੱਲ ਹੋ ਸਕਦੇ ਹਨ, ਜੇਕਰ ਸ਼੍ਰੋਮਣੀ ਕਮੇਟੀ ਇੱਕ ਤਾਕਤਵਰ ਤੇ ਬਾ-ਵੱਕਾਰ ਸੰਸਥਾ ਹੋਵੇ। ਇਸ ਦਾ ਇਕੋ-ਇੱਕ ਹੱਲ ਇਹੀ ਦਿਖਾਈ ਦਿੰਦਾ ਹੈ ਕਿ ਸਿੱਖ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਵੱਲ ਉਦਮ ਕਰਨੇ। ਬੇਸ਼ੱਕ ਅੱਜ ਦੀਆਂ ਰਾਜਨੀਤਕ ਹਾਲਤਾਂ ਤੇ ਹੁਕਮਰਾਨ ਪਾਰਟੀ ਦੀ ਸੋਚ ਦੇ ਚਲਦਿਆਂ ਇਹ ਕੋਈ ਸੌਖਾ ਕੰਮ ਨਹੀਂ ਹੈ, ਪਰ ਜੇ ਸਿੱਖ ਇਹ ਨਿਸ਼ਚਾ ਕਰ ਲੈਣ ਤਾਂ ਸਰਕਾਰ ਸਿੱਖਾਂ ਦੀ ਇਹ ਮੰਗ ਮੰਨਣ ਲਈ ਮਜਬੂਰ ਹੋਵੇਗੀ।

ਹੁਣ ਤੱਕ ਆਲ ਇੰਡੀਆ ਗੁਰਦੁਆਰਾ ਐਕਟ ਦੇ ਕਈ ਖਰੜੇ ਬਣ ਚੁੱਕੇ ਹਨ ਤੇ ਇਸ ਨੂੰ ਬਣਨ ਤੋਂ ਰੋਕਣ ਲਈ ਅਕਾਲੀ ਦਲ ਦੇ ਆਗੂਆਂ ਦੀ ਦਿਲਚਸਪੀ ਨਾ ਹੋਣਾ ਤੇ ਉਨ੍ਹਾਂ ਦੇ ਆਪਣੇ ਹਿਤ ਵੀ ਜ਼ਿਆਦਾ ਜ਼ਿੰਮੇਵਾਰ ਹਨ। ਸਭ ਤੋਂ ਆਖਰੀ ਖਰੜਾ ਸ਼ਾਇਦ ਜਸਟਿਸ ਕੇ.ਐੱਸ. ਟਿਵਾਣਾ ਦੀ ਅਗਵਾਈ ਵਾਲੇ 7 ਮੈਂਬਰੀ ਪੈਨਲ ਨੇ ਬਣਾਇਆ ਸੀ। ਇਸ ਉਪਰ ਵਿਚਾਰ ਕਰਕੇ ਅਗਲੀ ਰਣਨੀਤੀ ਖਾਲਸਾ ਪੰਥ ਨੂੰ ਸਾਂਝੇ ਤੌਰ ਉਪਰ ਉਲੀਕਣ ਦੀ ਜ਼ਰੂਰਤ ਹੈ।

ਹਰ ਰਾਜ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਰਾਜਾਂ ਵਿਚਲੇ ਸਿੱਖਾਂ ਦੀ ਗਿਣਤੀ ਅਨੁਸਾਰ ਉਨ੍ਹਾਂ ਰਾਜ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਚੁਣੇ ਪ੍ਰਤੀਨਿਧਾਂ ਦੀ ਇੱਕ ਸਾਂਝੀ ਸ਼੍ਰੋਮਣੀ ਕਮੇਟੀ ਬਣੇ। ਹੋ ਸਕੇ ਤਾਂ ਬਾਕੀ ਦੇਸ਼ਾਂ ਜਿੱਥੇ ਸਿੱਖਾਂ ਦੀ ਵੱਡੀ ਗਿਣਤੀ ਵਸਦੀ ਹੈ, ਨੂੰ ਵੀ ਕਿਸੇ ਵਿਧਾਨਕ ਤਰੀਕੇ ਨਾਲ ਇਸ ਵਿੱਚ ਦਰਸ਼ਕਾਂ ਵਜੋਂ ਪ੍ਰਤੀਨਿਧਤਾ ਦਿੱਤੀ ਜਾਵੇ ਤੇ ਇਸ ਦਾ ਖ਼ਾਕਾ ਪੂਰੀ ਤਰ੍ਹਾਂ ਫੈਡਰਲ (ਸੰਘਾਤਮਿਕ) ਬਣਾਇਆ ਜਾਵੇ। ਇਸ ਬਾਰੇ ਸਾਰੀਆਂ ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ, ਸਿੱਖ ਚਿੰਤਕਾਂ, ਪ੍ਰਮੁੱਖ ਸਿੱਖ ਵਕੀਲਾਂ ਤੇ ਸੇਵਾਮੁਕਤ ਜੱਜਾਂ ਅਤੇ ਸਿੱਖ ਵਿਦਵਾਨਾਂ ਦੀ ਸਲਾਹ ਲਈ ਜਾ ਸਕਦੀ ਹੈ ਤੇ ਸਮੇਂ ਦੇ ਹਾਣ ਦਾ ਨਵਾਂ ਖਰੜਾ ਪੇਸ਼ ਕੀਤਾ ਜਾ ਸਕਦਾ ਹੈ। ਅਜਿਹੀ ਨਵੀਂ ਵਿਵਸਥਾ ਵਿੱਚ ਹੀ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਦੀਆਂ ਸ਼ਰਤਾਂ, ਤਰੀਕੇ, ਯੋਗਤਾ ਤੋਂ ਇਲਾਵਾ ਉਨ੍ਹਾਂ ਦਾ ਕਾਰਜ ਖੇਤਰ, ਅਧਿਕਾਰ, ਫ਼ਰਜ਼, ਤਾਕਤਾਂ ਅਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦਾ ਵਿਧੀ ਵਿਧਾਨ ਸ਼ਾਮਿਲ ਕੀਤਾ ਜਾ ਸਕਦਾ ਹੈ। ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖਤਾਂ ਦੀ ਚੋਣ ਦੇ ਸਿਸਟਮ ਅਤੇ ਯੋਗਤਾਵਾਂ ਬਾਰੇ ਨੀਤੀ ਬਣਾਉਣ ਦੀ ਲੋੜ ਹੈ।

(ਬਾਕੀ ਸਫ਼ਾ 31 'ਤੇ)

# 'ਆਪ' ਸਮੇਤ ਸਭ ਸੱਤਾਧਾਰੀਆਂ ਨੇ ਮੁਫ਼ਤ ਦੀਆਂ ਸਕੀਮਾਂ ਤਹਿਤ ਪੰਜਾਬ ਉਜਾੜਿਆ

## ਭਾਰਤ ਦੀ ਸਰਬਉੱਚ ਅਦਾਲਤ ਮੁਫ਼ਤ ਦੀਆਂ ਸਕੀਮਾਂ ਦੇ ਵਿਰੋਧ ਵਿੱਚ

### 2024-25 'ਚ 3 ਲੱਖ 53 ਹਜ਼ਾਰ ਕਰੋੜ ਤੋਂ ਪਾਰ ਹੋ ਚੁੱਕਾ ਹੈ ਪੰਜਾਬ 'ਤੇ ਕਰਜ਼ਾ

ਭਾਰਤ ਦੀ ਸਰਬਉੱਚ ਅਦਾਲਤ ਨੇ ਮੁਫ਼ਤ ਵੰਡੀਆਂ ਜਾ ਰਹੀਆਂ ਸਹੂਲਤਾਂ ਜੋ ਅਸਿੱਧੇ ਰੂਪ ਵਿੱਚ ਵੋਟਾਂ ਲੈਣ ਲਈ ਜਾਂ ਲਾਭ-ਪਾਤਰੀਆਂ ਦਾ ਵੋਟ ਬੈਂਕ ਖੜ੍ਹਾ ਕਰਨ ਦੀ ਨੀਅਤ ਨਾਲ ਦਿੱਤੀਆਂ ਜਾ ਰਹੀਆਂ ਹਨ, ਬਾਰੇ ਤਿੱਖਾ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ, ਕੀ ਅਸੀਂ 'ਰਿਓੜੀਆਂ' ਦੇ ਕੇ ਲੋਕਾਂ ਨੂੰ ਮੁੱਖਧਾਰਾ ਵਿੱਚ ਲਿਆਉਣ ਦੀ ਥਾਂ 'ਪਰ-ਜੀਵੀ' ਤਾਂ ਨਹੀਂ ਬਣਾ ਰਹੇ ? ਚੰਗੀ ਗਲ ਇਹ ਹੋਵੇਗੀ ਕਿ ਕਿ ਚੋਣਾਂ ਤੋਂ ਪਹਿਲਾਂ ਇਨ੍ਹਾਂ 'ਰਿਓੜੀਆਂ' ਨੂੰ ਰਿਸ਼ਵਤ ਮੰਨ ਕੇ ਸਰਬਉੱਚ ਅਦਾਲਤ ਵਲੋਂ ਇਨ੍ਹਾਂ 'ਤੇ ਰੋਕ ਲਾਉਣ ਦਾ ਫ਼ੈਸਲਾ ਹੋਵੇ। ਉਂਝ ਸੱਚ ਇਹੀ ਹੈ ਕਿ ਇਸ ਮੁਫ਼ਤਖੋਰੀ ਨੇ ਦੇਸ਼ ਦੇ ਬਹੁਤ ਸਾਰੇ ਲੋਕਾਂ ਨੂੰ ਕੰਮ ਕਰਨ ਜੋਗਾ ਨਹੀਂ ਛੱਡਿਆ ਜਾਂ ਉਨ੍ਹਾਂ ਨੂੰ ਕੰਮ ਕਰਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਅਜਿਹਾ ਜਾਪਦਾ ਹੈ ਕਿ ਰੋਟੀ-ਰੋਜ਼ੀ ਦੀ ਬੇਫ਼ਿਕਰੀ ਨੌਜਵਾਨਾਂ ਨੂੰ ਨਸ਼ੇ ਅਤੇ ਜੁਰਮ ਵੱਲ ਵੀ ਧੱਕ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਵੋਟਾਂ ਲਈ 'ਮੁਫ਼ਤ ਰਿਓੜੀਆਂ' ਦੀ ਪ੍ਰਥਾ ਭਾਰਤ ਵਿੱਚ 70 ਸਾਲ ਤੋਂ ਸ਼ੁਰੂ ਹੈ। ਇਸ ਦੀ ਸ਼ੁਰੂਆਤ ਕੇ. ਕਾਮਰਾਜ ਨੇ ਮਦਰਾਸ ਦੇ ਮੁੱਖ ਮੰਤਰੀ ਵਜੋਂ 1954-1963 ਵਿਚਕਾਰ ਕੀਤੀ ਸੀ। ਉਨ੍ਹਾਂ ਨੇ ਵਿਦਿਆਰਥੀਆਂ ਲਈ ਮੁਫ਼ਤ ਸਿੱਖਿਆ ਤੇ ਮੁਫ਼ਤ ਭੋਜਨ ਦੀ ਯੋਜਨਾ ਸ਼ੁਰੂ ਕੀਤੀ ਸੀ। ਖ਼ੈਰ ਇਹ ਕਿਸੇ ਹੱਦ ਤੱਕ ਮੁਫ਼ਤਖੋਰੀ ਨਾਲੋਂ ਚੰਗੇ ਭਵਿੱਖ ਦੀ ਯੋਜਨਾ ਸਮਝੀ ਜਾਣੀ ਚਾਹੀਦੀ ਹੈ ਪਰ ਅਸਲੀ ਮੁਫ਼ਤਖੋਰੀ 1967 ਵਿੱਚ ਡੀ.ਐਮ.ਕੇ. ਦੇ ਸੰਸਥਾਪਕ ਸੀ.ਐਨ. ਅੰਨਾਦੁਰਾਈ ਨੇ ਸ਼ੁਰੂ ਕੀਤੀ, ਜਦੋਂ ਉਨ੍ਹਾਂ ਨੇ ਚੋਣਾਂ ਵਿੱਚ 1 ਰੁਪਏ ਵਿੱਚ ਸਾਦੇ 4 ਕਿਲੋ ਚਾਵਲ ਦੇਣ ਵਰਗੇ ਵਾਅਦੇ ਕੀਤੇ। 1980 ਵਿੱਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ.ਟੀ. ਰਾਮਾਰਾਓ ਨੇ 2 ਰੁਪਏ ਵਿੱਚ ਚਾਵਲ ਦੇਣ ਦੀ ਯੋਜਨਾ ਲਾਗੂ ਕੀਤੀ ਸੀ। 1990 ਵਿੱਚ ਤਾਂ ਹੱਦ ਹੀ ਹੋ ਗਈ, ਜਦੋਂ ਇੱਕ ਪਾਸੇ ਏ.ਆਈ.ਏ.ਡੀ.ਐਮ.ਕੇ. ਦੀ ਨੇਤਾ ਜੈਲਲਿਤਾ ਨੇ ਚੋਣਾਂ ਵਿੱਚ ਮੁਫ਼ਤ ਸਾੜ੍ਹੀ, ਪ੍ਰੈਸ਼ਰ ਕੁੱਕਰ, ਟੈਲੀਵਿਜ਼ਨ ਤੇ ਵਾਸ਼ਿੰਗ ਮਸ਼ੀਨਾਂ ਦੇਣ ਵਰਗੇ ਵਾਅਦੇ ਕੀਤੇ ਤੇ ਦੂਸਰੇ ਪਾਸੇ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ 1997 ਵਿੱਚ ਦੇਸ਼ ਵਿੱਚ ਸਭ ਤੋਂ ਪਹਿਲਾਂ ਮੁਫ਼ਤ ਬਿਜਲੀ ਦੇਣੀ ਸ਼ੁਰੂ ਕੀਤੀ। 2006 ਵਿੱਚ ਡੀ.ਐੱਮ.ਕੇ. ਨੇ ਵੋਟਰਾਂ ਨੂੰ ਰੰਗਦਾਰ ਟੀ.ਵੀ. ਮੁਫ਼ਤ ਦੇਣ ਦਾ ਵਾਅਦਾ ਕੀਤਾ। 2015 ਵਿੱਚ ਆਮ ਆਦਮੀ ਪਾਰਟੀ ਨੇ ਮੁਫ਼ਤ ਬਿਜਲੀ ਪਾਣੀ ਦੇ ਵਾਅਦੇ ਨਾਲ ਦਿੱਲੀ ਦੀ ਸੱਤਾ 'ਤੇ ਕਬਜ਼ਾ ਕਰ ਲਿਆ। ਪੰਜਾਬ ਵਿੱਚ 2017 ਵਿੱਚ ਮੁਫ਼ਤ ਮੋਬਾਈਲ ਫ਼ੋਨ ਤੇ ਹੋਰ ਵਾਅਦਿਆਂ ਨਾਲ ਕਾਂਗਰਸ ਕਾਬਜ਼ ਹੋ ਗਈ। 2022 ਵਿੱਚ 'ਆਪ' ਪੰਜਾਬ ਵਿੱਚ ਤੇ ਕਾਂਗਰਸ ਹਿਮਾਚਲ ਪ੍ਰਦੇਸ਼ ਵਿੱਚ ਮੁਫ਼ਤ ਬਿਜਲੀ ਤੇ ਹੋਰ ਸਹੂਲਤਾਂ ਦੇਣ ਦੇ ਵਾਅਦਿਆਂ ਨਾਲ ਸੱਤਾ ਵਿੱਚ ਆਈ। ਹਾਲਾਂਕਿ ਪੰਜਾਬ ਵਿੱਚ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਦੇਣ ਦਾ ਵਾਅਦਾ ਅਜੇ ਪੂਰਾ ਨਹੀਂ ਹੋਇਆ। ਇੱਥੋਂ ਤੱਕ ਕਿ ਦਿੱਲੀ ਵਿੱਚ ਇੱਕ ਬੋਤਲ ਸ਼ਰਾਬ ਨਾਲ ਇੱਕ ਬੋਤਲ ਸ਼ਰਾਬ ਮੁਫ਼ਤ ਦੀਆਂ ਸਕੀਮਾਂ ਵੀ ਚਰਚਾ ਵਿੱਚ ਰਹੀਆਂ।

ਦੁਖਾਂਤਕ ਗੱਲ ਇਹ ਹੈ ਕਿ ਪੰਜਾਬ ਵਿੱਚ ਮੁਫ਼ਤਖੋਰੀ ਕਰਵਾਉਣ ਵਾਲੀ ਕਿਸੇ ਵੀ ਸਰਕਾਰ ਨੇ ਪੰਜਾਬ ਦੀ ਆਰਥਿਕਤਾ ਦੀ ਗਹਿਰਾਈ ਨਹੀਂ ਮਾਪੀ ਕਿ ਉਹ ਕਿੰਨਾ ਕੁ ਭਾਰ ਸਹਿ ਸਕਦੀ ਹੈ। ਨਤੀਜੇ ਵਜੋਂ ਪੰਜਾਬ ਵਿੱਚ 2027 ਤੱਕ ਕਰਜ਼ਾ 5 ਲੱਖ 50 ਹਜ਼ਾਰ ਕਰੋੜ ਰੁਪਏ ਹੋਣ ਦੇ ਅੰਦਾਜ਼ੇ ਲਾਏ ਜਾ ਰਹੇ ਹਨ। ਅਸਲ ਵਿੱਚ ਪੰਜਾਬ ਸਿਰ ਕਰਜ਼ਾ 1984 ਦੇ ਪੰਜਾਬ ਸੰਤਾਪ ਦੌਰ ਦਰਮਿਆਨ ਪੰਜਾਬ ਵਿੱਚ ਭੇਜੇ ਕੇਂਦਰੀ ਸੁਰੱਖਿਆ ਬਲਾਂ ਦੇ ਖਰਚੇ ਕਾਰਨ ਚੜ੍ਹਨਾ ਸ਼ੁਰੂ ਹੋਇਆ ਸੀ। ਸੰਨ 2000 ਵਿੱਚ ਪੰਜਾਬ ਸਿਰ ਸਿਰਫ਼ 8500 ਕਰੋੜ ਰੁਪਏ ਦਾ ਕਰਜ਼ਾ ਸੀ, ਜਿਸ ਨੂੰ ਮੁਆਫ਼ ਕਰਨ ਦਾ ਐਲਾਨ ਉਸ ਵੇਲੇ ਦੇ ਪੰਜਾਬੀ ਪ੍ਰਧਾਨ ਮੰਤਰੀ ਆਈ.ਕੇ. ਗੁਜਰਾਲ ਨੇ ਕੀਤਾ ਸੀ ਤੇ ਕੁਝ ਕਿਸ਼ਤਾਂ ਮੁਆਫ਼ ਵੀ ਹੋਈਆਂ ਸਨ ਪਰ ਮੁਫ਼ਤਖੋਰੀ ਦੀਆਂ ਸਕੀਮਾਂ ਸ਼ੁਰੂ ਹੋਣ ਕਾਰਨ ਸੰਨ 2006-07 ਵਿੱਚ ਪੰਜਾਬ ਸਿਰ ਕਰਜ਼ਾ 40 ਹਜ਼ਾਰ ਕਰੋੜ ਰੁਪਏ ਹੋ ਗਿਆ। 2009-10 ਵਿੱਚ ਇਹ ਕਰਜ਼ਾ 53 ਹਜ਼ਾਰ ਕਰੋੜ ਰੁਪਏ ਪਾਰ ਕਰ ਗਿਆ। 2014-15 ਵਿੱਚ ਇਹ ਕਰਜ਼ਾ 88818 ਕਰੋੜ ਰੁਪਏ ਤੇ 2019-20 ਵਿੱਚ 2 ਲੱਖ 29 ਹਜ਼ਾਰ 354 ਕਰੋੜ ਰੁਪਏ ਹੋ ਗਿਆ। 2021-22 ਵਿੱਚ 2 ਲੱਖ 61 ਹਜ਼ਾਰ ਕਰੋੜ ਰੁਪਏ ਅਤੇ ਹੁਣ 2024-25 ਵਿੱਚ 3 ਲੱਖ 53 ਹਜ਼ਾਰ ਕਰੋੜ ਤੋਂ ਪਾਰ ਹੋ ਚੁੱਕਾ ਹੈ। ਅਜੇ ਔਰਤਾਂ ਨੂੰ ਹਰ ਮਹੀਨੇ 1100 ਮੁਫ਼ਤ ਦੇਣ ਦੀ ਸ਼ੁਰੂਆਤ ਹੋਣੀ ਹੈ।

# ਇਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਹਮਲਾ ਕਰਨ ਦੀ ਤਿਆਰੀ 'ਚ ਇਜ਼ਰਾਇਲ, ਸਮਾਂ ਵੀ ਹੋ ਗਿਆ ਤੈਅ !

## ਅਮਰੀਕੀ ਖ਼ੁਫ਼ੀਆ ਰਿਪੋਰਟ ਨੇ ਹੰਗਾਮਾ ਮਚਾਇਆ



ਇਜ਼ਰਾਇਲੀ ਫ਼ੌਜ ਇਰਾਨ ਦੇ ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ ਅਤੇ ਉਹ ਇਸ ਯੋਜਨਾ 'ਤੇ ਮੌਜੂਦਾ ਸਾਲ ਵਿੱਚ ਹੀ ਅੱਗੇ ਵਧ ਸਕਦੀ ਹੈ। ਅਮਰੀਕੀ ਖ਼ੁਫ਼ੀਆ ਏਜੰਸੀਆਂ ਦਾ ਮੰਨਣਾ ਹੈ ਕਿ ਇਜ਼ਰਾਇਲ ਇਰਾਨ ਦੇ ਪ੍ਰਮਾਣੂ ਸਥਾਨਾਂ 'ਤੇ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਇਹ ਦਾਅਵਾ ਅਮਰੀਕੀ ਅਖ਼ਬਾਰ 'ਵਾਲ ਸਟਰੀਟ ਜਰਨਲ' ਨੇ ਅਮਰੀਕੀ ਖ਼ੁਫ਼ੀਆ ਅਧਿਕਾਰੀਆਂ ਦੇ ਹਵਾਲੇ ਨਾਲ ਕਈ ਰਿਪੋਰਟਾਂ ਵਿੱਚ ਕੀਤਾ ਹੈ। ਇਜ਼ਰਾਇਲ ਨੂੰ ਲੱਗਦਾ ਹੈ ਕਿ ਇੱਕ ਪਾਸੇ ਇਰਾਨ ਕਮਜ਼ੋਰ ਸਥਿਤੀ ਵਿੱਚ ਹੈ ਅਤੇ ਦੂਜੇ ਪਾਸੇ ਡੋਨਾਲਡ ਟਰੰਪ ਤੋਂ ਹੋਰ ਸਮਰਥਨ ਦੀ ਉਮੀਦ ਕੀਤੀ ਜਾ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ ਇਸ ਰਿਪੋਰਟ 'ਤੇ ਇਰਾਨ ਦੀ ਪ੍ਰਤੀਕਿਰਿਆ ਵੀ ਦੇਖੀ ਜਾ ਸਕਦੀ ਹੈ।

ਰਿਪੋਰਟ ਦੇ ਅਨੁਸਾਰ ਸਭ ਤੋਂ ਪਹਿਲਾਂ ਇਹ ਵਿਸ਼ਲੇਸ਼ਣ ਅਮਰੀਕੀ ਖ਼ੁਫ਼ੀਆ ਏਜੰਸੀਆਂ ਦੁਆਰਾ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੇ ਆਖਰੀ ਮਹੀਨੇ ਵਿੱਚ ਤਿਆਰ ਕੀਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਇਲ ਇਸ ਵੇਲੇ ਇਰਾਨ ਦੀਆਂ ਹਾਲੀਆ ਕਮਜ਼ੋਰੀਆਂ ਦਾ ਫਾਇਦਾ ਉਠਾਉਣਾ ਚਾਹੁੰਦਾ ਹੈ। ਇਸ ਤੋਂ ਬਾਅਦ, ਟਰੰਪ ਪ੍ਰਸ਼ਾਸਨ ਦੇ ਸ਼ੁਰੂਆਤੀ ਦਿਨਾਂ ਵਿੱਚ ਵੀ ਅਜਿਹਾ ਹੀ ਵਿਸ਼ਲੇਸ਼ਣ ਕੀਤਾ ਸੀ। ਉਸ ਸਮੇਂ ਵੀ ਇਹੀ ਸਿੱਟਾ ਕੱਢਿਆ ਗਿਆ ਸੀ ਕਿ 2025 ਵਿੱਚ ਇਜ਼ਰਾਇਲ ਵੱਲੋਂ ਇਰਾਨ ਉੱਤੇ ਹਮਲਾ ਹੋ ਸਕਦਾ ਹੈ। ਦਰਅਸਲ, ਅਮਰੀਕਾ ਅਤੇ ਇਜ਼ਰਾਇਲ ਲੰਬੇ ਸਮੇਂ ਤੋਂ ਕਹਿ ਰਹੇ ਹਨ ਕਿ ਇਰਾਨ ਪ੍ਰਮਾਣੂ ਬੰਬ ਬਣਾਉਣ ਵੱਲ ਵਧ ਰਿਹਾ ਹੈ ਅਤੇ ਇਸਨੂੰ ਰੋਕਣਾ ਜ਼ਰੂਰੀ ਹੈ।

ਇਜ਼ਰਾਇਲ ਦਾ ਮੰਨਣਾ ਹੈ ਕਿ ਡੋਨਾਲਡ ਟਰੰਪ ਸਾਬਕਾ ਰਾਸ਼ਟਰਪਤੀ ਬਾਈਡੇਨ ਨਾਲੋਂ ਅਜਿਹੇ ਹਮਲਿਆਂ ਵਿੱਚ ਸ਼ਾਮਲ ਹੋਣ ਲਈ ਵਧੇਰੇ ਤਿਆਰ ਹੋਣਗੇ। ਇਜ਼ਰਾਇਲ ਲਈ ਅਮਰੀਕੀ ਸਮਰਥਨ ਮਹੱਤਵਪੂਰਨ ਹੈ ਕਿਉਂਕਿ ਉਸਨੂੰ ਅਜਿਹੇ ਹਮਲਿਆਂ ਲਈ ਅਮਰੀਕੀ ਹਥਿਆਰਾਂ ਦੀ ਜ਼ਰੂਰਤ ਹੋਏਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ

(ਬਾਕੀ ਸਫ਼ਾ 31 'ਤੇ)

# ਦੀਪ ਵਿਛੜ ਗਿਐ ਪਰ ਉਸ ਦੀ ਰੂਹ ਅਜੇ ਵੀ ਸਾਡੇ ਨਾਲ ਨਾਲ ਤੁਰਦੀ ਹੈ



ਕਰਮਜੀਤ ਸਿੰਘ
ਚੰਡੀਗੜ੍ਹ
ਸੀਨੀਅਰ ਪੱਤਰਕਾਰ

## ਦੀਪ ਦੀ ਰਾਜਨੀਤਿਕ ਸੋਝੀ 'ਚ ਸਾਡਾ ਇਤਿਹਾਸ ਜਗਮਗ ਜਗਮਗ ਕਰਦਾ ਸੀ

### ਦੀਪ ਤੋਂ ਪਹਿਲਾਂ ਵਾਲੀ ਕਿਸਾਨੀ ਅਤੇ ਦੀਪ ਤੋਂ ਪਿੱਛੋਂ ਵਾਲੀ ਕਿਸਾਨੀ ਵਿੱਚ ਆਇਆ ਵੱਡਾ ਫਰਕ ਦੀਪ ਕਰਕੇ ਹੀ ਹੈ

15 ਫ਼ਰਵਰੀ ਨੂੰ ਦੀਪ ਸਿੱਧੂ ਸਾਥੋਂ ਸਦਾ ਲਈ ਵਿਛੜ ਗਿਆ ਸੀ,ਪਰ ਜਿਸਮ ਹੀ ਵਿਛੜਿਆ ਸੀ, ਰੂਹ ਅਜੇ ਵੀ ਮੇਰੇ ਨਾਲ ਨਾਲ ਤੁਰਦੀ ਹੈ। ਇੱਕ ਵੱਡਾ ਗੁਣ ਜੋ ਉਸ ਵਿੱਚ ਸੀ ਅਤੇ ਜੋ ਗੁਣ ਵਿਰਲਿਆਂ ਵਿੱਚੋਂ ਵਿਰਲਿਆਂ ਨੂੰ ਹੀ ਨਸੀਬ ਹੁੰਦਾ ਹੈ, ਉਹ ਗੁਣ ਇਹ ਸੀ ਕਿ ਉਹ ਤੁਹਾਨੂੰ ਜਗਾ ਕੇ ਰੱਖਦਾ ਸੀ, ਯਾਨੀ ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ ਉਹ ਖੁਦ ਵੀ ਜਾਗਦਾ ਸੀ ਤੇ ਤੁਹਾਨੂੰ ਵੀ ਜਗਾ ਕੇ ਰੱਖਦਾ ਸੀ। ਜ਼ਿੰਦਗੀ ਦੀਆਂ ਗਹਿਰਾਈਆਂ ਤੇ ਉਚਾਈਆਂ ਨੂੰ ਸਮਝਣ ਲਈ ਉਸ ਨੇ ਇਹ ਚਾਰੇ ਅਵਸਥਾਵਾਂ ਹਾਸਲ ਕਰ ਲਈਆਂ ਸਨ। ਜਾਗਣਾ ਤੇ ਜਗਾ ਕੇ ਰੱਖਣਾ ਕਿਸੇ ਕਿਸੇ ਨੂੰ ਹੀ ਤੋਹਫੇ ਵਿੱਚ ਮਿਲਦਾ ਹੈ। ਭਾਵੇਂ ਤੁਸੀਂ ਮੰਨੋ ਤੇ ਭਾਵੇਂ ਨਾ ਮੰਨੋ ਪਰ ਇਹੋ ਤੋਹਫਾ ਕਿਸੇ ਵੱਖਰੇ ਅੰਦਾਜ਼ ਵਿੱਚ,ਕਿਸੇ ਵੱਖਰੇ ਰੂਪ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਵੀ ਮਿਲਿਆ ਹੋਇਆ ਹੈ, ਯਾਨੀ ਵੱਖ ਵੱਖ ਰਾਹਾਂ ਉੱਤੇ ਚੱਲਣ ਵਾਲੇ ਦੋ ਮੁਸਾਫਰ ਇੱਕੋ ਮੰਜ਼ਲ ਵੱਲ ਜਾ ਰਹੇ ਸਨ। ਇਹ ਰਮਜ਼,ਇਹ ਭੇਤ, ਇਹ ਗੂੜੇ ਰਾਜ਼,ਇਹ ਵੱਡੀ ਗੱਲ ਮੇਰੀ ਕੌਮ ਨੂੰ ਦੇਰ ਨਾਲ ਸਮਝ ਵਿੱਚ ਆਵੇਗੀ ਕਿਉਂਕਿ ਸਾਡੀ ਕੌਮ ਦੇ ਰਹਿਬਰਾਂ ਦੀਆਂ ਤਮਾਮ ਵੰਨਗੀਆਂ ਦੇ ਜਿਸਮ ਭਾਵੇਂ ਆਜ਼ਾਦ ਹਨ ਪਰ ਰੂਹਾਂ ਆਜ਼ਾਦ ਨਹੀਂ ਹਨ। ਪਰ ਦੀਪ ਨੇ ਦੋਵੇਂ ਆਜ਼ਾਦੀਆਂ ਹਾਸਲ ਕਰ ਲਈਆਂ ਸਨ ਅਤੇ ਇਹੋ ਗੁਣ ਉਸਨੇ ਕੌਮ ਵਿੱਚ ਵੀ ਜਗਾ ਦਿੱਤਾ ਸੀ।

ਪਰ ਕੌਮ ਨੇ ਉਸਨੂੰ ਜਿਉਂਦਿਆਂ ਘੱਟ ਜਾਣਿਆ ਸੀ ਤੇ ਜਦੋਂ ਉਹ ਤੁਰ ਗਿਆ ਤਾਂ ਉਦੋਂ ਕੌਮ ਨੇ ਮਹਿਸੂਸ ਕੀਤਾ ਕਿ ਉਸ ਦੇ ਸਮੂਹਿਕ-ਜਿਸਮ ਦਾ ਇੱਕ ਜਰਖੇਜ਼ ਅੰਗ ਹੁਣ ਨਹੀਂ ਰਿਹਾ। ਉਹ ਬੰਦੇ ਜਿਹੜੇ ਸਦਾ ਆਪਣੀ ਕੌਮ ਲਈ ਜਗਦੇ ਤੇ ਜਿਉਂਦੇ ਰਹਿੰਦੇ ਹਨ ਉਹਨਾਂ ਨੇ ਸਭ ਤੋਂ ਵੱਧ ਵਿਛੋੜੇ ਦੀ ਇਹ ਪੀੜ ਇਕੱਲੇ ਇਕੱਲੇ ਮਹਿਸੂਸ ਕੀਤੀ ਅਤੇ ਅੱਜ ਵੀ ਕਰ ਰਹੇ ਹਨ। ਮੈਂ 81 ਵਰ੍ਹੇ ਵਿੱਚੋਂ ਲੰਘ ਰਿਹਾ ਹਾਂ ਅਤੇ ਮੈਂ ਵੱਡੇ ਵੱਡੇ ਖ਼ਾਲਸਾ ਪੰਥ ਦੇ ਇਕੱਠ ਵੇਖੇ ਹਨ ਅਤੇ ਉਹਨਾਂ ਇਕੱਠਾਂ ਵਿੱਚ ਵੱਸਦੀ ਸਾਂਝੀ-ਰੂਹ ਨੂੰ ਵੀ ਮੈਂ ਵੇਖ ਲੈਂਦਾ ਸੀ,ਪਰ ਦੀਪ ਦੀ ਅੰਤਿਮ ਅਰਦਾਸ ਸਮੇਂ ਫਤਿਹਗੜ੍ਹ ਸਾਹਿਬ ਵਿੱਚ ਆਈ ਖਲਕਤ ਵੱਖਰੀ ਤਰ੍ਹਾਂ ਦੀ ਸੀ। ਉਹ ਖਲਕਤ ਜਨਤਾ ਜਾਂ ਲੋਕ ਨਹੀਂ ਸੀ ਸਗੋਂ ਉਹ ਸਹੀ ਅਰਥਾਂ ਵਿੱਚ ਸੰਗਤ ਦਾ ਇਕੱਠ ਸੀ ਜਾਂ ਇੰਝ ਕਹਿ ਲਵੋ ਕਿ ਕੰਢਿਆਂ ਤੋਂ ਪਾਰ ਆਪ ਮੁਹਾਰਾ ਵਗਦਾ ਕੋਈ ਦਰਿਆ ਸੀ ਜਿਸ ਵਿੱਚ ਅਹਿਸਾਸ ਤੇ ਭਾਵਨਾਵਾਂ ਠਾਠਾਂ ਮਾਰ ਰਹੀਆਂ ਸਨ।



ਦੀਪ ਤੋਂ ਪਹਿਲਾਂ ਵਾਲੀ ਪੰਜਾਬ ਦੀ ਕਿਸਾਨੀ ਅਤੇ ਦੀਪ ਤੋਂ ਪਿੱਛੋਂ ਵਾਲੀ ਪੰਜਾਬ ਦੀ ਕਿਸਾਨੀ ਵਿੱਚ ਵੱਡਾ ਫਰਕ ਪਾਉਣ ਵਾਲਾ ਜੇ ਕੋਈ ਬੰਦਾ ਸਾਨੂੰ ਮਿਲਿਆ ਤਾਂ ਉਹ ਦੀਪ ਸਿੱਧੂ ਹੀ ਸੀ। ਪਹਿਲਾਂ ਵਾਲੀ ਕਿਸਾਨੀ ਇਹ ਸੋਚਦੀ ਸੀ ਕਿ ਜੇਕਰ ਫਸਲਾਂ ਦੇ ਭਾਅ ਵਧ ਜਾਣ ਤਾਂ ਅਸੀਂ ਖੁਸ਼ਹਾਲ ਹੋ ਜਾਵਾਂਗੇ ਪਰ ਦੀਪ ਨੇ ਚੇਤੇ ਕਰਾਇਆ ਕਿ ਨਹੀਂ ! ਨਹੀਂ !! ਫਸਲਾਂ ਦੀਆਂ ਕੀਮਤਾਂ ਨੂੰ ਆਪਣੀ ਹੋਂਦ ਨਾਲ ਜੋੜ ਕੇ ਅੱਗੇ ਵਧਿਆ ਜਾਵੇ ਤਾਂ ਹੀ ਪੰਜਾਬ ਦੁਨੀਆਂ ਦੇ ਦਿਲਾਂ ਉੱਤੇ ਰਾਜ ਕਰੇਗਾ। ਆਪਣੀ ਵੱਖਰੀ ਹੋਂਦ ਦੀ ਗੱਲ, ਆਪਣੇ ਨਿਆਰੇ ਵਜੂਦ ਦੀ ਗੱਲ, ਆਪਣੀ ਅਡਰੀ ਹਸਤੀ ਦੀ ਗੱਲ ਦੀਪ ਨੇ ਕੁਝ ਇਸ ਤਰ੍ਹਾਂ ਕੀਤੀ ਕਿ ਅਛੋਪਲੇ ਹੀ ਉਹ ਸਾਡੀ ਰੂਹ ਤੱਕ ਉਤਰ ਗਈ। ਇਤਿਹਾਸ ਨੇ ਦੀਪ ਨੂੰ ਅਜੇ ਇਸ ਰੰਗ ਵਿੱਚ ਪੂਰੀ ਤਰ੍ਹਾਂ ਨਹੀਂ ਦੇਖਿਆ। ਤੁਸੀਂ ਪਤਾ ਨਹੀਂ ਕਦੇ ਮਹਿਸੂਸ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ,ਪਰ ਪੰਜਾਬ ਦੀ ਹੁਣ ਵਾਲੀ ਕਿਸਾਨੀ ਦੀ ਚੇਤਨਾ ਦਾ ਪੱਧਰ ਜੇ ਉੱਚਾ ਨਜ਼ਰ ਆ ਰਿਹਾ ਹੈ ਤਾਂ ਉਸ ਜਰਖੇਜ-ਚੇਤਨਾ ਵਿੱਚ ਗੁਪਤ ਰੂਪ ਵਿੱਚ ਦੀਪ ਹੀ ਜਗਮਗ ਜਗਮਗ ਕਰ ਰਿਹਾ ਹੈ। ਉਸਦੇ ਜਾਣ ਪਿੱਛੋਂ ਫਰਾਂਸ ਤੇ ਹੋਰਨਾ ਮੁਲਕਾਂ ਵਿੱਚ ਕਿਸਾਨਾਂ ਦੇ ਸੰਘਰਸ਼ਾਂ ਵਿੱਚ ਵੀ ਦੀਪ-ਚੇਤਨਾ ਗੁਪਤ ਰੂਪ ਵਿੱਚ ਕੰਮ ਕਰ ਰਹੀ ਸੀ। ਦੀਪ ਦੀ ਸ਼ਖਸ਼ੀਅਤ ਦੇ ਦੋ ਸਰੂਪ ਸਨ ਜਾਂ ਦੋ ਰੰਗ ਸਨ-ਇੱਕ ਬਾਹਰਲਾ ਤੇ ਦੂਜਾ ਅੰਦਰਲਾ। ਉਸ ਦੀ ਜ਼ਿੰਦਗੀ ਵਿੱਚ ਇਹ ਦੋਵੇਂ ਰੂਪ ਪੂਰੀ ਤਰ੍ਹਾਂ ਜਲੌਅ ਵਿੱਚ ਆਏ। ਉਸ ਨੂੰ ਸੁਣ ਕੇ ਤੇ ਉਸਨੂੰ ਵੇਖ ਕੇ ਕਈ ਵਾਰ ਇਉਂ ਮਹਿਸੂਸ ਹੁੰਦਾ ਸੀ ਜਿਵੇਂ ਤੁਸੀਂ ਪੂਰੀ ਤਰ੍ਹਾਂ ਖਿੜੇ ਕਿਸੇ ਕਪਾਹ ਦੇ ਖੇਤ ਵਿੱਚੋਂ ਲੰਘ ਰਹੇ ਹੋਵੋ ਜਾਂ ਸਰੋਂ ਦੇ ਫੁੱਲਾਂ ਨਾਲ ਲੱਦੀ ਫਸਲ ਵਿੱਚ ਦੀਪ ਸਾਡੇ ਨਾਲ ਨਾਲ ਤੁਰ ਰਿਹਾ ਹੋਵੇ।

ਉਸ ਕੋਲ ਸ਼ਬਦਾਂ ਦਾ ਭਰਪੂਰ ਖਜ਼ਾਨਾ ਸੀ ਅਤੇ ਉਹ ਉਨਾਂ ਸ਼ਬਦਾਂ ਨੂੰ ਇੰਝ ਪੇਸ਼ ਕਰਦਾ ਕਿ ਚਿਰਾਂ ਤੋਂ ਦੱਬੀ ਸਾਡੀ ਕੋਈ ਪੀੜ ਉਸਦੀ ਪੀੜ ਬਣ ਗਈ ਸੀ। ਉਸਨੇ ਦੁਨਿਆਵੀ ਕਾਨੂੰਨ ਦੀ ਉੱਚੀ ਪੜ੍ਹਾਈ ਕੀਤੀ ਹੋਈ ਸੀ ਪਰ ਉਹ ਕਾਨੂੰਨੀ ਦਲੀਲਾਂ ਨੂੰ ਉੱਚੀ ਪੱਧਰ ਦੀਆਂ ਜਜ਼ਬਾਤੀ ਦਲੀਲਾਂ ਵਿੱਚ ਪਲਟ ਕੇ ਆਮ ਤੋਂ ਖਾਸ ਬੰਦੇ ਤੱਕ ਵੀ ਆਪਣੀ ਗੱਲ ਪਹੁੰਚਾ ਦਿੰਦਾ ਸੀ ਅਤੇ ਇੱਕ ਵਾਰ ਤਾਂ ਤੁਹਾਨੂੰ ਸੋਚਣੇ ਵੀ ਲਾ ਦਿੰਦਾ ਸੀ। ਤੁਹਾਨੂੰ ਇਹ ਲੱਗਣ ਲੱਗ ਪੈਂਦਾ ਸੀ ਕਿ ਕੋਈ ਰੂਹ ਵਾਲਾ ਵਖਰਾ ਬੰਦਾ ਇਸ ਧਰਤੀ ਉੱਤੇ ਉਤਰਿਆ ਹੈ।ਦੀਪ ਰੱਜ ਕੇ ਸੋਹਣਾ ਸੀ ਪਰ ਉਸ ਤੋਂ ਵੀ ਜ਼ਿਆਦਾ ਉਸ ਦੀ ਅੰਦਰਲੀ ਖੂਬਸੂਰਤੀ ਬਾਹਰਲੀ-ਖੂਬਸੂਰਤੀ ਨਾਲ ਰਲ ਕੇ ਉਸ ਨੂੰ ਹੋਰ ਵੀ ਸੋਹਣਾ ਬਣਾ ਦਿੰਦੀ ਸੀ। ਉਹ ਉੱਚੇ ਲੰਮੇ ਕਦ ਵਾਲਾ ਸੀ,ਪਰ ਉਸਦੇ ਅੰਦਰਲੇ ਕੱਦ ਦੀ ਉਡਾਰੀ ਉਸ ਤੋਂ ਵੀ ਜ਼ਿਆਦਾ ਉੱਚੀ ਸੀ। ਉਹ ਖੁੱਲੇ ਦਿਲ ਵਾਲਾ ਸੀ। ਅਸਮਾਨ ਜਿੱਡਾ ਵਿਸ਼ਾਲ ਹਿਰਦਾ ਰੱਖਦਾ ਸੀ। ਖ਼ਾਲਸਾ-ਸੱਭਿਆਚਾਰ ਦੀ ਖੂਬਸੂਰਤੀ ਦੇ ਬਹੁਤ ਸਾਰੇ ਰੰਗ ਉਸ ਵਿੱਚ ਛਿਪੇ ਪਏ ਸਨ ਅਤੇ ਉਹ ਸਹਿਜੇ ਸਹਿਜੇ ਉਸ ਦਿਸ਼ਾ ਵੱਲ ਵੱਧ ਵੀ ਰਿਹਾ ਸੀ ਜਿਸ ਦੀ ਕੌਮ ਨੂੰ ਉਡੀਕ ਲੱਗੀ ਹੋਈ ਸੀ। ਆਖਰੀ ਮਹੀਨਿਆਂ ਵਿੱਚ ਉਸਦੀ ਤਰਜ਼ੇ ਜ਼ਿੰਦਗੀ ਵਿੱਚ ਵੱਡੀ ਤਬਦੀਲੀ ਵੇਖੀ ਗਈ।

ਦੀਪ ਦੀ ਰਾਜਨੀਤਿਕ ਸੋਝੀ, ਦੀਪ ਦੀ ਰਾਜਨੀਤਿਕ ਸਮਝ, ਦੀਪ ਦੇ ਰਾਜਨੀਤਿਕ ਗਿਆਨ ਦੀਆਂ ਹੇਠਲੀਆਂ ਤਹਿਆਂ ਵਿੱਚ ਧਰਮ, ਕਲਚਰ, ਗੈਰਤ, ਅਣਖ, ਗਵਾਚਿਆ ਰਾਜ ਅਤੇ ਸਾਡੇ ਸ਼ਾਨਾ ਮੱਤੇ ਇਤਿਹਾਸ ਦੀਆਂ ਵਗ ਰਹੀਆਂ ਨਦੀਆਂ ਸਿਰਫ ਦੇਖ ਸਕਣ ਵਾਲੀ ਅੱਖ ਨੂੰ ਹੀ ਦਿਸ ਸਕਦੀਆਂ ਸਨ। ਪਰ ਸ਼ੈਤਾਨੀ ਤਾਕਤਾਂ ਨੂੰ ਇਹ ਸਭ ਕੁਝ ਦਿਸ ਗਿਆ ਸੀ,ਇਸ ਲਈ ਉਸ ਦਾ ਇਸ ਸੰਸਾਰ ਤੋਂ ਜਾਣਾ ਸ਼ੈਤਾਨੀ ਤਾਕਤਾਂ ਨੇ ਤਹਿ ਕਰ ਦਿੱਤਾ ਸੀ। ਆਪਾਂ ਇਹ ਗੱਲ ਕਿਉਂ ਨਹੀਂ ਸਮਝਦੇ ?

# ਭਾਰਤ ਸਰਕਾਰ ਦੇ ਅਨਿਆਂ ਕਾਰਨ ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰੀ ਖ਼ਤਰੇ ਵਿੱਚ ?

ਰਜਿੰਦਰ ਸਿੰਘ ਪੁਰੇਵਾਲ

ਖ਼ਾਲਿਸਤਾਨੀ ਸਿੱਖ ਪ੍ਰਚਾਰਕ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਇੱਕ ਵਾਰ ਫ਼ਿਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਸੰਸਦ ਮੈਂਬਰ ਨੇ ਅਦਾਲਤ ਤੋਂ ਲੋਕ ਸਭਾ ਸਕੱਤਰੇਤ ਵੱਲੋਂ ਜਾਰੀ ਸੰਮਨਾਂ ਦੀ ਪਾਲਣਾ ਕਰਦਿਆਂ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਲਈ ਨਿਰਦੇਸ਼ ਮੰਗੇ ਹਨ।

ਇਥੇ ਜ਼ਿਕਰਯੋਗ ਹੈ ਕਿ ਅਸਾਮ ਵਿੱਚ ਘਰ ਵਿੱਚ ਨਜ਼ਰਬੰਦੀ ਕਾਰਨ ਉਹ ਸੰਸਦ ਦੀ ਕਾਰਵਾਈ ਵਿੱਚ ਸ਼ਾਮਲ ਨਹੀਂ ਹੋ ਪਾ ਰਹੇ ਹਨ ਅਤੇ ਉਨ੍ਹਾਂ ਨੂੰ ਗ਼ੈਰਹਾਜ਼ਰ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸਦਾ ਉਦੇਸ਼ ਉਸਨੂੰ ਉਸਦੇ ਸੰਸਦੀ ਹਲਕੇ ਦੀ ਪ੍ਰਤੀਨਿਧਤਾ ਤੋਂ ਵਾਂਝਾ ਕਰਨਾ ਅਤੇ 60 ਦਿਨਾਂ ਦੀ ਗ਼ੈਰਹਾਜ਼ਰੀ ਪੂਰੀ ਹੋਣ ਤੋਂ ਬਾਅਦ ਉਸਦੀ ਸੀਟ ਨੂੰ ਖਾਲੀ ਘੋਸ਼ਿਤ ਕਰਨਾ ਹੈ, ਜਿਸਦੇ ਗੰਭੀਰ ਨਤੀਜੇ ਨਾ ਸਿਰਫ਼ ਅੰਮ੍ਰਿਤਪਾਲ ਸਿੰਘ ਲਈ ਸਗੋਂ ਉਸਦੇ ਹਲਕੇ ਦੇ ਵੋਟਰਾਂ ਲਈ ਵੀ ਹੋ ਸਕਦੇ ਹਨ।

ਇਸੇ ਲਈ, ਸੰਸਦ ਮੈਂਬਰ ਨੇ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ ਕਰਨ ਦੀ ਇਜਾਜ਼ਤ ਵੀ ਮੰਗੀ ਹੈ, ਤਾਂ ਜੋ ਉਹ ਆਪਣੇ ਸੰਸਦੀ ਹਲਕੇ ਦੀਆਂ ਸਮੱਸਿਆਵਾਂ ਅਤੇ ਵਿਕਾਸ ਦੇ ਮੁੱਦਿਆਂ 'ਤੇ ਚਰਚਾ ਕਰ ਸਕਣ। ਸੰਸਦ ਮੈਂਬਰ ਦਾ ਕਹਿਣਾ ਸੀ ਕਿ ਉਹ ਇੱਕ ਚੁਣੇ ਹੋਏ ਸੰਸਦ ਮੈਂਬਰ ਹਨ ਅਤੇ ਇਸ ਲਈ ਉਨ੍ਹਾਂ ਨੂੰ ਆਪਣੇ ਇਲਾਕੇ ਦੇ ਵਿਕਾਸ ਲਈ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨਾਲ ਗੱਲਬਾਤ ਕਰਨ ਦਾ ਪੂਰਾ ਅਧਿਕਾਰ ਹੈ ਅੰਮ੍ਰਿਤ ਪਾਲ ਸਿੰਘ ਨੇ ਦਾਇਰ ਆਪਣੀ ਪਟੀਸ਼ਨ ਵਿੱਚ, ਅੰਮ੍ਰਿਤਪਾਲ ਸਿੰਘ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਹ ਨਜ਼ਰਬੰਦੀ ਅਧਿਕਾਰੀਆਂ ਨੂੰ ਲੋਕ ਸਭਾ ਸਕੱਤਰੇਤ ਦੁਆਰਾ ਵਾਰ-ਵਾਰ ਜਾਰੀ ਕੀਤੇ ਗਏ ਸੰਮਨਾਂ ਦਾ ਸਨਮਾਨ ਕਰਨ ਅਤੇ ਲੋਕ ਸਭਾ ਸੈਸ਼ਨ ਸ਼ੁਰੂ ਹੁੰਦੇ ਹੀ ਉਸਨੂੰ ਉੱਥੇ ਪੇਸ਼ ਕਰਨ ਦਾ ਨਿਰਦੇਸ਼ ਦੇਵੇ। ਸੰਸਦ ਮੈਂਬਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਨਜ਼ਰਬੰਦੀ ਕਿਸੇ ਅਦਾਲਤੀ ਹੁਕਮ ਜਾਂ ਸਜ਼ਾ ਅਧੀਨ ਨਹੀਂ ਹੈ, ਸਗੋਂ ਉਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਅਧੀਨ ਰੋਕਥਾਮ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਿਸ ਨੂੰ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਉਨ੍ਹਾਂ ਦੀ ਨਿੱਜੀ ਸੰਤੁਸ਼ਟੀ ਦੇ ਆਧਾਰ 'ਤੇ ਲਾਗੂ ਕੀਤਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 2024 ਦੀਆਂ ਆਮ ਚੋਣਾਂ ਵਿੱਚ, ਉਹ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ ਅਤੇ ਉਨ੍ਹਾਂ ਨੇ ਚਾਰ ਲੱਖ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਸਨ। ਇਸ ਤਰ੍ਹਾਂ, ਉਹ ਆਪਣੇ ਹਲਕੇ ਦੇ 19 ਲੱਖ ਵੋਟਰਾਂ ਦਾ ਵਿਸ਼ਵਾਸ ਅਤੇ ਨੁਮਾਇੰਦਗੀ ਕਰਦੇ ਹਨ ।30 ਨਵੰਬਰ, 2024 ਨੂੰ, ਉਸਨੇ ਰਸਮੀ ਤੌਰ 'ਤੇ ਲੋਕ ਸਭਾ ਸਪੀਕਰ ਨੂੰ ਚੱਲ ਰਹੇ ਸੰਸਦੀ ਸੈਸ਼ਨਾਂ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਸੀ। ਪਟੀਸ਼ਨਕਰਤਾ ਨੂੰ ਦੱਸਿਆ ਗਿਆ ਕਿ ਉਹ ਹੁਣ ਤੱਕ 46 ਦਿਨਾਂ ਤੋਂ ਸੰਸਦ ਦੀ ਕਾਰਵਾਈ ਤੋਂ ਗ਼ੈਰਹਾਜ਼ਰ ਰਿਹਾ ਹੈ ਅਤੇ ਉਸਦੀ ਗ਼ੈਰਹਾਜ਼ਰੀ ਦਾ ਵਿਸਤ੍ਰਿਤ ਵੇਰਵਾ ਵੀ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਸੰਸਦ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗਣ ਲਈ ਇੱਕ ਨੁਮਾਇੰਦਗੀ ਵੀ ਸੌਂਪੀ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਇਸ 'ਤੇ ਕੋਈ ਜਵਾਬ ਨਹੀਂ ਮਿਲਿਆ ਹੈ।



ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 60 ਦਿਨਾਂ ਤੱਕ ਸੰਸਦ ਦੀ ਕਾਰਵਾਈ ਤੋਂ ਗ਼ੈਰਹਾਜ਼ਰ ਰਹਿਣ ਤੋਂ ਬਾਅਦ, ਉਸਦੀ ਸੀਟ ਨੂੰ ਖਾਲੀ ਘੋਸ਼ਿਤ ਕੀਤਾ ਜਾਵੇਗਾ ਅਤੇ ਨਵੀਆਂ ਚੋਣਾਂ ਕਰਵਾਈਆਂ ਜਾਣਗੀਆਂ। ਜਦੋਂ ਕਿ ਅਸਲੀਅਤ ਇਹ ਹੈ ਕਿ ਉਸਨੂੰ ਜ਼ਬਰਦਸਤੀ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਰੋਕਿਆ ਗਿਆ ਹੈ। ਅਜਿਹੀ ਸਥਿਤੀ ਵਿੱਚ, ਇਸਨੂੰ ਗੈਰਹਾਜ਼ਰੀ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਪ੍ਰਸ਼ਾਸਨ ਵੱਲੋਂ ਚੁੱਕਿਆ ਗਿਆ ਇੱਕ ਜ਼ਬਰਦਸਤੀ ਕਦਮ ਹੈ, ਜਿਸ ਦੁਆਰਾ ਪਟੀਸ਼ਨਕਰਤਾ ਨੂੰ ਸੰਸਦ ਤੋਂ ਦੂਰ ਰੱਖਿਆ ਜਾ ਰਿਹਾ ਹੈ। ਉਨ੍ਹਾਂ ਆਪਣੀ ਦਲੀਲ ਵਿੱਚ ਇਹ ਵੀ ਕਿਹਾ ਹੈ ਕਿ ਅਜਿਹੀ ਕਾਰਵਾਈ ਸੰਸਦ ਦੀ ਬੇਅਦਬੀ ਦੇ ਦਾਇਰੇ ਵਿੱਚ ਆਉਂਦੀ ਹੈ। ਹਾਈ ਕੋਰਟ ਵਿੱਚ ਦਾਇਰ ਇਸ ਪਟੀਸ਼ਨ ਰਾਹੀਂ ਅੰਮ੍ਰਿਤਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸੰਸਦ ਦੇ ਸੈਸ਼ਨਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ ਜੋ ਉਹ ਆਪਣੇ ਇਲਾਕੇ ਦੇ ਵੋਟਰਾਂ ਦੀ ਆਵਾਜ਼ ਬੁਲੰਦ ਕਰ ਸਕਣ ਅਤੇ ਲੋਕ ਸਭਾ ਵਿੱਚ ਉਨ੍ਹਾਂ ਦੀ ਸੀਟ ਬਚਾਈ ਜਾ ਸਕੇ। ਇਸ ਚੁਣੇ ਹੋਏ ਮੈਂਬਰ, ਜੋ ਸਿੱਖ ਘੱਟਗਿਣਤੀ ਹੈ, ਨਾਲ ਤੇ ਉਸਦੇ ਹਲਕੇ ਦੇ ਲੋਕਾਂ ਨਾਲ ਸਰਕਾਰਾਂ ਵੱਲੋਂ ਅਨਿਆਂ ਕੀਤਾ ਜਾ ਰਿਹਾ। ਉਸਨੇ ਨਾ ਭਾਰਤ ਸਰਕਾਰ ਵਿਰੁੱਧ ਬਗਾਵਤ ਕੀਤੀ ਹੈ ਨਾ ਹਿੰਸਾ ਨੂੰ ਪ੍ਰਮੋਟ ਕੀਤਾ ਹੈ। ਫ਼ਿਰ ਕਿਉਂ ਉਸ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਥ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਜਦੋਂ ਸੰਸਦ ਵਿੱਚ ਪ੍ਰਤੀਨਿਧ ਪਹੁੰਚ ਗਿਆ ਤਾਂ ਕਿਸੇ ਵੀ ਤਰੀਕੇ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਹੁੰ ਚੁੱਕਣੀ ਸੰਵਿਧਾਨ ਮੁਤਾਬਕ ਹੱਕ ਹੈ, ਇਹ ਕਿਸੇ ਤੋਂ ਖੋਹਿਆ ਨਹੀਂ ਜਾਣਦਾ ਚਾਹੀਦਾ। ਜੇਕਰ ਭਾਰਤੀ ਸੰਸਦ ਮੈਂਬਰਾਂ ਉੱਪਰ ਅਨੇਕਾਂ ਦੋਸ਼ਾਂ ਉੱਪਰ ਕੇਸ ਚਲ ਰਹੇ ਹਨ ਤਾਂ ਉਨ੍ਹਾਂ ਨੂੰ ਵਿਚਰਨ ਦੀ ਖੁੱਲ੍ਹ ਦਿਤੀ ਜਾ ਰਹੀ ਹੈ ਤਾਂ ਅੰਮ੍ਰਿਤ ਪਾਲ ਸਿੰਘ ਉੱਪਰ ਝੂਠੇ ਦੋਸ਼ ਲਗਾਕੇ ਬੰਦੀ ਕਿਉਂ ਬਣਾਇਆ ਗਿਆ ਹੈ।

# ਪੋਟਾਸ਼ ਦੇ ਭੰਡਾਰ ਮਿਲਣ ਕਾਰਨ ਪੰਜਾਬ ਜਲਦੀ ਹੀ ਮਾਈਨਿੰਗ ਦਾ ਇੱਕ ਨਵਾਂ ਕੇਂਦਰ ਬਣੇਗਾ

## ਪੰਜਾਬ ਸਰਕਾਰ ਨੂੰ ਵਿਆਪਕ ਨੀਤੀ ਬਣਾਉਣ ਦੀ ਲੋੜ

ਪਹਿਲਾਂ ਦੇਸ਼ ਭਰ ਵਿੱਚ ਮਾਈਨਿੰਗ ਰਾਹੀਂ ਸਾਮਾਨ ਪ੍ਰਾਪਤ ਕਰਨ ਲਈ ਸਿਰਫ਼ ਓਡੀਸ਼ਾ ਦਾ ਨਾਮ ਆਉਂਦਾ ਸੀ, ਪਰ ਹੁਣ ਪੰਜਾਬ ਵੀ ਪੋਟਾਸ਼ ਦੇ ਭੰਡਾਰ ਪ੍ਰਦਾਨ ਕਰਕੇ ਆਪਣਾ ਨਾਮ ਦਰਜ ਕਰਵਾਏਗਾ। ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਤਿੰਨ ਬਲਾਕਾਂ ਦੇ ਪੰਜ ਪਿੰਡਾਂ ਦੇ 18 ਕਿਲੋਮੀਟਰ ਦੇ ਖੇਤਰ ਵਿੱਚ ਜ਼ਮੀਨ ਹੇਠ ਪੋਟਾਸ਼ ਦੇ ਭੰਡਾਰ ਮਿਲੇ ਹਨ, ਜਿਸ ਕਾਰਨ ਪੰਜਾਬ ਜਲਦੀ ਹੀ ਮਾਈਨਿੰਗ ਦਾ ਇੱਕ ਨਵਾਂ ਕੇਂਦਰ ਬਣ ਜਾਵੇਗਾ।

ਬੀਤੇ ਦਿਨੀਂ ਇਹ ਗੱਲ ਪੰਜਾਬ ਦੇ ਮਾਈਨਿੰਗ ਵਿਭਾਗ ਦੇ ਮੰਤਰੀ ਬਰਿੰਦਰ ਗੋਇਲ ਨੇ ਕਹੀ ਸੀ। ਮੰਤਰੀ ਗੋਇਲ ਅਨੁਸਾਰ ਭਾਰਤ ਸਰਕਾਰ ਵੱਖ-ਵੱਖ ਦੇਸ਼ਾਂ ਤੋਂ ਲਗਭਗ 50 ਲੱਖ ਟਨ ਪੋਟਾਸ਼ ਦਰਾਮਦ ਕਰਦੀ ਹੈ, ਜਿਸਦੀ ਵਰਤੋਂ ਖਾਦਾਂ, ਫੀਡ ਅਤੇ ਹੋਰ ਚੀਜ਼ਾਂ ਵਿੱਚ ਕੀਤੀ ਜਾਂਦੀ ਹੈ। ਸ੍ਰੀ ਮੁਕਤਸਰ ਸਾਹਿਬ ਦੇ ਬਲਾਕ ਕਬਰਵਾਲਾ, ਫਾਜ਼ਿਲਕਾ ਜ਼ਿਲ੍ਹੇ ਦੇ ਬਲਾਕ ਸ਼ੇਰਵਾਲਾ ਅਤੇ ਰਾਮਸਰਾ ਅਤੇ ਬਲਾਕ ਸ਼ੇਰਗੜ੍ਹ ਅਤੇ ਦਲਮੀਰ ਖੇੜਾ ਵਿੱਚ ਪੋਟਾਸ਼ ਦੇ ਭੂਮੀਗਤ ਭੰਡਾਰ ਮਿਲੇ ਹਨ। ਇਹ ਪੋਟਾਸ਼ ਭੰਡਾਰ ਜ਼ਮੀਨੀ ਪੱਧਰ ਤੋਂ 450 ਮੀਟਰ ਜਾਂ 1500 ਫੁੱਟ ਹੇਠਾਂ ਮੌਜੂਦ ਹਨ, ਜਿਸ ਦਾ ਸਰਵੇਖਣ ਲਗਭਗ ਪੂਰਾ ਹੋ ਗਿਆ ਹੈ। ਪੰਜਾਬ ਸਰਕਾਰ ਨੇ 11 ਜੁਲਾਈ 2024 ਨੂੰ ਕਬਰਵਾਲਾ ਸਾਈਟ 'ਤੇ ਨਿਲਾਮੀ ਲਈ ਲਾਇਸੈਂਸ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਸਿਰਫ਼ ਨਿਲਾਮੀ ਪ੍ਰਕਿਰਿਆ ਬਾਕੀ ਹੈ, ਜੋ ਕਿ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਜਲਦੀ ਹੀ ਪੂਰੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੰਪਨੀਆਂ ਨੂੰ ਪੋਟਾਸ਼ ਦੇ ਨਾਲ-ਨਾਲ ਨਿਕਲਣ ਵਾਲੇ ਹੋਰ ਪਦਾਰਥਾਂ ਨੂੰ ਵੱਖ ਕਰਨ ਲਈ ਲਾਇਸੈਂਸ ਦਿੱਤੇ ਜਾਣਗੇ।

ਮੰਤਰੀ ਦੇ ਇਸ ਬਿਆਨ ਨਾਲ ਇਲਾਕਿਆਂ ਦੇ ਵਸਨੀਕਾਂ ਵਿੱਚ ਉਨ੍ਹਾਂ ਦੀਆਂ ਜ਼ਮੀਨਾਂ ਖੁਸਣ ਦਾ ਸਹਿਮ ਫੈਲਣਾ ਸ਼ੁਰੂ ਹੋ ਗਿਆ ਹੈ। ਪੋਟਾਸ਼ ਅਜਿਹਾ ਕੁਦਰਤੀ ਖਣਿਜ ਹੈ, ਜਿਸ ਦੀ ਵਰਤੋਂ ਭਾਰੀਆਂ ਤੇ ਕਲਰਾਠੀਆਂ ਜ਼ਮੀਨਾਂ ਨੂੰ ਉਪਜਾਊ ਬਣਾਉਣ ਲਈ ਕੀਤੀ ਜਾਂਦੀ ਹੈ। ਭਾਰਤ ਵਲੋਂ ਹਰ ਸਾਲ 50 ਲੱਖ ਟਨ ਪੋਟਾਸ਼ ਬਾਹਰੋਂ ਮੰਗਵਾਇਆ ਜਾਂਦਾ ਹੈ। ਰਾਜਸਥਾਨ ਦੇ ਬੀਕਾਨੇਰ ਅਤੇ ਹਨੂੰਮਾਨਗੜ੍ਹ ਜ਼ਿਲ੍ਹਿਆਂ 'ਚ ਕਈ ਸਾਲ ਪਹਿਲਾਂ ਹੀ 20 ਹਜ਼ਾਰ ਮਿਲੀਅਨ ਟਨ ਦੇ ਪੋਟਾਸ਼ੀਅਮ ਦੇ ਭੰਡਾਰਾਂ ਦੀ ਖੋਜ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕਾ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ 'ਚ ਵੀ ਪੋਟਾਸ਼ੀਅਮ ਦੇ ਕੁਝ ਭੰਡਾਰ ਪਾਏ ਜਾਂਦੇ ਹਨ। ਉਂਝ, ਰਾਜਸਥਾਨ 'ਚ ਪਿਛਲੇ ਸਾਲ ਹੀ ਠੇਕੇ ਦੇ ਕੇ ਪੋਟਾਸ਼ੀਅਮ ਦਾ ਖਣਨ ਸ਼ੁਰੂ ਕੀਤਾ ਗਿਆ ਸੀ, ਜੋ ਦੇਸ਼ 'ਚ ਪੋਟਾਸ਼ ਦੇ ਖਣਨ ਦਾ ਪਹਿਲਾ ਪ੍ਰਾਜੈਕਟ ਗਿਣਿਆ ਜਾਂਦਾ ਹੈ।

ਬੇਸ਼ੱਕ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ 'ਡਰਿਲਿੰਗ ਪ੍ਰਣਾਲੀ' ਨਾਲ ਪੋਟਾਸ਼ ਦੀ ਖੁਦਾਈ ਕੀਤੀ ਜਾਵੇਗੀ ਅਤੇ ਇਸ ਨਾਲ ਜ਼ਮੀਨਾਂ ਨੂੰ ਬਿਲਕੁਲ ਨੁਕਸਾਨ ਨਹੀਂ ਪਹੁੰਚੇਗਾ, ਪਰ ਇਹ ਨਹੀਂ ਹੋ ਸਕਦਾ ਕਿ ਉਪਜਾਊ ਜ਼ਮੀਨਾਂ ਦਾ ਨੁਕਸਾਨ ਨਾ ਹੋਵੇ। ਇਲਾਕੇ ਦੇ ਲੋਕਾਂ ਦੇ ਮਨਾਂ 'ਚ ਇਸ ਮੁਤੱਲਕ ਸ਼ੰਕੇ ਹਨ, ਜਿਨ੍ਹਾਂ ਨੂੰ ਉਂਝ ਹੀ ਰੱਦ ਨਹੀਂ ਕੀਤਾ ਜਾ ਸਕਦਾ।

# ਜਥੇਦਾਰ ਹਰਪ੍ਰੀਤ ਸਿੰਘ ਨੂੰ ਜਲੀਲ ਕਰ ਕੇ ਸੇਵਾਮੁਕਤ ਕਰਨਾ ਮੰਦਭਾਗਾ: ਜਥੇ. ਗਿ. ਰਘਬੀਰ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼: ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਜਥੇਦਾਰ ਹਰਪ੍ਰੀਤ ਸਿੰਘ ਦੇ ਹੱਕ 'ਚ ਬਿਆਨ ਸਾਹਮਣੇ ਆਇਆ ਹੈ । ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਦੇ ਘਟਨਾਕ੍ਰਮ ਵਾਪਰ ਰਹੇ ਹਨ, ਮੈਂ ਉਨ੍ਹਾਂ ਨੂੰ ਸਾਰੇ ਪੱਖਾਂ ਤੋਂ ਬੜੀ ਗੰਭੀਰਤਾ ਨਾਲ ਵਾਚ ਰਿਹਾ ਹਾਂ। ਇਨ੍ਹਾਂ ਹਾਲਾਤਾਂ ਤੋਂ ਮੇਰਾ ਮਨ ਬੇਹੱਦ ਦੁਖੀ ਹੋਇਆ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਲਈ ਵਰਤੇ ਗਏ ਕਾਰਨ ਅਤੇ ਤਰੀਕਾ ਬਿਲਕੁਲ ਵੀ ਸਹੀ ਨਹੀਂ ਹੈ। ਮਿਤੀ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਭਾਵਨਾਵਾਂ ਅਤੇ ਪਰੰਪਰਾਵਾਂ ਦੀ ਰੌਸ਼ਨੀ ਵਿੱਚ ਹੋਏ ਫ਼ੈਸਲਿਆਂ ਤੋਂ ਬਾਅਦ ਹੀ ਇਸ ਤਰ੍ਹਾਂ ਜਾਪ ਰਿਹਾ ਸੀ ਕਿ ਸਿੰਘ ਸਾਹਿਬਾਨ ਖ਼ਿਲਾਫ਼ ਗਿਣੇ ਮਿਥੇ ਤਰੀਕੇ ਦੇ ਨਾਲ ਮਾਹੌਲ ਬਣਾਇਆ ਜਾ ਰਿਹਾ ਹੈ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ 18 ਸਾਲ ਪੁਰਾਣੇ ਪਰਿਵਾਰਕ ਮਸਲੇ ਨੂੰ ਗ਼ਲਤ ਰੰਗਤ ਦੇ ਕੇ ਮੀਡੀਆ ਟਰਾਇਲ ਚਲਾਇਆ ਗਿਆ। ਇਸ ਸਬੰਧ ਵਿੱਚ ਬਤੌਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਮੈਂ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਕਮੇਟੀ ਬਿਠਾਉਣ ਵੇਲੇ ਵੀ ਆਖਿਆ ਸੀ ਕਿ ਇਹ ਠੀਕ ਨਹੀਂ ਹੈ। ਜੇਕਰ ਕਿਸੇ ਵੀ ਤਖ਼ਤ ਸਾਹਿਬ ਦੇ ਕਿਸੇ ਜਥੇਦਾਰ ਸਾਹਿਬ ਵਿਰੁੱਧ ਕਿਸੇ ਤਰ੍ਹਾਂ ਦੇ ਦੋਸ਼ਾਂ ਦੀ ਪੜਤਾਲ ਕਰਨ ਦੀ ਲੋੜ ਹੋਵੇ ਤਾਂ ਇਹ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਕਰਵਾ ਸਕਦਾ ਹੈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਫ਼ਿਰ ਵੀ ਅਹੁਦੇ ਤੋਂ ਸੇਵਾਮੁਕਤ ਕਰਨਾ ਮੰਦਭਾਗਾ ਹੈ। ਇਸ ਤਰ੍ਹਾਂ ਜਥੇਦਾਰ ਸਾਹਿਬਾਨ ਨੂੰ ਜਲੀਲ ਕਰ ਕੇ ਸੇਵਾਮੁਕਤ ਕਰਨਾ ਬੇਹੱਦ ਮੰਦਭਾਗਾ ਵਰਤਾਰਾ ਹੈ। ਇੱਕ ਵਾਰ ਫ਼ਿਰ ਆਪਣੀ ਆਤਮਾ ਤੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾਮੁਕਤ ਕਰਨਾ ਬੇਹੱਦ ਨਿੰਦਣਯੋਗ ਅਤੇ ਮੰਦਭਾਗਾ ਵਰਤਾਰਾ ਹੈ ਜੋ ਕਿ ਤਖ਼ਤ ਸਾਹਿਬਾਨ ਦੀ ਅਜਾਦ ਹੋਂਦ ਹਸਤੀ ਨੂੰ ਵੀ ਨੁਕਸਾਨ ਪਹੁੰਚਾਉਣ ਵਾਲਾ ਹੈ।

## ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਤਾਂ 18 ਲੱਖ ਪਈ ਸੀ ਤੇ ਹੁਣ ਮੈਂਬਰਸ਼ਿਪ 'ਚ 35 ਲੱਖ ਦੀ ਭਰਤੀ ਕਿਵੇਂ ਹੋ ਗਈ? : ਗਿ. ਹਰਪ੍ਰੀਤ ਸਿੰਘ

ਬਠਿੰਡਾ/ਏ.ਟੀ.ਨਿਊਜ਼: ਬਠਿੰਡਾ ਪੁੱਜੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੜ ਬਾਦਲ ਪਰਿਵਾਰ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਭਗੌੜਿਆਂ ਨੇ ਆਪਣੀ ਭਰਤੀ ਸ਼ੁਰੂ ਕੀਤੀ ਹੋਈ ਹੈ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਵਲੋਂ ਬਣਾਈ ਗਈ 7 ਮੈਂਬਰੀ ਕਮੇਟੀ ਨੂੰ ਇਨ੍ਹਾਂ ਭਗੌੜਿਆਂ ਨੇ ਦਰ-ਕਿਨਾਰ ਕੀਤਾ ਹੋਇਆ ਹੈ। ਬਾਦਲ ਪਰਿਵਾਰ ਹਮੇਸ਼ਾ ਮੇਰੇ 'ਤੇ ਆਰੋਪ ਲਾਉਂਦਾ ਸੀ ਕਿ ਮੇਰੀ ਭਾਜਪਾ ਨਾਲ ਸਾਂਝ ਹੈ। ਬੀਤੇ ਦਿਨ ਸੁਖਬੀਰ ਬਾਦਲ ਦੀ ਧੀ ਦੇ ਵਿਆਹ ਸਮਾਗਮ ਵਿੱਚ ਸਾਰੇ ਭਾਜਪਾ ਲੀਡਰ ਹੀ ਸਨ, ਮੈਂ ਤਾਂ ਇਕ, ਦੋ ਜਣੇ ਨੂੰ ਮਿਲਿਆ ਇਹ ਤਾਂ ਵਿਆਹ ਵਿੱਚ ਕਿੰਨਿਆਂ ਨੂੰ ਮਿਲੇ ਹਨ।



ਗਿਆਨੀ ਹਰਪ੍ਰੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਮੈਨੂੰ ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਕੁਝ ਲੋਕਾਂ ਨੇ ਮੇਰਾ ਅਪਮਾਨ ਕਰਨ ਦਾ ਯਤਨ ਕੀਤਾ ਪਰ ਜੇ ਅਕਾਲ ਪੁਰਖ ਦੀ ਕਿਰਪਾ ਹੋਵੇ ਤਾਂ ਕੋਈ ਕਿਸੇ ਦਾ ਅਪਮਾਨ ਨਹੀਂ ਕਰ ਸਕਦਾ। ਮੈਨੂੰ ਅਕਾਲ ਪੁਰਖ ਦੀ ਅਦਾਲਤ 'ਤੇ ਪੂਰਾ ਭਰੋਸਾ ਤੇ ਉਹੀ ਇਨਸਾਫ਼ ਕਰਨਗੇ।

ਉਨ੍ਹਾਂ ਕਿਹਾ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਲੋਕ ਸਭਾ ਦੀ ਚੋਣ ਹੋਈ ਉਦੋਂ ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਤਾਂ 18 ਲੱਖ ਪਈ ਸੀ ਤੇ ਹੁਣ ਮੈਂਬਰਸ਼ਿਪ ਵਿੱਚ 35 ਲੱਖ ਦੀ ਭਰਤੀ ਕਿਵੇਂ ਹੋ ਗਈ?

# ਸੁਖਬੀਰ ਸਿੰਘ ਬਾਦਲ ਨੂੰ ਪੰਥ 'ਚੋਂ ਛੇਕਿਆ ਜਾਵੇ : ਦਾਦੂਵਾਲ



ਚੰਡੀਗੜ੍ਹ/ਏ.ਟੀ.ਨਿਊਜ਼: ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਲਈ ਵਰਤੇ ਗਏ ਕਾਰਨਾਂ ਉੱਤੇ ਬੋਲਦਿਆਂ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਗੁਨਾਹਾਂ ਦੀ ਰਾਜਨੀਤਿਕ ਸਜ਼ਾ ਨਹੀਂ ਦਿੱਤੀ ਗਈ। ਭਾਵੇਂ ਉਸ ਨੂੰ ਧਾਰਮਿਕ ਸਜ਼ਾ ਦਿੱਤੀ ਗਈ ਸੀ ਪਰ ਉਹ ਵੀ ਉਸ ਨੂੰ ਹਜ਼ਮ ਨਹੀਂ ਹੋਈ। ਉਨ੍ਹਾਂ ਦੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਫ਼ਖਰ-ਏ-ਕੌਮ ਸਨਮਾਨ ਵਾਪਸ ਲੈਣ ਮਗਰੋਂ ਉਹ ਬਦਲੇ ਦੀ ਤਾਕ ਵਿੱਚ ਸੀ ਕਿ ਕਦੋਂ ਗਿਆਨੀ ਹਰਪ੍ਰੀਤ ਸਿੰਘ ਨਾਲ ਬਦਲਾ ਲੈਣਾ?

ਉਨ੍ਹਾਂ ਕਿਹਾ, ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਅੱਜ ਆਪਣੇ ਆਪ ਨੂੰ ਜਿੰਨਾ ਮਰਜ਼ੀ ਸੁਰੱਖਿਅਤ ਸਮਝ ਲੈਣ ਪਰ ਜਿਹੜੇ ਰਸਤੇ ਸੁਖਬੀਰ ਸਿੰਘ ਬਾਦਲ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਤੋਰਿਆ ਹੈ ਉਸੇ ਰਸਤੇ ਉਹ ਗਿਆਨੀ ਰਘਬੀਰ ਸਿੰਘ ਨੂੰ ਤੋਰਨਗੇ। ਇੱਜ਼ਤ ਸਨਮਾਨ ਦੇ ਨਾਲ ਗਿਆਨੀ ਰਘਬੀਰ ਸਿੰਘ ਦੁਬਾਰਾ ਗਿਆਨੀ ਹਰਪ੍ਰੀਤ ਸਿੰਘ ਨੂੰ ਜੁਆਇਨ ਕਰਵਾਉਣ ਜਾਂ ਤਾਂ ਖ਼ੁਦ ਵੀ ਅਸਤੀਫ਼ਾ ਦੇ ਦੇਣ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਗੁਨਾਹ ਰਾਜਨੀਤਿਕ ਸਨ। ਜਥੇਦਾਰ ਗਿਆਨੀ ਰਘਬੀਰ ਸਿੰਘ ਸਾਰੇ ਤਖ਼ਤਾਂ ਦੇ ਜਥੇਦਾਰਾਂ ਨਾਲ ਬੈਠਕ ਕਰਨ ਅਤੇ ਸੁਖਬੀਰ ਸਿੰਘ ਬਾਦਲ ਨੂੰ ਪੰਥ 'ਚੋਂ ਖ਼ਾਰਜ ਕਰਨ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਗ਼ੁਨਾਹ ਬਹੁਤ ਵੱਡੇ ਸਨ। ਉਸ ਨੂੰ ਰਾਜਨੀਤਿਕ ਸਜ਼ਾ ਨਾ ਦੇਣ ਕਾਰਨ ਪੰਥ 'ਚ ਰੋਸ ਸੀ। ਨਾਰਾਇਣ ਸਿੰਘ ਚੌੜਾ ਨੇ ਇਸੇ ਰੋਸ ਕਾਰਨ ਹੀ ਅਜਿਹੀ ਘਟਨਾ ਨੂੰ ਅੰਜ਼ਾਮ ਦਿੱਤਾ ਸੀ। ਜਿਸ ਤਰ੍ਹਾਂ ਲੰਡਨ ਦੀ ਧਰਤੀ 'ਤੇ ਜਾ ਕੇ ਸ. ਊਧਮ ਸਿੰਘ ਨੇ ਰੋਸ ਕੱਢਿਆ ਸੀ ਉਸੇ ਤਰ੍ਹਾਂ ਪੰਥ ਦਾ ਰੋਸ ਨਾਰਾਇਣ ਸਿੰਘ ਚੌੜਾ ਦੇ ਰੂਪ ਵਿੱਚ ਸਾਹਮਣੇ ਆਇਆ ਸੀ।

ਉਨ੍ਹਾਂ ਕਿਹਾ ਕਿ ਜੇਕਰ ਸੁਖਬੀਰ ਸਿੰਘ ਬਾਦਲ ਕੋਲ ਸ਼੍ਰੋਮਣੀ ਕਮੇਟੀ ਰਹਿੰਦੀ ਹੈ ਤਾਂ 2 ਦਸੰਬਰ ਦੇ ਫ਼ੈਸਲੇ 'ਚ ਸ਼ਾਮਲ ਸਾਰੇ ਜਥੇਦਾਰਾਂ ਨੂੰ ਅੱਜ ਹੀ ਆਪਣਾ ਬੋਰੀ ਬਿਸਤਰਾ ਬੰਨ੍ਹ ਲੈਣਾ ਚਾਹੀਦਾ ਹੈ। ਇੱਕ-ਇੱਕ ਕਰ ਕੇ ਸਾਰਿਆਂ ਉੱਤੇ ਇਲਜ਼ਾਮ ਲਗਾ ਕੇ ਕਾਰਵਾਈ ਕਰਵਾਈ ਜਾ ਸਕਦੀ ਹੈ।

## ਪਾਕਿ ਦੇ ਮੈਂਬਰ ਨੈਸ਼ਨਲ ਅਸੈਂਬਲੀ ਰਮੇਸ਼ ਲਾਲ ਪਤਨੀ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਾਕਿਸਤਾਨ ਦੇ ਸੂਬਾ ਸਿੰਧ ਦੇ ਸ਼ਹਿਰ ਲਰਕਾਣਾ ਤੋਂ ਪਾਕਿਸਤਾਨ ਪੀਪਲਜ਼ ਪਾਰਟੀ ਦੇ ਪੁਰਾਣੇ ਚੱਲਦੇ ਆ ਰਹੇ ਮੈਂਬਰ ਨੈਸ਼ਨਲ ਅਸੈਂਬਲੀ ਰਮੇਸ਼ ਲਾਲ ਪਤਨੀ ਸਮੇਤ ਨਤਮਸਤਕ ਹੋਏ।

ਇਸ ਦੌਰਾਨ ਜਿੱਥੇ ਉਨ੍ਹਾਂ ਨੇ ਗੁਰਬਾਣੀ ਕੀਰਤਨ ਸੁਣਿਆ, ਉੱਥੇ ਹੀ ਦੋਵਾਂ ਦੇਸ਼ਾਂ ਦੇ ਚੰਗੇ ਸਬੰਧਾਂ ਲਈ ਵਾਹਿਗੁਰੂ ਦੇ ਚਰਨਾਂ 'ਚ ਅਰਦਾਸ ਵੀ ਕੀਤੀ।

ਇਸ ਮੌਕੇ ਰਮੇਸ਼ ਲਾਲ ਨੇ ਭਾਰਤ ਪਾਕਿਸਤਾਨ ਦੇਸ਼ਾਂ ਵਿੱਚ ਸੁੱਖ ਸ਼ਾਂਤੀ ਅਤੇ ਖੁੱਲ੍ਹੇ ਵਪਾਰ ਲਈ ਵੀ ਦੋਵਾਂ ਦੇਸ਼ਾਂ ਲਈ ਗੁਰੂ ਰਾਮਦਾਸ ਸਾਹਿਬ ਜੀ ਦੇ ਅੱਗੇ ਅਰਦਾਸ ਬੇਨਤੀ ਕੀਤੀ।

ਰਮੇਸ਼ ਲਾਲ ਨੂੰ ਸੂਚਨਾ ਕੇਂਦਰ ਵਿਖੇ ਐਡੀਸ਼ਨਲ ਮੈਨੇਜਰ ਰਜਿੰਦਰ ਸਿੰਘ ਰੂਬੀ ਅਟਾਰੀ, ਮੀਤ ਮੈਨੇਜਰ ਸਤਨਾਮ ਸਿੰਘ ਝਬਾਲ, ਸੂਚਨਾ ਅਧਿਕਾਰੀ ਜਤਿੰਦਰ ਸਿੰਘ, ਸੂਚਨਾ ਅਧਿਕਾਰੀ ਸਰਬਜੀਤ ਸਿੰਘ ਨੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ।

# ਦਰਬਾਰ ਸਾਹਿਬ ਲਈ ਤਿੰਨ ਬੱਸਾਂ ਤੇ ਤਿੰਨ ਵੈਨਾਂ ਭੇਟ

ਅੰਮ੍ਰਿਤਸਰ/ਏ.ਟੀ.ਨਿਊਜ਼: ਐਚ.ਡੀ.ਐਫ.ਸੀ. ਬੈਂਕ ਵੱਲੋਂ ਕਾਰਪੋਰੇਟ ਸਮਾਜਿਕ ਜਿੰਮੇਵਾਰੀ (ਸੀ.ਐੱਸ.ਆਰ.) ਪ੍ਰੋਗਰਾਮ ਤਹਿਤ ਤਿੰਨ ਬੱਸਾਂ ਅਤੇ ਤਿੰਨ ਵੈਨਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੀ ਸੰਗਤ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ ਗਈਆਂ।



ਇਸ ਮੌਕੇ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰਕੇ ਅਰਦਾਸ ਕਰਨ ਉਪਰੰਤ ਐਚ.ਡੀ.ਐਫ.ਸੀ. ਬੈਂਕ ਅਧਿਕਾਰੀਆਂ ਨੇ ਇਨ੍ਹਾਂ ਵਾਹਨਾਂ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬਾਨ ਦੇ ਸੰਚਾਰੂ ਪ੍ਰਬੰਧਾਂ ਦੇ ਨਾਲ-ਨਾਲ ਵਿਦਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੀਆਂ ਸੇਵਾਵਾਂ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਂਦੇ ਕਾਰਜਾਂ ਵਿੱਚ ਸੰਗਤ ਅਤੇ ਵੱਖ-ਵੱਖ ਅਦਾਰਿਆਂ ਵੱਲੋਂ ਵੀ ਵੱਡਾ ਯੋਗਦਾਨ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਐਚ.ਡੀ.ਐਫ.ਸੀ. ਬੈਂਕ ਵੱਲੋਂ ਸੰਗਤ ਦੀ ਸਹੂਲਤ ਲਈ ਸੀ.ਐੱਸ.ਆਰ. ਪ੍ਰੋਗਰਾਮ ਤਹਿਤ 52 ਸੀਟਰ ਤਿੰਨ ਬੱਸਾਂ ਅਤੇ ਤਿੰਨ ਛੋਟੀਆਂ ਵੈਨਾਂ ਭੇਟ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਐਚ.ਡੀ.ਐਫ.ਸੀ. ਬੈਂਕ ਵੱਲੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਸਹੂਲਤ ਲਈ ਕੰਪਿਊਟਰ ਅਤੇ ਸਮਾਰਟ ਕਲਾਸ ਪ੍ਰੋਜੈਕਟਰ ਆਦਿ ਦਿੱਤੇ ਗਏ ਸਨ।

ਉਨ੍ਹਾਂ ਨੇ ਬੈਂਕ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਬੈਂਕ ਵੱਲੋਂ ਅੱਗੇ ਵੀ ਸ਼੍ਰੋਮਣੀ ਕਮੇਟੀ ਦੇ ਕਾਰਜਾਂ ਵਿੱਚ ਸਹਿਯੋਗ ਕਰਨ ਦੀ ਆਸ ਪ੍ਰਗਟਾਈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਐਚ.ਡੀ.ਐਫ.ਸੀ. ਬੈਂਕ ਅਧਿਕਾਰੀਆਂ ਨੂੰ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ ਲੋਈ ਦੇ ਕੇ ਸਨਮਾਨਿਤ ਵੀ ਕੀਤਾ।

## ਜ਼ਿੰਮੇਵਾਰ ਪੰਥਕ ਅਹੁਦੇ ਤੋਂ ਅਸਤੀਫ਼ਾ ਕਿਸੇ ਮੁਸ਼ਕਿਲ ਦਾ ਹੱਲ ਨਹੀਂ: ਬਾਬਾ ਬਲਬੀਰ ਸਿੰਘ 96 ਕਰੋੜੀ

ਅੰਮ੍ਰਿਤਸਰ/ਏ.ਟੀ.ਨਿਊਜ਼: ਮੌਜੂਦਾ ਪੰਥਕ ਹਲਾਤਾਂ 'ਤੇ ਗਹਿਰੀ ਚਿੰਤਾ ਵਿਅਕਤ ਕਰਦਿਆਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਰਵਾਂ ਰਵੀ ਚੱਲ ਦੇ ਕੰਮ ਵਿੱਚ ਅਸਤੀਫ਼ਾ ਕਿਹੜੀਆਂ ਮੁਸ਼ਕਿਲਾਂ ਦਿਕਤਾਂ ਦੀ ਮਜ਼ਬੂਰੀ ਕਾਰਨ ਦਿਤਾ ਉਹ ਵੀ ਪੰਥ ਨਾਲ ਸਾਂਝੀਆਂ ਕਰਨ ਦੀ ਅੱਜ ਲੋੜ ਹੈ। ਧਾਮੀ ਸਾਹਿਬ ਦਾ ਅਸਤੀਫ਼ਾ ਦੋਹਰੇ ਮਾਪ ਦੰਡ ਵਾਲਾ ਹੈ ਪਰ ਅਫ਼ਸੋਸਨਾਇਕ ਹੈ।



ਉਨ੍ਹਾਂ ਕਿਹਾ ਕਿ ਏਥੇ ਸਵਾਲ ਪੈਦਾ ਹੁੰਦਾ ਹੈ ਕਿ ਜਥੇਦਾਰ ਗਿ. ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਬਰਖ਼ਾਸਤ ਕਰਨ ਵੇਲੇ ਤਖ਼ਤ ਸਾਹਿਬ ਦੇ ਜਥੇਦਾਰਾਂ ਦਾ ਸਤਿਕਾਰ ਕਿਉਂ ਨਾ ਕਾਇਮ ਰੱਖਣ ਦਾ ਖਿਆਲ ਆਇਆ।

ਉਨ੍ਹਾਂ ਦਾ ਅਸਤੀਫ਼ਾ ਕਈ ਕਿਸਮ ਦੇ ਸੰਕੇ ਖੜੇ ਕਰਦਾ ਹੈ। ਇਸ ਨਾਲ ਪੰਥਕ ਵਿਵਾਦ ਹੋਰ ਡੂੰਘੇ ਹੋਣ ਦਾ ਖ਼ਦਸਾ ਹੈ। ਸੱਚੀ ਸੁੱਚੀਆਂ ਪੰਥਕ ਭਾਵਨਾ ਵਾਲੀਆਂ ਸਖ਼ਸ਼ੀਅਤਾਂ ਤੇ ਰਾਜਸੀ ਲੋਕਾਂ ਵੱਲੋਂ ਮਾਨਸਿਕ ਦਬਾਅ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਗੁਰਮਤਿ ਅਨੁਸਾਰ ਹੋਵੇ ਮੌਜੂਦਾ ਪੰਥਕ ਸੰਕਟ ਦਾ ਹੱਲ

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਕਾਰਨ ਪੰਥ ਵਿੱਚ ਪੈਦਾ ਹੋਇਆ ਮੌਜੂਦਾ ਸੰਕਟ ਹੋਰ ਡੂੰਘਾ ਹੋ ਗਿਆ ਹੈ। ਸ੍ਰ. ਧਾਮੀ ਦੇ ਅਸਤੀਫ਼ੇ ਨੇ ਜਿਥੇ ਪੰਥਕ ਗਲਿਆਰਿਆਂ ਵਿੱਚ ਜਿਥੇ ਨਵੀਂ ਚਰਚਾ ਛੇੜੀ ਹੈ, ਉਥੇ ਹੁਣ ਸਭ ਦੀਆਂ ਨਜ਼ਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੱਲ ਲੱਗ ਗਈਆਂ ਹਨ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਕੀ ਫ਼ੈਸਲਾ ਲੈਂਦੇ ਹਨ ? ਸ੍ਰ.ਧਾਮੀ ਦੇ ਅਸਤੀਫ਼ੇ ਤੋਂ ਬਾਅਦ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ’ਤੇ ਨੈਤਿਕ ਦਬਾਅ ਪੈਣਾ ਸ਼ੁਰੂ ਹੋ ਗਿਆ ਹੈ ਕਿ ਉਹ ਪੰਥਕ ਮਰਿਆਦਾ ਅਨੁਸਾਰ ਆਪਣੇ ਅਗਲੇ ਫ਼ੈਸਲੇ ਲੈਣ ਅਤੇ ਅਕਾਲੀ ਦਲ ਨੂੰ ਮੁੜ ਪੰਥਕ ਧਾਰਾ ਨਾਲ ਜੋੜਨ।

ਸ਼੍ਰੋਮਣੀ ਅਕਾਲੀ ਦਲ ਲੰਬਾ ਸਮਾਂ ਸਿੱਖਾਂ ਦੀ ਪੰਥਕ ਜਥੇਬੰਦੀ ਰਹੇ ਹੋਣ ਦਾ ਮਾਣ ਹਾਸਿਲ ਕਰ ਚੁੱਕਿਆ ਹੈ ਅਤੇ ਇੱਕ ਸਮਾਂ ਅਜਿਹਾ ਵੀ ਸੀ ਕਿ ਹਰ ਸਿੱਖ ਹੀ ਆਪਣੇ ਆਪ ਨੂੰ ਅਕਾਲੀ ਸਮਝਦਾ ਸੀ ਅਤੇ ਅਕਾਲੀ ਦਲ ਦੀਆਂ ਪੱਕੀਆਂ ਪੰਥਕ ਵੋਟਾਂ ਸਨ। ਇਹਨਾਂ ਪੱਕੀਆਂ ਪੰਥਕ ਵੋਟਾਂ ਕਾਰਨ ਹੀ ਅਕਾਲੀ ਦਲ ਹਰ ਤਰ੍ਹਾਂ ਦੀਆਂ ਵੋਟਾਂ ਵਿੱਚ ਜਿੱਤ ਜਾਂਦਾ ਸੀ ਤੇ ਇਹਨਾਂ ਪੰਥਕ ਵੋਟਾਂ ਕਾਰਨ ਹੀ ਅਕਾਲੀ ਦਲ ਅਨੇਕਾਂ ਸਾਲ ਪੰਜਾਬ ਵਿੱਚ ਸੱਤਾ ਦਾ ਸੁੱਖ ਭੋਗਦਾ ਰਿਹਾ। ਕਈ ਸਾਲ ਪਹਿਲਾਂ ਅਕਾਲੀ ਦਲ ਦੇ ਉਸ ਸਮੇਂ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੇ ਸਿੱਖੀ ਅਤੇ ਪੰਥਕ ਸਰੂਪ ਨੂੰ ਤਿਲਾਂਜਲੀ ਦਿੰਦਿਆਂ ਇਸ ਨੂੰ ਪੂਰੇ ਪੰਜਾਬੀਆਂ ਦੀ ਪਾਰਟੀ ਬਣਾ ਦਿੱਤਾ ਗਿਆ। ਜਿਸ ਤੋਂ ਬਾਅਦ ਇਸ ਪਾਰਟੀ ਦਾ ਸਰੂਪ ਹੋਲੀ ਹੋਲੀ ਬਦਲਣਾ ਸ਼ੁਰੂ ਹੋ ਗਿਆ। ਭਾਵੇਂ ਕਿ ਇਹ ਪਾਰਟੀ ਕਾਫ਼ੀ ਸਮਾਂ ਸੱਤਾ ਦਾ ਸੁੱਖ ਭੋਗਦੀ ਰਹੀ ਪਰ ਬੇਦਅਬੀ ਮੁੱਦਿਆਂ ਕਾਰਨ ਇਸ ਪਾਰਟੀ ਤੋਂ ਇਸ ਦੀਆਂ ਪੰਥਕ ਵੋਟਾਂ ਹੀ ਇਸ ਤੋਂ ਦੂਰ ਹੋ ਗਈਆਂ, ਜਿਸ ਕਾਰਨ ਅਕਾਲੀ ਦਲ ਵੱਖ-ਵੱਖ ਕਿਸਮ ਦੀਆਂ ਚੋਣਾਂ ਵਿੱਚ ਹਾਰਦਾ ਚਲਾ ਗਿਆ। ਜਿਸ ਕਾਰਨ ਅਕਾਲੀ ਦਲ ਇੱਕ ਤਰ੍ਹਾਂ ਪੰਜਾਬ ਦੀ ਸਿਆਸਤ ਵਿੱਚ ਹਾਸ਼ੀਏ ’ਤੇ ਪਹੁੰਚ ਗਿਆ।

ਕੁਝ ਸਮਾਂ ਪਹਿਲਾਂ ਅਕਾਲੀ ਦਲ ਬਾਦਲ ਤੋਂ ਬਾਗੀ ਹੋਏ ਅਕਾਲੀ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਪਹੁੰਚੇ ਅਤੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਨੇ ਆਪਣਾ ਫ਼ੈਸਲਾ ਸੁਣਾਉਂਦਿਆਂ ਅਕਾਲੀ ਦਲ ਵਿੱਚ ਨਵੀਂ ਭਰਤੀ ਕਰਨ ਲਈ ਕਿਹਾ ਅਤੇ ਇਸ ਮੌਕੇ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ। ਸੁਖਬੀਰ ਬਾਦਲ ਵੱਲੋਂ ਭਾਵੇਂ ਆਪਣੀ ਧਾਰਮਿਕ ਸਜ਼ਾ ਤਾਂ ਭੁਗਤ ਲਈ ਗਈ, ਪਰ ਇਸ ਤੋਂ ਬਾਅਦ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਕੁਝ ਅਕਾਲੀ ਆਗੂਆਂ ਵਿਚਾਲੇ ਕੁਝ ਵਿਵਾਦ ਹੋ ਗਿਆ। ਉਸ ਤੋਂ ਬਾਅਦ ਦੇ ਘਟਨਾਕ੍ਰਮ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਉਹਨਾਂ ਦੇ ਅਹੁਦੇ ਤੋਂ ਫ਼ਾਰਗ ਕਰ ਦਿੱਤਾ ਗਿਆ। ਜੇ ਗਿਆਨੀ ਹਰਪ੍ਰੀਤ ਸਿੰਘ ਚਾਹੁੰਦੇ ਤਾਂ ਉਹ ਵੀ ਅਸਤੀਫ਼ਾ ਦੇ ਸਕਦੇ ਸਨ ਪਰ ਉਹਨਾਂ ਨੇ ਅਸਤੀਫ਼ਾ ਦੇਣ ਦੀ ਥਾਂ ਹਰ ਸਥਿਤੀ ਦਾ ਡਟ ਕੇ ਸਾਹਮਣਾ ਕੀਤਾ। ਇਸੇ ਕਾਰਨ ਪੰਥ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੇ ਪੱਖ ਵਿੱਚ ਹਮਦਰਦੀ ਲਹਿਰ ਚੱਲ ਪਈ। ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਫ਼ਾਰਗ ਕਰਨ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਵੀ ਵਿਰੋਧ ਕੀਤਾ। ਇਸ ਤੋਂ ਬਾਅਦ ਸ੍ਰ. ਧਾਮੀ ਵੱਲੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਕਾਰਨ ਹੁਣ ਪੰਥਕ ਸੰਕਟ ਹੋਰ ਡੂੰਘਾ ਹੋ ਗਿਆ ਹੈ। ਅਸਤੀਫ਼ਾ ਦੇ ਕੇ ਸ੍ਰ. ਧਾਮੀ ਨੇ ਆਪਣੇ ਆਪ ਨੂੰ ਭਾਵੇਂ ਸੁਰਖਰੂ ਕਰ ਲਿਆ ਹੈ, ਪਰ ਇਹ ਕਦਮ ਚੁੱਕ ਕੇ ਉਹਨਾਂ ਨੇ ਇੱਕ ਤਰ੍ਹਾਂ ਸਿਆਸੀ ਖ਼ੁਦਕੁਸ਼ੀ ਕਰ ਲਈ ਹੈ। ਕਿੰਨਾ ਚੰਗਾ ਹੁੰਦਾ ਕਿ ਜੇਕਰ ਧਾਮੀ ਸਾਹਿਬ ਅਸਤੀਫ਼ਾ ਦੇਣ ਦੀ ਬਜਾਏ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕਰਦੇ ਤੇ ਬਾਦਲਕੇ ਉਹਨਾਂ ਨੂੰ ਦੋ ਤਿਹਾਈ ਮੈਂਬਰਾਂ ਨਾਲ ਲਾਂਭੇ ਕਰਦੇ।

ਭਾਵੇਂ ਕਿ ਵੱਖ- ਵੱਖ ਸਿੱਖ ਜਥੇਬੰਦੀਆਂ ਵੱਲੋਂ ਸ੍ਰ. ਧਾਮੀ ’ਤੇ ਅਸਤੀਫ਼ਾ ਵਾਪਸ ਲੈਣ ਲਈ ਕਿਹਾ ਜਾ ਰਿਹਾ ਹੈ, ਪਰ ਸ੍ਰ. ਧਾਮੀ ਵੱਲੋਂ ਅਸਤੀਫ਼ਾ ਵਾਪਸ ਲੈਣ ਦੀ ਸੰਭਾਵਨਾ ਘੱਟ ਹੈ। ਪੰਥਕ ਹਲਕਿਆਂ ਵਿੱਚ ਇਹ ਵਿਚਾਰ ਪਾਇਆ ਜਾ ਰਿਹਾ ਹੈ ਕਿ ਬਾਦਲਕਿਆਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਪੰਥਕ ਸੰਸਥਾਵਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਬਾਦਲ ਪਰਿਵਾਰ ਵੱਲੋਂ ਆਪਣੀ ਨਿੱਜੀ ਪ੍ਰਾਪਰਟੀ ਸਮਝਿਆ ਜਾ ਰਿਹਾ ਹੈ। ਇਸੇ ਕਾਰਨ ਵੱਖ- ਵੱਖ ਅਕਾਲੀ ਆਗੂ ਹੁਣ ਸੁਖਬੀਰ ਬਾਦਲ ਦੀ ਅਗਵਾਈ ਨੂੰ ਸਵੀਕਾਰ ਕਰਨ ਨੂੰ ਤਿਆਰ ਨਹੀਂ ਪਰ ਸੁਖਬੀਰ ਬਾਦਲ ਅਕਾਲੀ ਦਲ ਤੋਂ ਆਪਣਾ ਕਬਜ਼ਾ ਛੱਡਣ ਲਈ ਤਿਆਰ ਨਹੀਂ। ਦੋਵੇਂ ਧਿਰਾਂ ਦੀ ਇਸੇ ਅੜੀ ਕਾਰਨ ਹੀ ਮੌਜੂਦਾ ਪੰਥਕ ਸੰਕਟ ਪੈਦਾ ਹੋਇਆ ਹੈ, ਜਿਸ ਦਾ ਅਜੇ ਕੋਈ ਹੱਲ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਸਿੱਖ ਆਗੂ ਕਹਿ ਰਹੇ ਹਨ ਕਿ ਅਕਾਲੀ ਦਲ ਹੁਣ ਭਗੌੜਾ ਦਲ ਬਣ ਚੁੱਕਿਆ ਹੈ। ਇਹ ਸਿੱਖ ਆਗੂ ਦਾਅਵਾ ਕਰ ਰਹੇ ਹਨ ਕਿ ਅਕਾਲੀ ਦਲ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੀਤੀ 2 ਦਸੰਬਰ ਨੂੰ ਸੁਣਾਏ ਗਏ ਫ਼ੈਸਲਿਆਂ ਤੋਂ ਹੀ ਭਗੌੜਾ ਹੋ ਗਿਆ ਹੈ। ਅਕਾਲੀ ਦਲ ਜਿਸ ਤਰ੍ਹਾਂ ਦੀ ਸਥਿਤੀ ਦਾ ਇਸ ਸਮੇਂ ਸਾਹਮਣਾ ਕਰ ਰਿਹਾ ਹੈ, ਇਸ ਤਰ੍ਹਾਂ ਦੀ ਸਥਿਤੀ ਦਾ ਪਹਿਲਾਂ ਕਦੇ ਵੀ ਸਾਹਮਣਾ ਨਹੀਂ ਕਰਨਾ ਪਿਆ। ਸੁਖਬੀਰ ਬਾਦਲ ਅਤੇ ਬਲਵਿੰਦਰ ਸਿੰਘ ਭੂੰਦੜ ਅੱਗੇ ਅਜੇ ਵੀ ਮੌਕਾ ਹੈ ਕਿ ਉਹ ਅਕਾਲੀ ਦਲ ਨੂੰ ਮੁੜ ਪੰਥਕ ਧਾਰਾ ਵਿੱਚ ਲੈ ਆਉਣ, ਨਹੀਂ ਤਾਂ ਉਹਨਾਂ ਦੀ ਗਿਣਤੀ ਪੰਥ ਦੇ ਭਗੌੜਿਆਂ ਵਿੱਚ ਹੋ ਸਕਦੀ ਹੈ।

1920 ਵਿੱਚ ਹੋਂਦ ’ਚ ਆਇਆ ਅਕਾਲੀ ਦਲ ਇੱਕ ਸਦੀ ਬਾਅਦ 2020 ਵਿੱਚ ਢਹਿ ਢੇਰੀ ਹੋਣਾ ਸ਼ੁਰੂ ਹੋ ਗਿਆ ਸੀ। ਹੁਣ 1925 ਵਿੱਚ ਹੋਂਦ ਵਿੱਚ ਆਈ ਸ਼੍ਰੋਮਣੀ ਕਮੇਟੀ ਨੂੰ ਸਾਲ 2025 ਵਿੱਚ ਮੌਜੂਦਾ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਇਸ ਦੇ ਪ੍ਰਧਾਨ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਲਾਗੂ ਕਰਵਾਉਣ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਅਸਤੀਫ਼ਾ ਹੀ ਦੇ ਗਏ। ਇਸ ਸਮੇਂ ਪੰਥ ਦੀ ਵੱਡੀ ਲੋੜ ਹੈ ਕਿ ਮੌਜੂਦਾ ਪੰਥਕ ਸੰਕਟ ਦੇ ਹੱਲ ਲਈ ਸਾਰੀਆਂ ਪੰਥਕ ਧਿਰਾਂ ਇਕੱਠੀਆਂ ਹੋਣ ਅਤੇ ਸਰਬ ਸੰਮਤੀ ਨਾਲ ਗੁਰਮਤਿ ਦੀ ਮਰਿਆਦਾ ਦਾ ਪਾਲਣ ਕਰਦਿਆਂ ਇਸ ਸੰਕਟ ਦਾ ਸਰਬ ਪ੍ਰਵਾਨਿਤ ਹੱਲ ਕੱਢਿਆ ਜਾਵੇ।

# ਆਖ਼ਿਰ ‘ਆਪ’ ਦਿੱਲੀ ਕਿਉਂ ਹਾਰੀ ?



ਗੁਰਮੀਤ ਸਿੰਘ ਪਲਾਹੀ
9815802070



‘ਆਪ’ ਲੋਕਾਂ ਦੇ ਦਿਲ ਤੋਂ ਉਤਰ ਗਈ ਹੈ ? ਜਿਸ ਚਮਤਕਾਰ ਨਾਲ ‘ਆਪ’ ਰਾਜਨੀਤੀ ਵਿੱਚ ਆਈ ਸੀ, ਉਸੇ ਚਮਤਕਾਰ ਨਾਲ ਹੀ ਵਾਪਸ ਜਾ ਰਹੀ ਹੈ ? ਉਹ ਰਾਜਨੀਤੀ ਦੇ ਜਿਸ ਉੱਜਲੇ ਪੱਖ ਨੂੰ ਫੜ ਕੇ ਸੱਤਾ ਵਿੱਚ ਆਏ ਸਨ, ਉਸ ਉਤੇ ਟਿਕੇ ਰਹਿੰਦੇ ਤਾਂ ਐਤਕਾਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੱਲ ਕੁੱਝ ਹੋਰ ਹੀ ਹੁੰਦੀ।

ਇਸ ਸੰਦਰਭ ’ਚ ਸਮਾਜਿਕ ਕਾਰਜਕਰਤਾ ਅੰਨਾ ਹਜ਼ਾਰੇ, ਜੋ ਕਿ ਅਰਵਿੰਦ ਕੇਜਰੀਵਾਲ ਦੇ ਗੁਰੂ ਰਹਿ ਚੁੱਕੇ ਹਨ, ਦੇ ਉਹ ਸ਼ਬਦ ਸਮਝਣ ਵਾਲੇ ਹਨ, ਜਿਹੜੇ ਉਹਨਾ ਦਿੱਲੀ ’ਚ ਭਾਜਪਾ ਦੀ 27 ਸਾਲਾਂ ਬਾਅਦ ਸੱਤਾ ਵਾਪਸੀ ’ਤੇ ਕਹੇ ਹਨ, ‘ਆਪ ਸ਼ਰਾਬ ਨੀਤੀ ਤੇ ਪੈਸੇ ਕਾਰਨ ਡੁੱਬੀ ਹੈ।’

ਅੰਨਾ ਹਜ਼ਾਰੇ ਨੇ ਕੇਜਰੀਵਾਲ ’ਤੇ ਵਿਅੰਗ ਕਰਦੇ ਹੋਏ ਕਿਹਾ ਕਿ ਉਮੀਦਵਾਰ ਦਾ ਚਰਿੱਤਰ ਸਾਫ਼ ਸੁਥਰਾ ਹੋਣਾ ਚਾਹੀਦਾ ਹੈ ਤੇ ਉਸ ’ਚ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਰਾਬ ਨੀਤੀ ਨਾਲ ਆਏ ਪੈਸੇ ’ਚ ‘ਆਪ’ ਡੁੱਬ ਗਈ ਸੀ। ‘ਆਪ’ ਦੀ ਸ਼ਾਖ ਕਲੰਕਿਤ ਹੋ ਗਈ ਸੀ। ਉਹਨਾਂ ਕਿਹਾ ਕਿ ‘ਆਪ’ ਇਸ ਲਈ ਹਾਰੀ, ਕਿਉਂਕਿ ਇਹ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਦੀ ਲੋੜ ਨੂੰ ਸਮਝਣ ’ਚ ਅਸਫ਼ਲ ਰਹੀ ਤੇ ਗਲਤ ਰਸਤੇ ’ਤੇ ਚਲ ਪਈ।

ਬਿਨਾਂ ਸ਼ੱਕ ‘ਆਪ’ ਨੂੰ ਹਰਾਉਣ ਵਾਲੀ ਭਾਜਪਾ ਨੇ ਰਿਓੜੀਆਂ ਦੇ ਵੱਡੇ ਪੈਕਟ ਵੰਡੇ। ਕਿਹਾ ਜਾ ਰਿਹਾ ਹੈ ਕਿ ਦਿੱਲੀ ਦੇ ਦਿਲਵਾਲਿਆਂ ਨੇ ਇਸੇ ਕਰਕੇ, ਮਨ ਬਦਲੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਚੋਣ ਮੰਚਾਂ ਤੋਂ ਐਲਾਨ ਕੀਤਾ ਕਿ ਮੁਫ਼ਤ ਬਿਜਲੀ-ਪਾਣੀ ਦੀ ਕਿਸੇ ਵੀ ਯੋਜਨਾ ਨੂੰ ਬੰਦ ਨਹੀਂ ਕੀਤਾ ਜਾਏਗਾ। ਔਰਤਾਂ ਨੂੰ ਹਰ ਮਹੀਨੇ 2500 ਰੁਪਏ, 500 ਰੁਪਏ ’ਚ ਰਸੋਈ ਗੈਸ ਸਿਲੰਡਰ ਅਤੇ ਅੱਟਲ ਕੰਟੀਨ ਦੇ ਰਾਹੀਂ 5 ਰੁਪਏ ’ਚ ਭੋਜਨ ਦਿੱਤਾ ਜਾਏਗਾ। ਆਮ ਬਜਟ ਵਿੱਚ 12 ਲੱਖ ਤੱਕ ਦੀ ਆਮਦਨ ਕਰ ਤੇ ਟੈਕਸ 12 ਲੱਖ ਤੱਕ ਦੀ ਆਮਦਨ ਕਰ ਤੇ ਟੈਕਸ ਫ੍ਰੀ ਛੋਟ ਕਰਕੇ ਅਤੇ 8ਵੇਂ ਤਨਖ਼ਾਹ ਆਯੋਗ ਦਾ ਐਲਾਨ ਕਰਕੇ ਉਹਨਾਂ ਨੇ ਮੱਧਵਰਗੀ ਲੋਕਾਂ ਦਾ ਦਿਲ ਜਿੱਤ ਲਿਆ। ਪਰ ਕਈ ਹੋਰ ਅਜਿਹੇ ਕਾਰਨ ਹਨ, ਜਿਹੜੇ ‘ਆਪ’ ਦੀ ਹਾਰ ਦਾ ਕਾਰਨ ਬਣੇ।

ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਕੇਜਰੀਵਾਲ ਨੇ ਸਾਫ਼-ਸੁਥਰੀ ਰਾਜਨੀਤੀ ਅਤੇ ਅਲੱਗ ਤਰ੍ਹਾਂ ਦੀ ਰਾਜਨੀਤੀ ਦਾ ਬੇੜਾ ਚੁੱਕਿਆ, ਇਹ ਕੁੱਝ ਸਾਲ ਚੱਲਿਆ ਵੀ। ਲੋਕਾਂ ਨੇ ਇਸਦਾ ਸਵਾਗਤ ਵੀ ਕੀਤਾ। ਕਿਉਂਕਿ ਦਲਦਲੀ ਸਿਆਸਤ ਨੇ ਹਿੰਦੋਸਤਾਨ ਦਾ ਚਿਹਰਾ-ਮੋਹਰਾ ਵਿਗਾੜ ਦਿੱਤਾ ਹੋਇਆ ਸੀ। ਪਰ ਕੁੱਝ ਸਮੇਂ ਬਾਅਦ ਹੀ ‘ਆਪ’ ਇਸੇ ਦਲਦਲੀ ਸਿਆਸਤ ਦਾ ਸ਼ਿਕਾਰ ਹੋ ਗਈ। ਰਵਾਇਤੀ ਪਾਰਟੀਆਂ ਦੀ ਤਰ੍ਹਾਂ ਹੀ ਵਿਵਹਾਰ ਕਰਨ ਲੱਗੀ। ਕੇਜਰੀਵਾਲ ਨੇ ਆਪਣੀ ਹੀ ਪਾਰਟੀ ’ਚ ਬੈਠੇ ਕੱਦਵਾਰ ਨੇਤਾਵਾਂ ਨੂੰ ਹੌਲੀ ਹੌਲੀ ਕਰਕੇ ਬਾਹਰ ਧੱਕ ਦਿੱਤਾ ਅਤੇ ‘ਆਪ’ ਦੇ ਸਰਵੋ-ਸਰਵਾ ਹੋ ਬੈਠੇ, ਜਿਥੇ ਕੋਈ ਉਹਨਾਂ ਨੂੰ ਸਵਾਲ ਨਹੀਂ ਕਰ ਸਕਦਾ।

ਇਸ ਤਰ੍ਹਾਂ ਬਾਕੀ ਦਲਾਂ ਵਾਂਗਰ ਵਿਵਹਾਰ ਕਰਨ ਨਾਲ ‘ਆਪ’ ਦਾ ਪਤਨ ਸ਼ੁਰੂ ਹੋ ਗਿਆ। ‘ਆਪ’ ਦੇ ਆਗੂ ਐਕਸਾਈਜ਼ ਪਾਲਿਸੀ ਘੁਟਾਲੇ, ਸ਼ੀਸ਼ ਮਹਿਲ ਘੁਟਾਲਿਆਂ ’ਚ ਫਸ ਗਏ। 2024 ’ਚ ਦੇਸ਼ ਵਿਆਪੀ ‘ਇੰਡੀਆ ਗੱਠਜੋੜ’ ਦਾ ਹਿੱਸਾ ਬਣਕੇ ਵੀ ‘ਆਪ’ ਨੇ ਕੁਝ ਸੂਬਿਆਂ ’ਚ ਆਪਣੀ ਵੱਖਰੀ ਡੱਫਲੀ ਵਜਾਈ। ਹਰਿਆਣਾ ਵਿਧਾਨ ਸਭਾ ਚੋਣਾਂ ’ਚ ਕਾਂਗਰਸ ਨਾਲ ਸਾਂਝ ਭਿਆਲੀ ਨਾ ਪਾਕੇ, ਇਕੱਲਿਆਂ ਚੋਣ ਲੜੀ ਅਤੇ ਕਾਂਗਰਸ ਦੀ ਹਾਰ ਦਾ ਕਾਰਨ ਬਣੀ। ਦਿੱਲੀ ਵਿੱਚ ਵੀ ਕਾਂਗਰਸ ਨਾਲ ਰਲਕੇ ਚੋਣ ਲੜਨ ਦੀ ਵਜਾਏ, ਇਕੱਲਿਆਂ ਚੋਣ ਲੜੀ।

ਚੋਣ ਨਤੀਜੇ ਦੱਸਦੇ ਹਨ ਕਿ ਕਾਂਗਰਸ ਦਾ ਵੋਟ ਬੈਂਕ ਦਿੱਲੀ ’ਚ ਦੋ ਪ੍ਰਤੀਸ਼ਤ ਵੱਧਣ ਨਾਲ ‘ਆਪ’ ਨੂੰ ਢਾਅ ਲੱਗੀ ਅਤੇ ਉਹ 13 ਸੀਟਾਂ ਉਤੇ ਕਾਂਗਰਸ ਦੇ ਉਮੀਦਵਾਰਾਂ ਕਾਰਨ ਹਾਰ ਗਈ। ਹਾਲਾਂਕਿ ਕਾਂਗਰਸ ਦੇ 70 ਵਿਚੋਂ 67 ਉਮਦੀਵਾਰਾਂ ਦੀ ਜਮਾਨਤ ਜ਼ਬਤ ਹੋ ਗਈ। ਜਿਹਨਾਂ 13 ਸੀਟਾਂ ’ਤੇ ‘ਆਪ’ ਕਾਂਗਰਸ ਕਾਰਨ ਹਾਰੀ ਉਹਨਾਂ ਸੀਟਾਂ ’ਤੇ ਭਾਜਪਾ ਉਮੀਦਵਾਰਾਂ ਦੀ ਜਿੱਤ ਦਾ ਜਿੰਨਾ ਫ਼ਰਕ ਰਿਹਾ, ਉਹ ਕਾਂਗਰਸ ਨੂੰ ਮਿਲੀਆਂ ਵੋਟਾਂ ਨਾਲੋਂ ਘੱਟ ਸੀ। ਵਿਧਾਨ ਸਭਾ ਚੋਣਾਂ ’ਚ ਭਾਜਪਾ 48 ਸੀਟਾਂ ਅਤੇ ‘ਆਪ’ ਨੇ 22 ਸੀਟਾਂ ਜਿੱਤੀਆਂ ਹਨ। ਭਾਜਪਾ ਦੇ ਪਿਛਲੇ 10 ਸਾਲਾਂ ਵਿੱਚ 13 ਫ਼ੀਸਦੀ ਵੋਟ ਵਧੇ ਜਦਕਿ ਇਸੇ ਅਰਸੇ ਦੌਰਾਨ ‘ਆਪ’ ਨੇ 10 ਫ਼ੀਸਦੀ ਵੋਟ ਗੁਆ ਲਏ। ਉਂਝ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ‘ਆਪ’ ਦੇ ਕੇਜਰੀਵਾਲ, ਮਨੀਸ਼ ਸਿਸੋਦੀਆ, ਦੁਰਗੇਸ਼ ਪਾਠਕ ਚੋਣ ਹਾਰ ਗਏ ਹਨ ਕਿਉਂਕਿ ਭਾਜਪਾ ਵੱਲੋਂ ਇਸ ਉੱਚ ਲੀਡਰਸ਼ਿਪ ਨੂੰ ਹਰਾਉਣ ਲਈ ਪੂਰੀ ਵਾਹ ਲਾਈ ਹੋਈ ਸੀ। ਇਸ ਮੰਤਵ ਲਈ ਪਹਿਲਾਂ ਕੇਂਦਰ ਸਰਕਾਰ ਨੇ ਸਾਮ-ਦਾਮ-ਦੰਡ ਦੀ ਖੁਲ੍ਹੇਆਮ ਵਰਤੋਂ ਕੀਤੀ। ਵੋਟਾਂ ਦੀ ਆਖ਼ਰੀ ਸਮੇਂ ਕੱਟ-ਵੱਢ ਕੀਤੀ ਗਈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੀ ਵਾਹ ਲਾਕੇ ਇਸ ਚੋਣ ਨੂੰ ਜਿੱਤਣ ਲਈ ਕੋਈ ਕਸਰ ਨਹੀਂ ਛੱਡੀ।

ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਨਵੀਂ ਪਾਰਟੀ ‘ਆਪ’ ਜਿਸਨੇ ਲੋਕਾਂ ਦੀ ਹਰਮਨ ਪਿਆਰਤਾ ਕਾਰਨ ਰਾਸ਼ਟਰੀ ਪਾਰਟੀ ਦਾ ਰੁਤਬਾ ਕੁਝ ਸਾਲਾਂ ’ਚ ਪ੍ਰਾਪਤ ਕਰ ਲਿਆ ਸੀ, ਲੋਕਾਂ ਦੇ ਮਨਾਂ ਤੋਂ ਕਿਉ ਲੱਥ ਰਹੀ ਹੈ ? ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹ ਪਾਰਟੀ ਵੀ ਰਿਵਾਇਤੀ ਪਾਰਟੀਆਂ ਵਾਂਗਰ ਵੋਟਾਂ ਵਟੋਰਨ, ਤਾਕਤ ਹਥਿਆਉਣ ਦੇ ਰਾਹ ਪੈ ਗਈ ਅਤੇ ਇਸਦੇ ਨੇਤਾ ਪੰਜ ਤਾਰਾ ਕਲਚਰ ਦਾ ਸ਼ਿਕਾਰ ਹੋ ਗਏ। ਪੰਜਾਬ ਇਸਦੀ ਉਦਾਹਰਨ ਹੈ। ਪੰਜਾਬ ’ਚ 117 ਵਿੱਚੋਂ 92 ਸੀਟਾਂ ਇਸ ਪਾਰਟੀ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਨਾਂਅ ’ਤੇ ਜਿੱਤੀਆਂ ਪਰ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਕਿ ਪੰਜਾਬ ’ਚ ਭ੍ਰਿਸ਼ਟਾਚਾਰ ਚਰਮ ਸੀਮਾਂ ’ਤੇ ਹੈ। ਰੇਤ ਬਜ਼ਰੀ ਮਾਫੀਆਂ ਉਤੇ ਸਰਕਾਰ ਦਾ ਕੰਟਰੋਲ ਹੀ ਨਹੀਂ। ਕਮਿਸ਼ਨ ਦੇਣ-ਲੈਣ ਵਾਲਿਆਂ ਦੇ ‘ਪਾਲੇ’ ਬਦਲ ਗਏ ਹਨ।

ਆਪ ਨੇ ਸਥਾਨਕ ਪੰਚਾਇਤੀ ਚੋਣਾਂ ਅਤੇ ਨਗਰਪਾਲਿਕਾ ਚੋਣਾਂ ’ਚ ਜਿਸ ਕਿਸਮ ਦਾ ਵਿਵਹਾਰ ਕੀਤਾ, ਉਸ ਨਾਲ ਲੋਕਾਂ ਦੇ ਮਨਾਂ ’ਚ ਇਹ ਧਾਰਨਾ ਬਣ ਗਈ ਕਿ ਇਸ ਨਾਲੋਂ ਤਾਂ ਪੰਜਾਬ ਸਰਕਾਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਨਾ ਕਰਵਾਕੇ, ਕਿਸੇ ਨਵੇਂ ਬਿੱਲ ਜਾਂ ਨੋਟੀਫੀਕੇਸ਼ਨ ਰਾਹੀਂ ਇਹਨਾਂ ਪੰਚਾਇਤਾਂ, ਨਗਰਪਾਲਿਕਾਵਾਂ ’ਚ ਆਪਣੇ ਲੋਕਾਂ ਨੂੰ ਨੋਮੀਨੇਟ ਕਰ ਦਿੰਦੀ। ਅੰਮ੍ਰਿਤਸਰ, ਫਗਵਾੜਾ ਨਗਰ ਨਿਗਮ ਤੇ ਹੋਰ ਕਈ ਪਾਲਿਕਾਵਾਂ ’ਚ ਜਿਸ ਢੰਗ ਨਾਲ ਕਾਂਗਰਸ ਦੀਆਂ ਵਾਧੂ ਸੀਟਾਂ ਹੋਣ ਦੇ ਬਾਵਜੂਦ ਆਪ ਨੇ ਜੁਗਾੜ ਲਗਾ ਕੇ ਆਪਣੇ ਮੇਅਰ ਬਣਾਏ ਅਤੇ ਜਿਵੇਂ ਬਹੁਤ ਸਾਰੀਆਂ ਹੋਰ ਨਗਰ ਕੌਂਸਲਾਂ ’ਚ ਆਪਣੇ ਪ੍ਰਧਾਨ ਬਨਾਉਣ ਲਈ ਸਾਮ-ਦਾਮ-ਦੰਡ ਦੀ ਵਰਤੋਂ ਕੀਤੀ, ਉਸ ਨਾਲ ‘ਆਪ’ ਦਾ ਚਿਹਰਾ ਮੋਹਰਾ ਵੀ ਰਿਵਾਇਤੀ ਪਾਰਟੀਆਂ ਵਾਲਾ ਹੋ ਗਿਆ। ਪੰਜਾਬ ’ਚ ‘ਆਪ’ ਦੇ ਕਾਂਗਰਸ ਨਾਲ ਵਰਤਾਰੇ ਦਾ ਪ੍ਰਭਾਵ ਦਿੱਲੀ ਵਿਧਾਨ ਸਭਾ ਚੋਣਾਂ ’ਚ ਵੇਖਣ ਨੂੰ ਮਿਲਿਆ, ਜਦੋਂ ਕਾਂਗਰਸ ਨੇ ‘ਆਪ’ ਵਿਰੁੱਧ ਉਤਨੀ ਚੋਣ ਜੰਗ ਆਰੰਭੀ, ਜਿੰਨੀ ਭਾਜਪਾ ਵਿਰੁੱਧ ਅਤੇ ਇਸ ਦਾ ਖਮਿਆਜ਼ਾ ‘ਆਪ’ ਨੂੰ ਭੁਗਤਣਾ ਪਿਆ।

ਹੁਣ ਸਵਾਲ ਪੈਦਾ ਹੁੰਦੇ ਹੈ ਕਿ ਦਿੱਲੀ ਦੀ ਹਾਰ ਤੋਂ ਬਾਅਦ ਪੰਜਾਬ ’ਚ ਆਮ ਆਦਮੀ ਦਾ ਕੀ ਹਾਲ ਹੋਏਗਾ ? ਕੀ ਇਸ ਦਾ ਮਨੋਵਲ ਨਹੀਂ ਡੋਲੇਗਾ ? ਕਿਉਂਕਿ ‘ਆਪ’ ਮੰਤਰੀ ਮੰਡਲ, ਮੁੱਖ ਮੰਤਰੀ ਸਮੇਤ ਦਿੱਲੀ ਦੀਆਂ ਚੋਣਾਂ ’ਚ ਰੁਝਿਆ ਰਿਹਾ ਅਤੇ ‘ਆਪ’ ਦੇ ਖਾਸ ਵਰਕਰ ਉੱਥੇ ਪ੍ਰਚਾਰ ਕਰਦੇ ਵੇਖੇ ਗਏ। 2022 ’ਚ ‘ਆਪ’ ਨੇ ਪੰਜਾਬ ’ਚ ਪ੍ਰਚੰਡ ਬਹੁਮਤ ਨਾਲ ਸਰਕਾਰ ਬਣਾਈ ਸੀ। ਮੁਫ਼ਤ ਦੀਆਂ ਯੋਜਨਾਵਾਂ ਦਾ ਲਾਭ ਪੰਜਾਬ ਵਿੱਚ ਆਮ ਲੋਕਾਂ ਨੂੰ ਦਿੱਤਾ ਗਿਆ, ਉਸਦਾ ਪ੍ਰਚਾਰ ਕਰਕੇ ਦਿੱਲੀ ਵਿੱਚ ‘ਆਪ’ 43.5 ਫੀਸਦੀ ਵੋਟ ਬਚਾਉਣ ’ਚ ਕਾਮਯਾਬ ਵੀ ਹੋਈ। ਹਾਲਾਂ ਕਿ ਭਾਜਪਾ ਉਸ ਤੋਂ ਸਿਰਫ਼ 2.25 ਫੀਸਦੀ ਵੱਧ ਵੋਟਾਂ ਲੈ ਕੇ ਵੱਧ ਸੀਟਾਂ ਪ੍ਰਾਪਤ ਕਰ ਗਈ।

ਪੰਜਾਬ ਵਿੱਚ ਆਉਣ ਵਾਲੇ ਦਿਨ ‘ਆਪ’ ਲਈ ਖ਼ਤਰਨਾਕ ਹੋ ਸਕਦੇ ਹਨ। ਕਿਉਂਕਿ ਪੰਜਾਬ ’ਚ ਸਰਕਾਰੀ ਸੱਤਾ ਅਤੇ ਸੰਗਠਨ ਦੋਨਾਂ ਵਿੱਚਕਾਰ ਵੱਡਾ ਗੈਪ ਹੈ। 93 ਵਿਧਾਇਕਾਂ ਦੀ ਸਰਕਾਰ ਵਿੱਚ ਸੁਣਵਾਈ ਨਹੀਂ। ਲੋਕਸਭਾ ਚੋਣਾਂ ’ਚ ਕਮਜ਼ੋਰ ਪ੍ਰਦਰਸ਼ਨ ਦੇ ਬਾਅਦ ਭਾਵੇਂ ਵਿਧਾਨ ਸਭਾ ਦੀਆਂ 4 ਸੀਟਾਂ ’ਤੇ ਉਸਦੀ ਕਾਰਗੁਜਾਰੀ ਚੰਗੀ ਰਹੀ। ਸੂਬੇ ’ਚ ਪਰ ਸਰਕਾਰੀ ਪ੍ਰਬੰਧਨ ਠੀਕ ਢੰਗ ਨਾਲ ਕੰਮ ਨਹੀਂ ਕਰ ਰਿਹਾ ਅਤੇ ਪੁਲਿਸ ਪ੍ਰਸ਼ਾਸ਼ਨ ’ਤੇ ਵੀ ਸਵਾਲ ਉੱਠ ਰਹੇ ਹਨ।

‘ਆਪ’ ਪਾਰਟੀ ਉਤੇ ਪਿਛਲੇ ਸਮੇਂ ਤੋਂ ਵੱਡੇ ਸਵਾਲ ਉੱਠ ਰਹੇ ਹਨ। ਪਾਰਟੀ ਭ੍ਰਿਸ਼ਟਾਚਾਰ ਨਾਲ ਲੜਨ ਦਾ ਦਾਅਵਾ ਕਰ ਰਹੀ ਸੀ, ਪਰ ਉਸ ਉਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। ‘ਆਪ’ ਉੱਤੇ ਇਹ ਇਲਜ਼ਾਮ ਵੀ ਲੱਗਾ ਅਤੇ ਇਹ ਤੱਥ ਵੀ ਸਹੀ ਹੈ ਕਿ ਰਿਓੜੀਆਂ ਵੰਡਣ ਦੀ ਸਿਆਸਤ ਵਿੱਚ ਉਸਨੇ ਵੱਡਾ ਯੋਗਦਾਨ ਪਾਇਆ ਅਤੇ ਉਸੇ ਦੀ ਇਸ ਸਿਆਸਤ ਨੂੰ ਹੋਰਨਾਂ ਪਾਰਟੀਆਂ ਨੇ ਅਪਣਾਇਆ ਅਤੇ ਇਸੇ ਅਧਾਰ ’ਤੇ ਭਾਜਪਾ ਨੇ ਖਾਸ ਕਰਕੇ ਉਸਨੂੰ ਮਾਤ ਦਿਤੀ।

ਬਿਨਾਂ ਸ਼ੱਕ ਕੇਜਰੀਵਾਲ ਨੇ ਆਪਣਾ ਅਕਸ ਇੱਕ ਜੁਝਾਰੂ ਵਾਲਾ ਬਣਾਇਆ। ਪਰ ਉਹਨਾਂ ਦੇ ਇਸ ਅਕਸ ਨੇ ਉਹਨਾਂ ਨੂੰ ਨੁਕਸਾਨ ਵੀ ਪਹੁੰਚਾਇਆ ਅਤੇ ਇਹ ਧਾਰਨਾ ਬਣੀ ਕਿ ਉਹ ਕੇਂਦਰ ਸਰਕਾਰ ਨਾਲ ਸਦਾ ਉਲਝਦੇ ਹੀ ਰਹਿੰਦੇ ਹਨ। ਹਾਲਾਂ ਕਿ ਭਾਜਪਾ ਦੀ ਕੇਂਦਰ ਸਰਕਾਰ ਆਪਣੇ ਵਿਰੋਧੀਆਂ ਨੂੰ ਠਿੱਠ ਕਰਨ ਲਈ ਪ੍ਰੇਸ਼ਾਨ ਕਰਦੀ ਹੈ ਅਤੇ ਉਹਨਾਂ ਰਾਜਾਂ ਦੇ ਕੰਮ ਕਾਰ ’ਚ ਜ਼ਿਆਦਾ ਦਖਲ ਆਪਣੇ ਗਵਰਨਰਾਂ ਰਾਹੀਂ ਦਿੰਦੀ ਹੈ, ਜਿਸ ਰਾਜ ਵਿੱਚ ਉਸਦਾ ਰਾਜ-ਭਾਗ ਨਹੀਂ। ਇਹ ਵੀ ਠੀਕ ਹੈ ਕਿ ਕੇਜਰੀਵਾਲ ਨੇ ਆਪਣੀ ਪਾਰਟੀ ਨੂੰ ਰਾਸ਼ਟਰੀ ਪਾਰਟੀ ਬਨਾਉਣ ਲਈ ਮਿਹਨਤ ਕੀਤੀ। ਇਸ ਕੰਮ ਲਈ ਉਹਨਾਂ ਗੁਜਰਾਤ, ਹਰਿਆਣਾ ਅਤੇ ਕਈ ਹੋਰ ਰਾਜਾਂ ’ਚ ਚੋਣਾਂ ਲੜੀਆਂ। ਪੰਜਾਬ ਦੇ ਸਰਕਾਰੀ ਧਨ ਦੀ ਵਰਤੋਂ ਦੇ ਇਹਨਾਂ ਚੋਣਾਂ ’ਚ ‘ਆਪ’ ’ਤੇ ਇਲਜ਼ਾਮ ਵੀ ਲੱਗੇ, ਕਿਉਂਕਿ ਪੰਜਾਬ ਦੀ ‘ਆਪ’ ਸਰਕਾਰ ਦੀਆਂ ਪ੍ਰਾਪਤੀਆਂ ਦੇ ਵੱਡੇ ਇਸ਼ਤਿਹਾਰ ਇਹਨਾਂ ਚੋਣਾਂ ਸਮੇਂ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਛਾਪੇ ਗਏ। ਪਰ ਇਹਨਾਂ ਚੋਣਾਂ ’ਚ ਰੁਝਣ, ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਜੇਲ੍ਹ ਕੱਟਣ ਕਾਰਨ, ਦਿੱਲੀ ਦੀ ਅਣਦੇਖੀ ਹੁੰਦੀ ਗਈ, ਜਿਸ ਕਾਰਨ ਕੇਜਰੀਵਾਲ ਦਾ ਅਧਾਰ ਖ਼ੁਰਨ ਲੱਗ ਪਿਆ।

ਭਾਵੇਂ ਕਿ ਸਿੱਖਿਆ ’ਤੇ ਸਿਹਤ ਖੇਤਰ ’ਚ ‘ਆਪ’ ਸਰਕਾਰ ਨੇ ਉਲੇਖ ਯੋਗ ਕੰਮ ਵੀ ਕੀਤੇ। ਕੇਜਰੀਵਾਲ ਅਤੇ ਉਹਨਾਂ ਦੇ ਕਈ ਨੇਤਾਵਾਂ ਦਾ ਇਹ ਵਿਸ਼ਵਾਸ਼ ਬਣ ਗਿਆ ਕਿ ਉਹਨਾਂ ਨੂੰ ਕੋਈ ਹਰਾ ਨਹੀਂ ਸਕਦਾ। ਉਹਨਾਂ ਦਾ ਇਹ ਵਹਿਮ ਹੀ ਪਾਰਟੀ ਨੂੰ ਡੁਬੋ ਗਿਆ। ਉਂਝ ਵੀ ਕਿਉਂਕਿ ਦਿੱਲੀ ਸਰਕਾਰ ਨੂੰ ਕੇਂਦਰੀ ਸਰਕਾਰ ਨੇ ਵਿਕਾਸ ਤੇ ਭਲਾਈ ਦੇ ਕੰਮਾਂ ’ਚ ਸਹਿਯੋਗ ਨਹੀਂ ਦਿੱਤਾ ਇਸ ਨਾਲ ਦਿੱਲੀ ਦੇ ਵਿਕਾਸ ’ਚ ਰੁਕਾਵਟ ਆਈ। (ਬਾਕੀ ਸਫ਼ਾ 31 ’ਤੇ)

# ਪੰਜਾਬ ਸਰਕਾਰ ਦੀ ਵਿੱਤੀ ਹਾਲਤ ਇੰਨੀ ਜ਼ਰਜ਼ਰੀ ਕਿਉਂ?



ਦਰਬਾਰਾ ਸਿੰਘ ਕਾਹਲੋਂ




ਇੰਞ ਪ੍ਰਤੀਤ ਹੁੰਦਾ ਹੈ ਜਿਵੇਂ ਪੰਜਾਬ ਰਾਜ ਬਿਲਕੁਲ ਲਾਵਾਰਸ ਹੋਵੇ। ਭਾਰਤ ਦੇਸ਼ ਦੀ ਜ਼ਿੰਮੇਵਾਰੀ ਰਹਿਤ ਸੂਬਾ ਹੋਵੇ। ਸੰਵਿਧਾਨਿਕ ਅਮਲ ਪੱਖੋਂ ਵਿਸਾਰਿਆ ਜਾ ਰਿਹਾ ਹੋਵੇ। ਰਾਜ ਅੰਦਰ ਕੋਈ ਵਿੱਧੀਵਤ ਸੰਸਥਾਤਮਿਕ ਸ਼ਾਸਨ ਪ੍ਰਬੰਧ ਹੀ ਨਾ ਹੋਵੇ। ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਭਾਰਤ ਨੂੰ ਇੱਕ 'ਵਿਸ਼ਵ ਗੁਰੂ' ਅਤੇ ਸੰਨ 2047 ਤੱਕ 'ਵਸ਼ਿਸ਼ਟ ਭਾਰਤ' ਸਿਰਜਣ ਦੀ ਯੋਜਨਾ ਰੱਖਦਾ ਹੈ, ਭਾਜਪਾ ਸ਼ਾਸਨ ਰਹਿਤ ਅਤੇ ਖਾਸ ਕਰਕੇ ਪੰਜਾਬ ਵਰਗੇ ਅਤਿ ਸੰਵੇਦਨਸ਼ੀਲ, ਸਰਹੱਦੀ, ਖੇਤੀ ਪ੍ਰਧਾਨ, ਸਿੱਖ ਬਹੁਗਿਣਤੀ ਵਿੱਚ ਵੱਸਣ ਵਾਲੇ ਭੂਗੋਲਿਕ, ਮਾਨਵ ਸੰਸਾਧਨ, ਯੁੱਧਨੀਤਕ ਪੱਖੋਂ ਮਹੱਤਵਪੂਰਨ ਰਾਜ ਨੂੰ ਲਗਾਤਾਰ ਨਜ਼ਰ-ਅੰਦਾਜ਼ ਕਰਕੇ ਕੀ ਆਪਣੀ ਉੱਚ ਮੰਤਵੀ ਯੋਜਨਾ ਦੀ ਪੂਰਤੀ ਕਰ ਸਕਦਾ ਹੈ? ਯਾਦ ਰੱਖਣਾ ਜ਼ਰੂਰੀ ਹੈ ਕਿ ਇਕਜੁੱਟਤਾ ਸਫ਼ਲਤਾ ਅਤੇ ਮਜ਼ਬੂਤੀ ਪ੍ਰਦਾਨ ਕਰਦੀ ਹੈ ਜਦਕਿ ਆਪਸੀ ਵੰਡ ਅਸਫਲਤਾ ਅਤੇ ਬਰਬਾਦੀ ਦਾ ਬਾਇਸ ਬਣਦੀ ਹੈ।

ਕੀ ਫੈਡਰਲ ਸਰਕਾਰ ਦੀ ਭਾਰਤੀ ਸੰਵਿਧਾਨ ਅਨੁਸਾਰ ਇਹ ਜ਼ਿੰਮੇਵਾਰੀ ਨਹੀਂ ਕਿ ਉਹ ਰਾਜਾਂ ਦੇ ਕੰਮ-ਕਾਜ ਦਾ ਪ੍ਰਸ਼ਾਸਨਿਕ, ਆਰਥਿਕ, ਸਮਾਜਿਕ, ਭੂਗੋਲਿਕ, ਅਮਨ-ਕਾਨੂੰਨ, ਵਿਦੇਸ਼ੀ ਦਖਲ-ਅੰਦਾਜ਼ੀ ਪੱਖੋਂ ਧਿਆਨ ਰੱਖੇ? ਰਾਜ ਅੰਦਰ ਕੇਂਦਰ ਦੇ ਵਿਸ਼ੇਸ਼, ਸਥਾਈ, ਚੌਕਸ, ਰਾਜ ਪ੍ਰਮੁੱਖ ਵੱਜੋਂ ਜਾਣੇ ਜਾਂਦੇ ਰਾਜਪਾਲ ਦੇ ਅਹੁਦੇ ਦੀ ਕੀ ਜ਼ਿੰਮੇਵਾਰੀ ਹੈ? ਆਈ.ਏ.ਐੱਸ., ਆਈ.ਪੀ.ਐੱਸ.ਐੱਫ.ਐੱਸ. ਜਾਂ ਹੋਰ ਕੇਂਦਰੀ ਸੇਵਾਵਾਂ, ਗੁਪਤ ਏਜੰਸੀਆਂ, ਸਰਹੱਦਾਂ 'ਤੇ ਤਾਇਨਾਤ ਬੀ.ਐੱਸ.ਐੱਫ. ਸੰਵੇਦਨਸ਼ੀਲ ਸਥਾਨਾਂ 'ਤੇ ਤਾਇਨਾਤ ਅਰਧ ਫ਼ੌਜੀ ਦਲਾਂ ਦੀ ਕੀ ਜ਼ਿੰਮੇਵਾਰੀ ਹੈ? ਰਾਜ ਅੰਦਰ ਖ਼ੁਦ-ਮੁਖ਼ਤਾਰ ਨਿਆਂਪਾਲਕਾ ਸਬੰਧਿਤ ਹਾਈਕੋਰਟ ਅਤੇ ਤਾਇਨਾਤ ਮੁੱਖ ਜੱਜ ਅਤੇ ਦੂਸਰੇ ਜੱਜਾਂ ਦੀ ਕੀ ਜ਼ਿੰਮੇਵਾਰੀ ਹੈ? ਉਹ ਰਾਜ ਅੰਦਰ ਵਿਗੜਦੀਆਂ ਸਥਿਤੀਆਂ ਦੇ ਮੂਕ ਦਰਸ਼ਕ ਬਣ ਕੇ ਕਿਵੇਂ ਰਹਿ ਸਕਦੇ ਹਨ? ਉਹ ਉਨ੍ਹਾਂ 'ਤੇ 'ਆਪਣੇ ਆਪ' ਕਾਰਵਾਈ ਕਰਨ ਪ੍ਰਤੀ ਕਿਉਂ ਦੜ ਵੱਟੀ ਬੈਠੇ ਹਨ? ਦੇਸ਼-ਵਿਦੇਸ਼ ਵਿੱਚ ਬੈਠੇ ਪੰਜਾਬੀ ਸਿਸਕੀਆਂ ਭਰ-ਭਰ ਵਿਲਕਦੇ ਵਿਰਲਾਪ ਕਰਦੇ ਵੇਖੀ ਜਾਂਦੇ ਹਨ। 'ਰੋਮ ਜਲ ਰਿਹਾ ਹੈ ਅਤੇ ਨੀਰੋ ਬੰਸਰੀ ਵਜਾ ਰਿਹਾ ਹੈ।' ਨਰਿੰਦਰ ਮੋਦੀ ਵਰਗੇ ਤਜ਼ਰਬਾਕਾਰ ਸਿਆਸਤਦਾਨ ਤੋਂ ਕਦੇ ਐਸੀ ਤੱਵਕੋ ਨਹੀਂ ਸੀ ਕੀਤੀ ਜਾ ਸਕਦੀ। ਕੀ ਜੇ ਅਜਿਹਾ ਗੁਜਰਾਤ ਨਾਲ ਹੁੰਦਾ ਤਾਂ ਉਹ ਚੁੱਪ ਬੈਠੇ ਰਹਿੰਦੇ?

**ਸਰਕਾਰ ਕਿੱਥੇ ਹੈ?**

20 ਫਰਵਰੀ, 2022 ਨੂੰ ਪੰਜਾਬ ਅੰਦਰ 117 ਮੈਂਬਰੀ ਵਿਧਾਨ ਸਭਾ ਦੀ ਚੋਣ ਲਈ ਵੋਟਾਂ ਪਈਆਂ। ਲੋਕਾਂ ਨੇ ਆਮ ਆਦਮੀ ਪਾਰਟੀ ਦੇ 92 ਵਿਧਾਇਕ ਚੁਣ ਕੇ ਇਤਿਹਾਸ ਰਚਿਆ। ਵਾਅਦਾ ਕੀਤਾ ਸੀ 'ਰੰਗਲਾ ਪੰਜਾਬ' ਬਣਾਉਣ ਦਾ। ਪਾਰਟੀ ਸੁਪਰੀਮੋ ਅਤੇ ਤੱਤਕਾਲੀ ਦਿੱਲੀ ਮੁੱਖ ਮੰਤਰੀ ਸ਼੍ਰੀ ਕੇਜਰੀਵਾਲ ਪੰਜਾਬ ਨੂੰ ਜੋਕ ਵਾਂਗ ਚਿੰਬੜ ਗਿਆ। 'ਸੰਵਿਧਾਨ ਤੋਂ ਪਰੇ' ਰਾਜ ਸ਼ਾਸਨ ਦੀਆਂ ਸਾਰੀਆਂ ਸ਼ਕਤੀਆਂ ਆਪਣੇ ਹੱਥਾਂ ਵਿੱਚ ਰੱਖ ਲਈਆਂ। ਕੈਬਨਿਟ ਦੀ ਰਚਨਾ ਕੀਤੀ। ਭਗਵੰਤ ਮਾਨ ਮੁੱਖ ਮੰਤਰੀ ਥਾਪੇ। ਪਰ ਮੁੱਖ ਮੰਤਰੀ ਉੱਪਰ ਸੁਪਰ ਮੁੱਖ ਮੰਤਰੀ ਰਾਘਵ ਚੱਢਾ, ਸੰਦੀਪ ਪਾਠਕ ਆਦਿ ਥਾਪੇ। ਹਰ ਵਿਭਾਗ ਦੇ ਸੰਚਾਲਣ ਲਈ ਦਿੱਲੀ ਤੋਂ ਮੋਹਰੇ ਬਿਠਾ ਦਿੱਤੇ। ਮੁੱਖ ਮੰਤਰੀ ਭਗਵੰਤ ਮਾਨ ਦਾ 'ਰੰਗਲਾ ਪੰਜਾਬ' ਦਾ ਸੁਪਨਾ ਰੁਲ਼ ਗਿਆ। ਭ੍ਰਿਸ਼ਟਾਚਾਰ ਰੋਕਣ ਲਈ ਇੱਕ ਜਨਤਕ ਨੰਬਰ ਜਾਰੀ ਕੀਤਾ, ਉਹ ਵੀ ਰੁਲ਼ ਕੇ ਰਹਿ ਗਿਆ। ਪੰਜਾਬ ਵਿੱਚ ਕੋਈ ਕਿਸੇ ਮੰਤਰੀ ਦਾ ਨਾਂਅ ਨਹੀਂ ਜਾਣਦਾ, ਨਾ ਹੀ ਕਿਸੇ ਵਿਧਾਇਕ ਦਾ। ਇਨ੍ਹਾਂ ਦੀ ਲੋੜ ਸਿਰਫ਼ ਚੋਣ ਪ੍ਰਕਿਰਿਆ ਜਾਂ ਵਿਧਾਨ ਸਭਾ ਸੈਸ਼ਨ ਹਾਜ਼ਰੀ ਸਮੇਂ ਪੈਂਦੀ ਹੈ। ਕਰੀਬ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਮੁੱਖ ਮੰਤਰੀ ਸਮੇਤ ਸਭ ਮੰਤਰੀ, ਚੜੇ-ਚੇਅਰਮੈਨ ਤੇ ਹੋਰ ਅਹੁਦੇਦਾਰਾਂ ਦੀ ਫ਼ੌਜ ਦਿੱਲੀ ਵਿਧਾਨ ਸਭਾ ਚੋਣ ਘਮਸਾਨ ਵਿੱਚ ਮਸਰੂਫ ਰਹੀ। ਪੰਜਾਬ ਸਕਤਰੇਤ ਵਿੱਚ ਸੁੰਨ-ਮਸਾਨ ਪਸਰੀ ਰਹੀ।

ਆਬਕਾਰੀ ਭ੍ਰਿਸ਼ਟਾਚਾਰ ਕੇਸ ਵਿੱਚ 6 ਕੁ ਮਹੀਨੇ ਬਾਅਦ ਜਦੋਂ ਆਮ ਆਦਮੀ ਸੁਪਰੀਮੋ ਸ਼੍ਰੀ ਕੇਜਰੀਵਾਲ ਤਿਹਾੜ ਜੇਲ੍ਹ ਵਿਚੋਂ ਬਾਹਰ ਆਏ ਤਾਂ ਪੰਜਾਬ ਦਾ ਸ਼ਾਸਨ ਸਿੱਧੇ ਤੌਰ 'ਤੇ ਆਪਣੇ ਦੁਆਰਾ ਚਲਾਉਣ ਲਈ ਆਪਣਾ ਸਵਾਤੀ ਮਾਲੀਵਾਲ ਸਾਂਸਦ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਕੁਟਾਪਾ ਚਾੜ੍ਹਨ ਦੇ ਦੋਸ਼ ਵਿੱਚ ਸ਼ਾਮਲ ਪੀ.ਏ. ਬੈਬਵ ਕੁਮਾਰ ਮੁੱਖ ਮੰਤਰੀ ਦਾ ਸਲਾਹਕਾਰ ਥਾਪ ਦਿੱਤਾ। ਜ਼ੈੱਡ ਸੁਰੱਖਿਆ ਪ੍ਰਦਾਨ ਕਰ ਦਿੱਤੀ। ਦਿੱਲੀ ਦੇ ਮੁੱਖ ਮੰਤਰੀ ਵੱਜੋਂ ਅਸਤੀਫਾ ਦੇਣ ਬਾਅਦ ਉੱਥੇ ਬੈਠਾਈ ਵਿਚਾਰੀ ਆਤਿਸ਼ੀ ਕੇਜਰੀਵਾਲ ਦੀ ਕੁਰਸੀ 'ਤੇ ਬੈਠਣ ਦੀ ਜੁਰਅਤ ਨਹੀਂ ਕਰ ਸਕੀ। ਫਿਰ ਭਗਵੰਤ ਮਾਨ ਦੀ ਕੀ ਮਜ਼ਾਲ ਕਿ ਬੈਬਵ ਕੁਮਾਰ ਦਾ ਹੁਕਮ ਟਾਲ ਸਕੇ। ਪੰਜਾਬ ਦੀ ਅਫ਼ਸਰਸ਼ਾਹੀ ਪੂਰਾ ਜਨਵਰੀ ਮਹੀਨਾ ਮੁੱਖ ਮੰਤਰੀ ਨੂੰ ਨਵੇਂ ਸਾਲ-2025 ਦੀਆਂ ਵਧਾਈਆਂ ਦੇਣ ਲਈ ਢੂੰਡਦੀ ਰਹਿ ਗਈ। ਪਿਛਲੇ ਸਾਲ ਮਸਾਂ 5 ਕੈਬਨਿਟ ਮੀਟਿੰਗਾਂ ਹੋ ਸਕੀਆਂ। 26 ਜਨਵਰੀ ਤੋਂ ਪਹਿਲਾਂ ਹਰ ਸਾਲ ਹੋਣ ਵਾਲੀ ਮੀਟਿੰਗ ਵੀ ਦਿੱਲੀ ਚੋਣਾਂ ਦੀ ਭੇਂਟ ਚੜ੍ਹ ਗਈ, ਜੋ 10 ਫਰਵਰੀ ਨੂੰ ਤੈਅ ਕੀਤੀ ਗਈ। 26 ਜਨਵਰੀ, 2025 ਨੂੰ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਤਨੀ ਲਈ ਰਾਜ ਭਵਨ ਚੰਡੀਗੜ੍ਹ, ਵਿਖੇ ਰਿਸੈੱਪਸ਼ਨ ਲਈ ਲਗਾਈਆਂ ਕੁਰਸੀਆਂ ਖਾਲੀ ਰਹੀਆਂ। ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਉਡੀਕ ਕਰਦੇ ਰਹਿ ਗਏ। ਇਹ ਸਭ ਕੀ ਹੋ ਰਿਹਾ ਹੈ?

ਮੁੱਖ ਮੰਤਰੀ 'ਤੇ ਰੇਡ: ਪੰਜਾਬ ਦੇ ਮੁੱਖ ਮੰਤਰੀ ਦੇ ਪਦ ਅਤੇ ਪੰਜਾਬ ਨੂੰ ਉਦੋਂ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਦਿੱਲੀ ਵਿਧਾਨ ਸਭਾ ਚੋਣਾਂ ਦੇ ਚਲਦੇ ਉਨ੍ਹਾਂ ਦੀ ਦਿੱਲੀ ਸਥਿੱਤ ਰਿਹਾਇਸ਼ 'ਤੇ ਚੋਣ ਕਮਿਸ਼ਨ ਦਾ ਰੇਡ ਪਿਆ। ਹਕੀਕਤ ਇਹ ਹੈ ਕਿ ਕਿਸੇ ਰਾਜ ਵਿੱਚ ਵਿਧਾਨ ਸਭਾ ਚੋਣਾਂ ਜਾਂ ਲੋਕ ਸਭਾ ਜਾਂ ਸਥਾਨਿਕ ਚੋਣਾਂ ਵਿੱਚ ਰਾਜਨੀਤਕ ਪਾਰਟੀਆਂ ਸਬੰਧਿਤ ਮੁੱਖ ਮੰਤਰੀ ਚੋਣ ਪ੍ਰਚਾਰ ਲਈ ਤਾਂ ਜਾਂਦੇ ਹਨ ਪਰ ਪੱਕੇ ਡੇਰੇ ਨਹੀਂ ਲਾਉਂਦੇ। ਪਿੱਛੇ ਆਪਣੇ ਰਾਜ ਦੇ ਕੁਸ਼ਲ ਪ੍ਰਬੰਧ ਤੋਂ ਪਾਸਾ ਨਹੀਂ ਵੱਟਦੇ। ਨਾ ਭਗਵੰਤ ਮਾਨ ਪਾਰਟੀ ਸੁਪਰੀਮੋ ਦੀ ਖੁਸ਼ਨੂਦੀ ਲਈ ਡੇਰਾ ਲਾਉਂਦੇ,ਨਾ ਇਹ ਨਮੋਸ਼ੀ ਭਰੀ ਘਟਨਾ ਵਾਪਰਦੀ। ਨੀਤੀ ਆਯੋਗ ਬੰਬ: ਰੋਣਾ ਤਾਂ ਪੰਜਾਬ ਬਾਰੇ ਉਦੋਂ ਆਉਂਦਾ ਹੈ ਜਦੋਂ ਇਸ ਦੀ ਲਗਾਤਾਰ ਗਰਕਦੀ ਆਰਥਿਕ ਅਤੇ ਵਿੱਤੀ ਸਥਿਤੀ ਬਾਰੇ ਕੇਂਦਰੀ ਨੀਤੀ ਆਯੋਗ ਸੰਨ 2015-2023 ਤੱਕ ਦੀ ਸ਼ਰਮਨਾਕ ਝਾਤ ਪਵਾਉਂਦੀ ਹੈ। ਇਸ ਵਿੱਚ 18 ਰਾਜਾਂ ਦਾ ਬਿਊਰਾ ਹੈ। ਪੰਜਾਬ ਤਰਸਯੋਗ 18ਵੇਂ ਸਥਾਨ 'ਤੇ ਹੈ। ਉਡੀਸ਼ਾ ਵਿੱਤੀ ਸਿਹਤ ਵਜੋਂ 67.8 ਪ੍ਰਤੀਸ਼ਤ ਨੰਬਰਾਂ ਨਾਲ ਨੰਬਰ ਇੱਕ ਅਤੇ ਪੰਜਾਬ 10.7 ਪ੍ਰਤੀਸ਼ਤ ਨੰਬਰਾਂ ਨਾਲ 18ਵੇਂ ਨੰਬਰ 'ਤੇ। ਖ਼ਰਚ ਕੁਆਲਟੀ ਉਡੀਸ਼ਾ ਦੀ 52 ਪ੍ਰਤੀਸ਼ਤ ਹੈ ਜਦਕਿ ਪੰਜਾਬ ਦੀ 4.7 ਪ੍ਰਤੀਸ਼ਤ। ਪੰਜਾਬ ਦੂਸਰੇ ਕਰਜ਼ੇ ਨਾਲ ਦੱਬੇ ਕੇਰਲ ਅਤੇ ਪੱਛਮੀ ਬੰਗਾਲ ਰਾਜਾਂ ਨਾਲ।

1. ਲਗਾਤਾਰ ਵਧਦਾ ਕਰਜ਼ ਜਾਲ਼
2. ਵਿਆਜ ਅਦਾਇਗੀ ਮੁਸ਼ਕਿਲ
3. ਕਮਜ਼ੋਰ ਮਾਲੀ ਸਾਧਨ।
4. ਮੂਲ ਖ਼ਰਚਿਆਂ ਵਿਚ ਵਾਧਿਆਂ ਅਤੇ ਅਕੁਸ਼ਲਤਾਵਾਂ।
5. ਗੈਰ ਟੈਕਸ ਮਾਲੀਏ 'ਤੇ ਨਿਰਭਤਾ ਨਾਲ ਜੂਝ ਰਿਹਾ ਹੈ।


ਪੰਜਾਬ ਸਰਕਾਰ ਦੀ ਵਿੱਤੀ ਹਾਲਤ ਇੰਨੀ ਜ਼ਰਜ਼ਰੀ ਹੈ ਕਿ ਵਿਆਜ ਅਦਾਇਗੀ ਆਏ ਸਾਲ ਕਰਜ਼ਾ ਚੁੱਕ ਕੇ ਕੀਤੀ ਜਾਂਦੀ ਹੈ। ਉੱਧਰ ਮੋਦੀ ਸਰਕਾਰ ਪੰਜਾਬ ਦਾ 8000 ਕਰੋੜ ਆਰ.ਡੀ.ਐੱਫ. ਤੇ ਹੋਰ ਫੰਡ ਦੱਬੀ ਬੈਠੀ ਹੈ।

ਇਸ ਸਰਕਾਰ ਨੇ ਮੁਫ਼ਤ ਖ਼ੋਰੀਆਂ ਅਧੀਨ ਕਰਜ਼ ਚੁੱਕਣ ਵਿੱਚ ਹੱਦ ਕਰ ਦਿਤੀ ਹੈ। ਜਦੋਂ ਮਾਰਚ, 2027 ਨੂੰ ਇਸਦਾ ਕਾਰਜਕਾਲ ਪੂਰਾ ਹੋਵੇਗਾ, ਪੰਜਾਬ ਸਿਰ 5 ਲੱਖ ਕਰੋੜ ਕਰੀਬ ਕਰਜ਼ਾ ਹੋ ਚੁੱਕਾ ਹੋਵੇਗਾ। ਉੱਚ ਅਫ਼ਸਰਸ਼ਾਹ ਚਿੰਤਤ ਹਨ ਕਿ ਸ਼ਾਇਦ ਸਰਕਾਰ ਲਈ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਦੇ ਭੁਗਤਾਨ ਲਈ ਦੁਸ਼ਵਾਰੀਆਂ ਪੈਦਾ ਹੋ ਜਾਣ।

ਕਾਰਪੋਰੇਟ ਹਮਲਾ: ਪੂਰੇ ਵਿਸ਼ਵ ਦੇ ਕਾਰਪੋਰੇਟ ਭਵਿੱਖ ਵਿੱਚ 'ਅਨਾਜ ਸਨਅਤ' ਵਿੱਚ ਸਭ ਤੋਂ ਵੱਡੇ ਮੁਨਾਫਿਆਂ ਕਰਕੇ ਖੇਤੀ ਸੈਕਟਰ 'ਤੇ ਕਬਜ਼ਾ ਕਰ ਰਹੇ ਹਨ। ਅਮਰੀਕਾ ਅੰਦਰ ਬਿਲ ਗੇਟਸ (107.8 ਬਿਲੀਅਨ ਡਾਲਰ ਮਾਲਕ) ਕਾਰੋਬਾਰੀ ਨੇ ਢਾਈ ਲੱਖ ਏਕੜ ਖੇਤੀ ਵਾਲੀ ਜ਼ਮੀਨ ਖਰੀਦ ਰੱਖੀ ਹੈ।

(ਬਾਕੀ ਸਫ਼ਾ 31 'ਤੇ)

# ਵਪਾਰ ਨੂੰ ਅੱਗੇ ਵਧਾਉਣ ਲਈ ਭ੍ਰਿਸ਼ਟਾਚਾਰ ਤੇ ਲਾਲ ਫ਼ੀਤਾਸ਼ਾਹੀ 'ਤੇ ਕਾਬੂ ਪਾਏ ਸਰਕਾਰ



ਡਾ. ਅੰਮ੍ਰਿਤ ਸਾਗਰ ਮਿੱਤਲ
ਲੇਖਕ ਪੰਜਾਬ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ ਉਪ-ਚੇਅਰਮੈਨ ਵੀ ਹਨ।



ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਕੀਤੇ ਗਏ ਠੋਸ ਯਤਨਾਂ ਦੇ ਬਾਵਜੂਦ ਲਾਲ ਫ਼ੀਤਾਸ਼ਾਹੀ ਅਤੇ ਰਿਸ਼ਵਤਖੋਰੀ ਭਾਰਤ 'ਚ ਕਾਰੋਬਾਰਾਂ ਦੇ ਵਿਕਾਸ ਵਿੱਚ ਵੱਡੀਆਂ ਰੁਕਾਵਟਾਂ ਬਣੀਆਂ ਹੋਈਆਂ ਹਨ। ਹਾਲ ਹੀ 'ਚ ਕੀਤੇ ਗਏ ਇੰਡੀਆ ਬਿਜਨੈੱਸ ਕਰੱਪਸ਼ਨ ਸਰਵੇ-2024 'ਚ ਇੱਕ ਪ੍ਰੇਸ਼ਾਨ ਕਰਨ ਵਾਲੀ ਤਸਵੀਰ ਉੱਭਰ ਕੇ ਸਾਹਮਣੇ ਆਈ ਹੈ। ਇਸ ਸਰਵੇਖਣ 'ਚ 66 ਫ਼ੀਸਦੀ ਵਪਾਰਕ ਸੰਸਥਾਵਾਂ ਨੇ ਰਿਸ਼ਵਤ ਦੇਣ ਦੀ ਗੱਲ ਮੰਨੀ ਹੈ, ਜਦੋਂ ਕਿ 54 ਫ਼ੀਸਦੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰੀ ਪ੍ਰਕਿਰਿਆਵਾਂ ਨੂੰ ਤੇਜ਼ ਕਰਨ, ਪਰਮਿਟ ਪ੍ਰਾਪਤ ਕਰਨ ਜਾਂ ਡੁਪਲੀਕੇਟ ਲਾਈਸੈਂਸ ਪ੍ਰਾਪਤ ਕਰਨ ਲਈ ਰਿਸ਼ਵਤ ਦੇਣ ਲਈ ਮਜਬੂਰ ਕੀਤਾ ਗਿਆ ਸੀ। ਇਹ ਸਮੱਸਿਆ ਲੇਬਰ, ਜੀ.ਐੱਸ. ਟੀ. ਆਮਦਨ ਕਰ, ਪ੍ਰਦੂਸ਼ਣ, ਭਵਿੱਖ ਨਿਧੀ, ਜਾਇਦਾਦ ਰਜਿਸਟ੍ਰੇਸ਼ਨ, ਦਵਾ ਅਤੇ ਸਿਹਤ ਵਿਭਾਗਾਂ 'ਚ ਅਧਿਕਾਰੀਆਂ ਦੁਆਰਾ ਸ਼ਾਸਿਤ ਖੇਤਰਾਂ 'ਚ ਸਭ ਤੋਂ ਗੰਭੀਰ ਹੈ।

ਆਰਥਿਕ ਪ੍ਰਭਾਵ ਨੂੰ ਨਕਾਰਿਆ ਨਹੀਂ ਜਾ ਸਕਦਾ।। ਈ.ਵਾਈ-ਐੱਫ.ਆਈ.ਸੀ.ਸੀ.ਆਈ. ਦੁਆਰਾ ਕੀਤੇ ਗਏ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਪੰਜਾਂ 'ਚੋ ਚਾਰ ਜਣਿਆਂ ਦਾ ਮੰਨਣਾ ਹੈ ਕਿ ਭ੍ਰਿਸ਼ਟਾਚਾਰ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ.ਡੀ.ਆਈ.) ਦੇ ਲਈ ਇੱਕ ਮਹੱਤਵਪੂਰਨ ਅੜਚਣ ਹੈ। ਇਹ ਇੱਕ ਪਾਰਦਰਸ਼ੀ, ਨਿਰਪੱਖ ਅਤੇ ਅਨੁਮਾਨ ਲਗਾਉਣ ਯੋਗ ਰੇਗੂਲੇਟਰੀ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਦੇ ਨਿਯਮਾਵਲੀ ਢਾਂਚੇ ਨੂੰ ਸੁਧਾਰਨ ਦੀ ਤੁਰੰਤ ਲੋੜ ਨੂੰ ਦਰਸਾਉਂਦਾ ਹੈ।

ਜਦੋਂ ਕਿ ਸਰਕਾਰ ਨੇ ਦੋ ਸਾਲ ਪਹਿਲਾਂ ਸਰਕਾਰੀ ਨਿਯਮਾਂ ਦੀ ਪਾਲਣਾ ਸੰਬੰਧੀ ਸੁਧਾਰ ਸ਼ੁਰੂ ਕੀਤੇ ਸਨ, ਪਰ ਪ੍ਰਗਤੀ ਸੁਸਤ ਰਹੀ ਹੈ। 2023 ਦਾ ਜਨ ਵਿਸ਼ਵਾਸ ਐਕਟ ਇੱਕ ਚੰਗੀ ਪਹਿਲ ਸੀ, ਜਿਸ ਨੇ ਕੈਦ ਦੀਆਂ ਧਾਰਾਵਾਂ ਨਾਲ ਸੰਬੰਧਿਤ 180 ਧਾਰਾਵਾਂ ਨੂੰ ਅਪਰਾਧ ਮੁਕਤ ਕਰਾਰ ਦਿੱਤਾ, ਜੋ ਕਾਰੋਬਾਰਾਂ ਅਤੇ ਉਦਮੀਆਂ 'ਤੇ ਬੋਝ ਪਾਉਂਦੀਆਂ ਸਨ। ਹਾਲਾਂਕਿ, ਜਨ ਵਿਸ਼ਵਾਸ 2.0 ਬਾਰੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ 2025 ਦੀ ਬਜਟ ਘੋਸ਼ਣਾ ਦਾ ਉਦੇਸ਼ ਲਗਭਗ 100 ਹੋਰ ਸੰਬੰਧਿਤ ਵਿਵਸਥਾਵਾਂ ਨੂੰ ਅਪਰਾਧ ਮੁਕਤ ਬਣਾਉਣਾ ਹੈ। ਹਾਲਾਂਕਿ ਇਹ ਇੱਕ ਸਵਾਗਤਯੋਗ ਕਦਮ ਹੈ, ਪਰ ਇਹ ਮੁਸ਼ਕਿਲ ਨਾਲ ਜ਼ਮੀਨੀ ਪੱਧਰ ਨੂੰ ਛੂੰਹਦਾ ਹੈ ਕੈਦ ਦੀਆਂ ਧਾਰਾਵਾਂ ਵਾਲੀਆਂ 20 ਹਜ਼ਾਰ ਤੋਂ ਵੱਧ ਸੰਬੰਧਿਤ ਵਿਵਸਥਾਵਾਂ ਅਜੇ ਵੀ ਕਾਇਮ ਹਨ।

ਸਰਕਾਰੀ ਨਿਯਮਾਂ ਦੀ ਪਾਲਣਾ : ਭਾਰਤੀ ਕਾਰੋਬਾਰਾਂ ਲਈ, ਸਰਕਾਰੀ ਨਿਯਮਾਂ ਦੀ ਪਾਲਣਾ ਕਰਨਾ ਪਹਿਲਾਂ ਤੋਂ ਹੀ ਇੱਕ ਗੁੰਝਲਦਾਰ ਚੁਣੌਤੀ ਹੈ, ਪਰ ਭ੍ਰਿਸ਼ਟਾਚਾਰ ਨਾਲ ਇਸ ਦਾ ਅੰਤਰਸੰਬੰਧ ਇਸ ਨੂੰ ਲਗਭਗ ਅਸੰਭਵ ਬਣਾਉਂਦਾ ਹੈ। ਰੈਗੂਲੇਟਰੀ ਅਫ਼ਸਰ ਅਕਸਰ ਰਿਸ਼ਵਤ ਲੈਣ ਲਈ ਸਰਕਾਰੀ ਨਿਯਮਾਂ ਦੀ ਪਾਲਣਾ ਨਾਲ ਸੰਬੰਧਿਤ ਵਿਵਸਥਾਵਾਂ ਦੀ ਵਰਤੋਂ ਕਰਦੇ ਹਨ। ਬਹੁਤ ਸਾਰੇ ਕਾਰੋਬਾਰਾਂ ਦੀ ਰਿਪੋਰਟ ਹੈ ਕਿ ਹਾਲੇ ਵੀ ਰੈਗੂਲੇਟਰੀ ਪ੍ਰਵਾਨਗੀਆਂ ਲੈਣ ਲਈ ਰਿਸ਼ਵਤ ਦੇਣੀ ਪੈਂਦੀ ਹੈ ਭਾਵੇਂ ਹੀ ਸਾਰੇ ਲੋੜੀਂਦੇ ਸਰਕਾਰੀ ਨਿਯਮਾਂ ਦੀ ਪਾਲਣਾ ਪੂਰੀ ਤਰ੍ਹਾਂ ਕੀਤੀ ਗਈ ਹੋਵੇ। ਸਿਸਟਮ 'ਚ ਇੱਕ ਮਹੱਤਵਪੂਰਨ ਦੋਸ਼ ਇੰਸਪੈਕਟਰਾਂ ਨੂੰ ਦਿੱਤੀ ਗਈ ਬਹੁਤ ਜ਼ਿਆਦਾ ਖੁੱਲ੍ਹ ਹੈ, ਜੋ ਬਿਨਾਂ ਜਵਾਬਦੇਹੀ ਦੇ ਕੈਦ ਜਾਂ ਕਾਰਖਾਨੇ/ਫੈਕਟਰੀ ਬੰਦ ਕਰਨ ਦੀ ਧਮਕੀ ਦੇ ਸਕਦੇ ਹਨ। ਇੱਕ ਹੋਰ ਗੰਭੀਰ ਮੁੱਦਾ ਸਰਕਾਰੀ ਨਿਯਮਾਂ ਦੇ ਨਵੀਨੀਕਰਨ (ਅਪਡੇਟ) ਦਾ ਹੈ, ਜੋ ਅਕੁਸ਼ਲਤਾ ਅਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਦਾ ਹੈ। ਇਕੱਲੇ ਪਿਛਲੇ ਸਾਲ ਦੌਰਾਨ, 9420 ਨਿਯਮਾਂ ਦਾ ਨਵੀਨੀਕਰਨ ਕੀਤਾ ਗਿਆ ਭਾਵ ਔਸਤਨ ਰੋਜ਼ਾਨਾ 36 ਤਬਦੀਲੀਆਂ। ਤਬਦੀਲੀ ਦੀ ਇਹ ਹੈਰਾਨੀਜਨਕ ਦਰ ਜਾਂ ਤਾਂ ਰੈਗੂਲੇਟਰੀ ਅਯੋਗਤਾ ਜਾਂ ਪ੍ਰਣਾਲੀਗਤ ਭ੍ਰਿਸ਼ਟਾਚਾਰ ਪਾਈਪਲਾਈਨ ਬਣਾਉਣ ਲਈ ਜਾਣਬੁੱਝ ਕੇ ਕੀਤੀ ਗਈ ਯੋਜਨਾ ਨੂੰ ਦਰਸਾਉਂਦੀ ਹੈ। ਇੱਕ ਨੌਕਰਸ਼ਾਹੀ ਜਿਸ ਨੂੰ ਅਜਿਹੇ ਅਨਿਯਮਿਤ ਰਫ਼ਤਾਰ ਨਾਲ ਨਿਯਮਾਂ ਦੇ ਨਵੀਨੀਕਰਨ ਦੀ ਲੋੜ ਹੁੰਦੀ ਹੈ, ਉਹ ਜਾਂ ਤਾਂ ਦੂਰਦਰਸ਼ਿਤਾ 'ਚ ਅਸਮਰੱਥ ਹੁੰਦੀ ਹੈ ਜਾਂ ਅਜਿਹੇ ਮਾਹੌਲ ਨੂੰ ਉਤਸ਼ਾਹਿਤ ਕਰਨ 'ਚ ਸ਼ਾਮਿਲ ਹੁੰਦੀ ਹੈ, ਜਿੱਥੇ ਰਿਸ਼ਵਤ ਜ਼ਰੂਰੀ ਬਣ ਜਾਂਦੀ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਿਟੀ ਆਫ਼ ਇੰਡੀਆ (ਐੱਫ.ਐੱਸ.ਐੱਸ.ਏ.ਆਈ.) ਦਾ ਹਾਲੀਆ ਨਿਰਦੇਸ਼ ਇਸ ਅਵਿਵਸਥਾ ਨੂੰ ਰੋਕਣ ਲਈ ਇੱਕ ਸ਼ਾਨਦਾਰ ਪਹਿਲ ਹੈ। ਇਸ ਜਨਵਰੀ ਤੋਂ ਪ੍ਰਭਾਵੀ, ਫੂਡ ਲੇਬਲ ਨਿਯਮਾਂ 'ਚ ਤਬਦੀਲੀਆਂ ਦੀ ਘੋਸ਼ਣਾ ਸਾਲ 'ਚ ਸਿਰਫ਼ ਇੱਕ ਵਾਰ ਕੀਤੀ ਜਾਵੇਗੀ, ਜੋ ਕਿ ਅਨੁਮਾਨਿਤ ਰੈਗੂਲੇਟਰੀ ਤਬਦੀਲੀਆਂ ਲਈ ਇੱਕ ਮਾਡਲ ਦੀ ਪੇਸ਼ਕਸ਼ ਕਰਦਾ ਹੈ। ਇਸੇ ਤਰ੍ਹਾਂ ਦੇ ਉਪਾਅ ਸਾਰੇ ਰੈਗੂਲੇਟਰੀ ਸੰਸਥਾਵਾਂ 'ਚ ਲਾਗੂ ਕੀਤੇ ਜਾਣੇ ਚਾਹੀਦੇ ਹਨ।

**ਕਿਰਤ ਕਾਨੂੰਨ** : ਨਿਯਮਾਂ ਦੀ ਪਾਲਣਾ ਨਾਲ ਸੰਬੰਧਿਤ ਕੈਦ ਦੀਆਂ ਧਾਰਾਵਾਂ ਦਾ ਇਕ ਮਹੱਤਵਪੂਰਨ ਹਿੱਸਾ ਕਿਰਤ ਕਾਨੂੰਨਾਂ ਤੋਂ ਪੈਦਾ ਹੁੰਦਾ ਹੈ, ਜੋ ਕਿ ਸੰਵਿਧਾਨ ਦੀ ਸਮਵਰਤੀ ਸੂਚੀ ਦੇ ਅਧੀਨ ਆਉਂਦੇ ਹਨ। ਜਦੋਂ ਕਿ ਭਾਰਤ ਨੇ ਬਸਤੀਵਾਦੀ ਯੁੱਗ ਦੇ 29 ਕਿਰਤ ਕਾਨੂੰਨਾਂ ਨੂੰ ਚਾਰ ਆਧੁਨਿਕ ਲੇਬਰ ਕੋਡਾਂ ਨਾਲ ਬਦਲ ਦਿੱਤਾ ਹੈ, ਉਹ ਹਾਲੇ ਵੀ ਅੱਧ ਵਿਚਾਲੇ ਲਟਕੇ ਹੋਏ ਹਨ ਅਤੇ ਲਾਗੂ ਹੋਣ ਦੀ ਉਡੀਕ ਕਰ ਰਹੇ ਹਨ। ਇਸ ਮਹੱਤਵਪੂਰਨ ਕਦਮ ਤੋਂ ਬਿਨਾਂ, ਲੰਬੇ ਸਮੇਂ ਤੋਂ ਪ੍ਰਚਾਰਿਤ 'ਆਜ਼ਾਦ ਭਾਰਤ ਵਿੱਚ ਸਭ ਤੋਂ ਵੱਡੇ ਕਿਰਤ ਸੁਧਾਰ' ਸਿਰਫ਼ ਬਿਆਨਬਾਜ਼ੀ ਬਣ ਕੇ ਰਹਿ ਗਏ ਹਨ। ਰਾਜ ਸਰਕਾਰਾਂ ਨੂੰ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ।

**ਵਪਾਰਕ ਪਰਮਿਟਾਂ ਨੂੰ ਸਰਲ ਬਣਾਉਣਾ** : ਭਾਰਤ 'ਚ ਇੱਕ ਫੈਕਟਰੀ ਸਥਾਪਿਤ ਕਰਨ ਲਈ 40 ਤੋਂ ਵੱਧ ਸਰਕਾਰੀ ਵਿਭਾਗਾਂ 'ਚ ਸੈਂਕੜੇ ਸਵੈ-ਪ੍ਰਮਾਣਿਤ ਅਤੇ ਨੋਟਰੀ ਦੁਆਰਾ ਪ੍ਰਮਾਣਿਤ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਲੋੜ ਹੁੰਦੀ ਹੈ। ਇਹ ਪੁਰਾਣੀ ਪ੍ਰਣਾਲੀ ਭ੍ਰਿਸ਼ਟਾਚਾਰ ਅਤੇ ਅਸਮਰੱਥਾਵਾਂ ਨੂੰ ਜਨਮ ਦਿੰਦੀ ਹੈ। ਇਕ ਡਿਜੀਟਲ-ਪਹਿਲੀ ਪਹੁੰਚ ਪ੍ਰਕਿਰਿਆ ਨੂੰ ਬਦਲ ਸਕਦੀ ਹੈ। ਇੱਕ ਦ੍ਰਿਸ਼ ਦੀ ਕਲਪਨਾ ਕਰੋ, ਜਿੱਥੇ ਉੱਦਮੀ ਇੱਕ ਸਿੰਗਲ ਬਿਜ਼ਨੈੱਸ ਪਛਾਣ ਪੱਤਰ ਦੀ ਵਰਤੋਂ ਕਰਦੇ ਹੋਏ ਫੈਕਟਰੀ ਦੀ ਮਨਜ਼ੂਰੀ ਲਈ ਅਰਜ਼ੀ ਦੇ ਸਕਦੇ ਹਨ, ਰੈਗੂਲੇਟਰਾਂ ਨੂੰ ਡਿਜੀਲਾਕਰ ਨਾਂਅ ਦੀ ਇਕਾਈ ਦੁਆਰਾ ਪ੍ਰਮਾਣਿਤ ਦਸਤਾਵੇਜ਼ ਤੱਕ ਪਹੁੰਚ ਪ੍ਰਦਾਨ ਕਰ ਸਕਦੇ ਹਨ। ਅਜਿਹੀ ਛੇੜਛਾੜ-ਪਰੂਫ਼, ਪ੍ਰਮਾਣਿਤ ਰਿਪੋਜ਼ਟਰੀ ਮਨਜ਼ੂਰੀ ਦੇ ਸਮੇਂ ਨੂੰ ਮਹੀਨਿਆਂ ਤੋਂ ਦਿਨਾਂ ਤੱਕ ਘਟਾ ਸਕਦੀ ਹੈ, ਜੋ ਹਵਾਈ ਅੱਡੇ ਦੀ ਸੁਰੱਖਿਆ ਨੂੰ ਸੁਚਾਰੂ ਬਣਾਉਣ 'ਚ ਭਾਰਤ ਦੀ ਡਿਜੀ ਯਾਤਰਾ ਦੀ ਸਫਲਤਾ ਨੂੰ ਦਰਸਾਉਂਦੀ ਹੈ। ਇੱਕ ਰਾਸ਼ਟਰ, ਇੱਕ ਕਾਰੋਬਾਰ ਪਛਾਣ : ਭਾਰਤ ਦੇ ਡਿਜੀਟਲ ਪਬਲਿਕ ਇੰਫਰਾਸਟ੍ਰੱਚਰ (ਡੀ.ਪੀ.ਆਈ.) ਨੇ ਸ਼ਾਸਨ 'ਚ ਕ੍ਰਾਂਤੀ ਲਿਆ ਦਿੱਤੀ ਹੈ, ਪਰ ਵਪਾਰਕ ਨਿਯਮਾਂ ਦੀ ਪਾਲਣਾ ਅਜੇ ਵੀ ਖੰਡਿਤ ਹੈ। ਉੱਦਮੀਆਂ ਨੂੰ ਵੱਖ-ਵੱਖ ਸੰਘ ਅਤੇ ਰਾਜ ਅਥਾਰਿਟੀਆਂ ਦੁਆਰਾ ਜਾਰੀ ਘੱਟੋ-ਘੱਟ 23 ਪਛਾਣ ਨੰਬਰਾਂ ਨੂੰ ਸਮਝਣਾ ਹੋਵੇਗਾ ਜਿਵੇਂ ਪੈਨ, ਜੀ.ਐੱਸ.ਟੀ.ਆਈ.ਐੱਨ. ਅਤੇ ਸੀ.ਆਈ.ਐਨ. ਤੋਂ ਲੈ ਕੇ ਪੇਸ਼ੇਵਰ ਟੈਕਸ ਨੰਬਰਾਂ

(ਬਾਕੀ ਸਫ਼ਾ 31 'ਤੇ)

# ਕੀ ਪੰਜਾਬ ਵਿੱਚ ‘ਆਪਰੇਸ਼ਨ ਲੋਟਸ’ ਚਲਾ ਸਕਦੀ ਹੈ ਭਾਜਪਾ ?

## ਕੀ ਭਗਵੰਤ ਮਾਨ ਵਿਧਾਇਕਾਂ ਸਮੇਤ ਕੇਜਰੀਵਾਲ ਵਿਰੁੱਧ ਬ਼ਗਾਵਤ ਕਰਨਗੇ ?

**ਅਭੈ ਕੁਮਾਰ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ ’ਚ ਪ੍ਰੋਫੈਸਰ ਅਤੇ ਭਾਰਤੀ ਭਾਸ਼ਾਵਾਂ ’ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਪੰਜਾਬ ਦੀਆਂ ਰਾਜਨੀਤਕ ਤਾਕਤਾਂ ਇਸ ਸਮੇਂ ਗੰਭੀਰ ਹੋ ਕੇ ਸੋਚ ਰਹੀਆਂ ਹੋਣਗੀਆਂ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ’ਚ ਆਮ ਆਦਮੀ ਪਾਰਟੀ ਦੀ ਹਾਰ ਦਾ ਮਤਲਬ ਉਨ੍ਹਾਂ ਲਈ ਕੀ ਹੈ ? ਦਿੱਲੀ ਦੇ ਮੀਡੀਆ ਸਰਕਲਾਂ ’ਚ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੈ। ਕਿਹਾ ਜਾ ਰਿਹਾ ਹੈ ਕਿ ਹੁਣ ਭਾਜਪਾ ਕਿਸੇ ਸਮੇਂ ਵੀ ਪੰਜਾਬ ’ਚ ‘ਆਪਰੇਸ਼ਨ ਲੋਟਸ’ ਚਲਾ ਸਕਦੀ ਹੈ। ਅਜਿਹੀਆਂ ਸੋਚਾਂ ਸੋਚੀਆਂ ਜਾ ਰਹੀਆਂ ਹਨ ਕਿ ਆਮ ਆਦਮੀ ਪਾਰਟੀ ਦੇ ਸਾਰੇ 90 ਵਿਧਾਇਕ ਮੁੱਖ ਮੰਤਰੀ ਸਮੇਤ ਇਕੱਠਿਆਂ ਭਾਜਪਾ ’ਚ ਜਾ ਸਕਦੇ ਹਨ। ਉਂਝ ਤਾਂ ਰਾਜਨੀਤੀ ’ਚ ਕੁਝ ਵੀ ਨਾਮੁਮਕਿਨ ਨਹੀਂ ਹੈ। ਇੱਕ ਵਾਰ ਤਾਂ ਭਜਨ ਲਾਲ ਦੀ ਅਗਵਾਈ ’ਚ ਹਰਿਆਣਾ ਦੀ ਪੂਰੀ ਸਰਕਾਰ ਨੇ ਵੀ ਪਾਰਟੀ ਬਦਲ ਲਈ ਸੀ, ਪਰ ਜੋ ਵੀ ਹੋਵੇ, ਪੰਜਾਬ ’ਚ ਇਸ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ। ਇਸ ਪ੍ਰਦੇਸ਼ ’ਚ ਅਕਾਲੀ ਦਲ ਹਾਲੇ ਵੀ ਆਪਣੇ ਪੁੱਟੇ ਹੋਏ ਟੋਏ ’ਚੋਂ ਨਿਕਲ ਨਹੀਂ ਸਕਿਆ। ਕਾਂਗਰਸ ਕੈਪਟਨ ਅਮਰਿੰਦਰ ਸਿੰਘ ਦੇ ਜਾਣ ਤੋਂ ਬਾਅਦ (ਦਰਅਸਲ ਉਨ੍ਹਾਂ ਨੂੰ ਤਾਂ ਪਾਰਟੀ ’ਚੋਂ ਬਾਹਰ ਧੱਕ ਦਿੱਤਾ ਗਿਆ ਸੀ) ਅਗਵਾਈ ਹੀਣ ਹੈ। ਖ਼ੁਦ ਭਾਜਪਾ ਦਾ ਸਮਰਥਨ ਆਧਾਰ ਬਹੁਤ ਛੋਟਾ ਹੈ। ਇਸ ਲਿਹਾਜ਼ ਨਾਲ ਵੇਖੀਏ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਸੁਰੱਖਿਅਤ ਹੀ ਲੱਗ ਰਹੀ ਹੈ, ਪਰ ਇਸ ਸਥਿਤੀ ਦੇ ਬਾਵਜੂਦ ਇਹ ਨਹੀਂ ਕਿਹਾ ਜਾ ਸਕਦਾ ਕਿ ਕਦੋਂ ਪੰਜਾਬ ’ਚ ‘ਆਪ’ ਦੀ ਸਰਕਾਰ ਕਿਸੇ ਪ੍ਰੀਖਿਆ ਦੀ ਘੜੀ ਦਾ ਸਾਹਮਣਾ ਕਰਦੀ ਦਿਖਾਈ ਦੇਣ ਲੱਗੇ।




ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੀ ਕੋਈ ਵੀ ਸਮੀਖਿਆ ਇੱਥੋਂ ਦੇ ਵੋਟਰਾਂ ਦੇ ਵਿਸ਼ੇਸ਼ ਚਰਿੱਤਰ ’ਤੇ ਰੌਸ਼ਨੀ ਪਾਏ ਬਿਨਾਂ ਨਹੀਂ ਕੀਤੀ ਜਾ ਸਕਦੀ। ਦੇਸ਼ ਦੇ ਪੀਰੀਓਡਿਕ ਲੇਬਰ ਫੋਰਸ ਸਰਵੇ ਦੇ ਮੁਤਾਬਿਕ ਹਰ 100 ਲੋਕਾਂ ਦੀ ਆਬਾਦੀ ’ਤੇ ਸਾਡੇ ਇੱਥੇ 22 ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਨਿਯਮਿਤ ਤੌਰ ’ਤੇ ਤਨਖਾਹ ਮਿਲਦੀ ਹੈ, ਪਰ ਦਿੱਲੀ ਇਸ ਦਾ ਅਪਵਾਦ ਹੈ। ਇੱਥੇ ਹਰ 100 ਲੋਕਾਂ ਪਿੱਛੇ 56 ਲੋਕ ਵੇਤਨਭੋਗੀ ਹਨ। ਚਾਹੇ ਉਹ ਨਿੱਜੀ ਕੰਪਨੀਆਂ ’ਚ ਕੰਮ ਕਰਦੇ ਹੋਣ ਜਾਂ ਸਰਕਾਰੀ ਵਿਭਾਗਾਂ ’ਚ ਜਾਂ ਸਕੂਲਾਂ-ਕਾਲਜਾਂ ਵਿੱਚ। ਇਹ ਹੈ ਦਿੱਲੀ ਦਾ ਖਾਂਦਾ-ਪੀਂਦਾ ਮੱਧ ਵਰਗ। (ਸਾਰੇ ਦੇਸ਼ ’ਚ 13 ਕਰੋੜ ਵੇਤਨਭੋਗੀ ਹਨ, ਜਿਨ੍ਹਾਂ ਦਾ ਚੌਥਾਈ ਹਿੱਸਾ ਦਿੱਲੀ ’ਚ ਰਹਿੰਦਾ ਹੈ)। ਇਸ ਆਬਾਦੀ ’ਚ ਸਾਰੇ ਦੇਸ਼ ਦੇ ਮੁਕਾਬਲੇ ਅਮੀਰ ਲੋਕਾਂ ਦਾ ਪ੍ਰਤੀਸ਼ਤ ਵੀ ਗਿਣਤੀ ਪੱਖੋਂ ਜ਼ਿਆਦਾ ਹੈ। 2020 ਤੋਂ ਬਾਅਦ ਪਿਛਲੇ 5 ਸਾਲਾਂ ’ਚ ਇਸ ਤਬਕੇ ਦੀ ਗਿਣਤੀ ਸਾਢੇ 6 ਫ਼ੀਸਦੀ ਵਧ ਗਈ ਹੈ। ਲੋਕ ਸਭਾ ਚੋਣਾਂ ’ਚ ਭਾਰਤੀ ਜਨਤਾ ਪਾਰਟੀ ਨੂੰ ਦਿਲ ਖੋਲ੍ਹ ਕੇ ਵੋਟਾਂ ਪਾਉਣ ਤੋਂ ਬਾਅਦ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਤੋਂ ਇਹੀ ਖ਼ੁਸ਼ਹਾਲ ਵੋਟਰਾਂ ਦਾ ਇੱਕ ਚੰਗਾ ਹਿੱਸਾ ਆਮ ਆਦਮੀ ਪਾਰਟੀ ਵੱਲ ਖਿਸਕ ਗਿਆ ਸੀ। ਘੱਟ ਆਮਦਨ ਵਾਲੇ ਵਰਗ ਦੇ ਸਮਰਥਨ ਦੇ ਨਾਲ ਮਿਲ ਕੇ ‘ਆਪ’ ਦਾ ਵੋਟ ਪ੍ਰਤੀਸ਼ਤ 50 ਦੇ ਪਾਰ ਚਲਿਆ ਜਾਂਦਾ ਸੀ। ਇਸ ਵਾਰ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਵੋਟਰਾਂ ਨੂੰ ਥੋੜ੍ਹਾ-ਬਹੁਤ ਆਪਣੇ ਕੋਲ ਰੋਕਣ ’ਚ ਕਾਮਯਾਬੀ ਹਾਸਿਲ ਕਰ ਲਈ। ਭਾਜਪਾ ਦੀਆਂ ਵੋਟਾਂ ’ਚ ਜੋ ਲਗਭਗ 8 ਫ਼ੀਸਦੀ (38 ਤੋਂ 45.56 ਫ਼ੀਸਦੀ) ਅਤੇ ਕਾਂਗਰਸ ਦੇ ਵੋਟਰਾਂ ’ਚ ਲਗਭਗ 2 ਫ਼ੀਸਦੀ (4.25 ਤੋਂ 6.34 ਫ਼ੀਸਦੀ) ਦਾ ਜੋ ਵਾਧਾ ਹੋਇਆ ਹੈ, ਉਹ ਇੱਥੋਂ ਆਉਂਦਾ ਦਿਖਾਈ ਦਿੰਦਾ ਹੈ। ‘ਆਪ’ ਦੇ ਲਗਭਗ 10 ਫ਼ੀਸਦੀ ਵੋਟ ਹੀ ਘਟੇ ਹਨ। ਉਸ ਨੂੰ ਜੋ 43.5 ਫ਼ੀਸਦੀ ਵੋਟ ਪ੍ਰਾਪਤ ਹੋਏ, ਉਹ ਦਿੱਲੀ ਦੇ ਗ਼ਰੀਬਾਂ (ਮੁਸਲਮਾਨਾਂ ਅਤੇ ਦਲਿਤਾਂ ਸਮੇਤ ਜੋ ਮੋਟੇ ਤੌਰ ’ਤੇ ਹੇਠਲੇ ਆਮਦਨ ਵਰਗ ਨਾਲ ਸੰਬੰਧ ਰੱਖਦੇ ਹਨ) ਦੇ ਹਨ। ਇਸ ਲਿਹਾਜ਼ ਨਾਲ ਇਹ ਚੋਣਾਂ ਇੱਕ ਤਰ੍ਹਾਂ ਦੀ ਵਰਗੀ ਹੋੜ ਦੀ ਤਰ੍ਹਾਂ ਵੀ ਦੇਖੀਆਂ ਜਾ ਸਕਦੀਆਂ ਹਨ।

ਇਸ ਵਰਗ ਦਾ ਸਮਰਥਨ ਆਪਣੇ ਕੋਲ ਬਣਾਈ ਰੱਖਣ ਦਾ ਕੰਮ ਕੇਂਦਰ ਸਰਕਾਰ ਦੀਆਂ ਪਿਛਲੇ ਢਾਈ ਸਾਲਾਂ ’ਚ ਕੀਤੀਆਂ ਗਈਆਂ ਚਾਰ ਦਖ਼ਲਅੰਦਾਜ਼ੀਆਂ ਨੇ ਕੀਤਾ ਹੈ। ਪਹਿਲੀ ਦਖਲਅੰਦਾਜ਼ੀ ਉਹ ਸੀ, ਜਦੋਂ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਦੇ ਫ਼ੈਸਲੇ ਨੂੰ ਪਲਟ ਕੇ ਕੇਂਦਰ ਸਰਕਾਰ ਨੇ ਅਫ਼ਸਰਾਂ ਅਤੇ ਕਰਮਚਾਰੀਆਂ ਦੀਆਂ ਨਿਯੁਕਤੀਆਂ ਅਤੇ ਤਬਾਦਲਿਆਂ ਦਾ ਅਧਿਕਾਰ ਚੁਣੀ ਹੋਈ ਸਰਕਾਰ ਕੋਲੋਂ ਖੋਹ ਕੇ ਗ੍ਰਹਿ ਮੰਤਰਾਲੇ ਨੂੰ ਰਿਪੋਰਟ ਕਰਨ ਵਾਲੇ ਉਪ ਰਾਜਪਾਲ ਨੂੰ ਦੇ ਦਿੱਤਾ।

ਇਸ ਦੇ ਲਈ ਉਸ ਨੇ ਪਹਿਲਾਂ ਆਰਡੀਨੈਂਸ ਜਾਰੀ ਕੀਤਾ ਅਤੇ ਫਿਰ ਕਾਨੂੰਨ ਬਣਾਇਆ। ਇਸ ਨੇ ‘ਆਪ’ ਸਰਕਾਰ ਨੂੰ ਲੂਲਾ ਬਣਾ ਦਿੱਤਾ। ਉਹ ਸਕੂਲ ਖੋਲ੍ਹ ਸਕਦੀ ਸੀ, ਪਰ ਅਧਿਆਪਕ ਨਿਯੁਕਤ ਨਹੀਂ ਕਰ ਸਕਦੀ ਸੀ। ਉਹ ਮੁਹੱਲਾ ਕਲੀਨਿਕ ਖੋਲ੍ਹ ਸਕਦੀ ਸੀ, ਪਰ ਉੱਥੇ ਡਾਕਟਰ ਅਤੇ ਕੰਪਾਊਂਡਰ ਨਿਯੁਕਤ ਕਰਨ ਦਾ ਅਧਿਕਾਰ ਉਸ ਦੇ ਕੋਲ ਨਹੀਂ ਸੀ। ਇਹੀ ਕਾਰਨ ਸੀ ਕਿ ਉਹ ਪਹਿਲੇ ਕਾਰਜਕਾਲ ’ਚ ਬਣੀ ਡਿਲੀਵਰੀ ਕਰਨ ਵਾਲੀ ਸਰਕਾਰ ਦੇ ਅਕਸ ਨੂੰ ਗੁਆ ਬੈਠੀ। ਨੌਕਰੀਪੇਸ਼ਾ ਮੱਧ ਵਰਗ ਦੀ ਵਿਵਹਾਰ-ਬੁੱਧੀ ਨੇ ਸੋਚਿਆ ਕਿ ਜੇਕਰ ਉਸ ਨੇ ਫਿਰ ਤੋਂ ‘ਆਪ’ ਨੂੰ ਜਿਤਾਇਆ ਤਾਂ ਉਸ ਨੂੰ ਉਪ ਰਾਜਪਾਲ ਫਿਰ ਤੋਂ ਕੰਮ ਨਹੀਂ ਕਰਨ ਦੇਣਗੇ। ਇਹ ਇੱਕ ਅਜਿਹੀ ‘ਐਂਟੀ-ਇਨਕੁੰਬੈਂਸੀ’ ਸੀ, ਜਿਸ ਦਾ ਤੋੜ ਭਵਿੱਖ ’ਚ ਵਾਅਦੇ ਪੂਰੇ ਕਰਨ ਦੇ ਕਿਸੇ ਭਰੋਸੇ ਨਾਲ ਨਹੀਂ ਕੀਤਾ ਜਾ ਸਕਦਾ ਸੀ। ਨਵੀਂ ਦਿੱਲੀ ਨਗਰ ਮਹਾਪਾਲਿਕਾ ਦੀਆਂ ਚੋਣਾਂ ਜਿੱਤਣਾ ਵੀ ‘ਆਪ’ ਦੇ ਖ਼ਿਲਾਫ਼ ਗਿਆ। ਭਾਜਪਾ ਦੀ ਵਿਸ਼ੇਸ਼ ਰਣਨੀਤੀ ਕਾਰਨ ਐੱਨ.ਡੀ.ਐੱਮ.ਸੀ. ’ਚ ਦੋ ਸਾਲਾਂ ਤੋਂ ਹੰਗਾਮਾ ਹੀ ਚਲਦਾ ਰਿਹਾ। ਉਸ ਦੇ ਕਾਰਨ ਵੀ ਸ਼ਹਿਰੀ ਪ੍ਰਸ਼ਾਸਨ ਦੇ ਵਾਅਦੇ ਪੂਰੇ ਨਹੀਂ ਕੀਤੇ ਜਾ ਸਕੇ।

ਕੇਂਦਰ ਸਰਕਾਰ ਨੇ ਦੂਜੀ ਦਖ਼ਲਅੰਦਾਜ਼ੀ ਕੇਂਦਰੀ ਜਾਂਚ ਏਜੰਸੀਆਂ (ਈ.ਡੀ., ਸੀ.ਬੀ.ਆਈ. ਅਤੇ ਆਦਮਨ ਕਰ ਵਿਭਾਗ) ਰਾਹੀਂ ਕੀਤੀ। ਭਾਰਤ ਦੇ ਲੋਕਤੰਤ੍ਰਿਕ ਇਤਿਹਾਸ ’ਚ ਕਿਸੇ ਵੀ ਸਿਆਸੀ ਪਾਰਟੀ ਦੇ ਖ਼ਿਲਾਫ਼ ਅਜਿਹੀ ਕਾਰਵਾਈ ਕਦੇ ਨਹੀਂ ਹੋਈ। ਢਾਈ ਸਾਲ ਤੋਂ ਲਗਾਤਾਰ ਲਗ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੇ ਥੋੜ੍ਹਾ-ਬਹੁਤ ਮੱਧ ਵਰਗ ਦੇ ਲੋਕਾਂ ਦੇ ਦਿਮਾਗ ’ਚ ਇਸ ਪਾਰਟੀ ਦੇ ਅਕਸ ਸੰਬੰਧੀ ਕੁਝ ਨਾ ਕੁਝ ਨਾਕਾਰਾਤਮਕ ਅਸਰ ਜ਼ਰੂਰ ਪਾਇਆ ਹੋਵੇਗਾ। ਗ੍ਰਿਫ਼ਤਾਰੀਆਂ ਅਤੇ ਜ਼ਮਾਨਤਾਂ ਦਾ ਸੰਭਾਵਿਤ ਤੌਰ ’ਤੇ ਏਨਾ ਸੰਗੀਨ ਅਸਰ ਨਾ ਵੀ ਪਿਆ ਹੋਵੇ, ਪਰ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਖ਼ਰਚ ਕੀਤੇ ਜਾਣ ਵਾਲੇ ਕਰੋੜਾਂ **(ਬਾਕੀ ਸਫ਼ਾ 31 ’ਤੇ)**

# ਵਿਦਿਅਕ ਪ੍ਰਬੰਧ ਅਤੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ


**ਪ੍ਰਿੰ. ਨਵਜੋਤ ਕੌਰ ਬਰਾੜ**

ਜ਼ਿੰਦਗੀ ਦੀ ਭੱਜਦੌੜ ਦੀ ਆਖ਼ਿਰੀ ਮੰਜ਼ਿਲ ਸਫ਼ਲਤਾ ਸਰ ਕਰਨਾ ਹੁੰਦੀ ਹੈ। ਹਰ ਇਨਸਾਨ ਦੀ ਇੱਛਾ ਕਾਮਯਾਬ ਮਨੁੱਖ ਬਣਨ ਦੀ ਹੈ। ਮਨੁੱਖੀ ਸੁਭਾਅ ਆਰਥਿਕ, ਸਮਾਜਿਕ ਤੇ ਧਾਰਮਿਕ ਬਲਕਿ ਹਰ ਤਰ੍ਹਾਂ ਦੀ ਆਜ਼ਾਦੀ ਦਾ ਆਸ਼ਕ ਹੈ। ਆਜ਼ਾਦੀ ਦੀ ਤਾਂਘ ਉਸ ਨੂੰ ਦੁਨੀਆਂ ਤੋਂ ਵੱਖਰਾ ਕਰ ਗੁਜ਼ਰਨ ਲਈ ਪ੍ਰੇਰਦੀ ਹੈ। ਮੰਜ਼ਿਲ ’ਤੇ ਪਹੁੰਚਣ ਲਈ ਰਾਹੀ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਦਾਸੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ, ਨਿਰਾਸ਼ਾ ਆਦਮੀ ਨੂੰ ਆਤਮ-ਹੱਤਿਆ ਲਈ ਉਕਸਾਉਂਦੀ ਹੈ। ਨਿਰਾਸ਼ ਵਿਅਕਤੀ ਨੂੰ ਜਦੋਂ ਲੱਗਦਾ ਹੈ ਕਿ ਹੁਣ ਸਾਰੇ ਰਾਹ ਬੰਦ ਹੋ ਗਏ ਹਨ ਤਾਂ ਉਹ ਮੌਤ ਨੂੰ ਹਮਸਫ਼ਰ ਬਣਾ ਲੈਂਦਾ ਹੈ। ਅਜੋਕੇ ਅਗਾਂਹਵਧੂ ਅਤੇ ਤਕਨਾਲੋਜੀ ਦੇ ਸਮੇਂ ’ਚ ਖ਼ੁਦਕੁਸ਼ੀਆਂ ਦਾ ਮੰਦਭਾਗਾ ਰੁਝਾਨ ਆਲਮੀ ਪੱਧਰ ’ਤੇ ਵਧ ਰਿਹਾ ਹੈ। ਮੁਕਾਬਲੇ ਦੇ ਇਸ ਯੁੱਗ ਵਿੱਚ ਇੱਕ ਦੂਜੇ ਨੂੰ ਪਛਾੜ ਕੇ ਅੱਗੇ ਨਿਕਲਣ ਦੀ ਹੋੜ ਨੇ ਇਨਸਾਨ ਨੂੰ ਮਸ਼ੀਨ ਬਣਾ ਦਿੱਤਾ ਹੈ। ਇਹ ਵਰਤਾਰਾ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜੋਕੇ ਮਾਪੇ ਬੱਚੇ ਤੋਂ ਬਿਨਾਂ ਪੁੱਛੇ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ ਬੱਚੇ ਲਈ ਕਮਾਈ ਦਾ ਚੰਗਾ ਖੇਤਰ ਕਿਹੜਾ ਰਹੇਗਾ। ਬੱਚੇ ਨੂੰ ਸਿਰਫ਼ ਪੈਸੇ ਦੀ ਮਸ਼ੀਨ ਬਣਾਉਣਾ ਹੀ ਜ਼ਿਆਦਾਤਰ ਮਾਪਿਆਂ ਦਾ ਖ਼ਿਆਲ ਹੈ। ਜਦੋਂ ਕੋਈ ਦੁਨੀਆ ਦੀ ਦੌੜ ’ਚੋਂ ਪਛੜਦਾ ਹੈ ਤਾਂ ਉਹ ਆਤਮ-ਹੱਤਿਆ ਨੂੰ ਗਲੇ ਲਗਾ ਲੈਂਦਾ ਹੈ।

ਭਾਰਤ ਵਿੱਚ ਇਹ ਸਮੱਸਿਆ ਗੁੰਝਲਦਾਰ ਅਤੇ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਦੇ 1.32 ਲੱਖ ਖੁਦਕੁਸ਼ੀ ਕਰਨ ਵਾਲੇ ਲੋਕ 14-30 ਸਾਲ ਉਮਰ ਦੇ ਹਨ। ਇਸ ਵਿੱਚ ਵਿਦਿਆਰਥੀ ਵਰਗ ਵੀ ਸ਼ਾਮਲ ਹੈ। ਦੇਸ਼ ਅੰਦਰ ਹੋਈਆਂ ਖੁਦਕੁਸ਼ੀਆਂ ’ਚ 6.1% ਵਿਦਿਆਰਥੀਆਂ ਦੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ ਵਿੱਚ ਆਤਮ-ਹੱਤਿਆ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਜੋ ਸਾਡੇ ਸਿੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ। ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚ ਮੈਡੀਕਲ ਅਤੇ ਇੰਜਨੀਅਰਿੰਗ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਚਾਰ ਬੱਚਿਆਂ ਨੇ 24 ਘੰਟਿਆਂ ਵਿੱਚ ਇੱਕ ਤੋਂ ਬਾਅਦ ਇੱਕ ਨੇ ਆਤਮ-ਹੱਤਿਆ ਕਰ ਲਈ। ਇਹ ਦੁਖਦਾਈ ਘਟਨਾ 2022 ਦੇ ਦਸੰਬਰ ਮਹੀਨੇ ਦੀ ਹੈ। ਇਹ ਕੋਈ ਪਹਿਲੀ ਘਟਨਾ ਨਹੀਂ, ਇਸ ਤੋਂ ਪਹਿਲਾਂ 2020 ਵਿੱਚ ਮੱਧ ਪ੍ਰਦੇਸ਼ ਵਿੱਚ ਇੱਕ ਲੜਕੀ ਨੇ ਨੀਟ ਯੂਜੀ (ਐੱਨਈਈਟੀ ਅੰਡਰ-ਗ੍ਰੈਜੂਏਸ਼ਨ) ਦੇ ਨਤੀਜੇ ਤੋਂ ਬਾਅਦ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਬਹੁਤ ਮਿਹਨਤ ਕਰ ਕੇ ਇਹ ਇਮਤਿਹਾਨ ਦਿੱਤਾ ਪਰ ਨਤੀਜੇ ਵਿੱਚ ਉਸ ਨੂੰ ਆਪਣੇ ਸਿਰਫ਼ 6 ਅੰਕ ਦੇਖ ਕੇ ਬੜਾ ਧੱਕਾ ਲੱਗਾ। ਉਸ ਦੀ ਮੌਤ



ਤੋਂ ਬਾਅਦ ਉਸ ਦੇ ਮਾਪਿਆਂ ਨੇ ਜਦ ਨਤੀਜੇ ਦੀ ਪੜਤਾਲ ਕਰਵਾਈ ਤਾਂ ਉਸ ਦੇ ਅੰਕ 560 ਸਨ। ਇਸ ਤਕਨੀਕੀ ਗਲਤੀ ਦਾ ਖ਼ਮਿਆਜ਼ਾ ਉਸ ਲੜਕੀ ਨੇ ਜ਼ਿੰਦਗੀ ਦੀ ਜੰਗ ਹਾਰ ਕੇ ਚੁਕਾਇਆ। ਅਜਿਹੀਆਂ ਘਟਨਾਵਾਂ ਨੇ ਵਿਦਿਆਰਥੀਆਂ ਵਿੱਚ ਪ੍ਰਵੇਸ਼ ਪ੍ਰੀਖਿਆ ਦੇ ਮੁਕਾਬਲੇ ਕਾਰਨ ਵਧ ਰਹੇ ਦਬਾਅ ਅਤੇ ਤਣਾਅ ਨੇ ਬੁੱਧੀਜੀਵੀਆਂ ਵਿੱਚ ਬਹਿਸ ਛੇੜ ਦਿੱਤੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸਤੰਬਰ 2022 ਵਿੱਚ ਜਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲ 13000 ਵਿਦਿਆਰਥੀਆਂ ਨੇ ਆਤਮ-ਹੱਤਿਆ ਕੀਤੀ। ਹੈਰਾਨੀ ਦੀ ਗੱਲ ਹੈ ਕਿ 2020 ਦੇ ਮੁਕਾਬਲੇ 2021 ਵਿੱਚ ਇਹ ਗਿਣਤੀ 4.5% ਵਧੀ ਹੈ। ਅੰਕੜਿਆਂ ਅਨੁਸਾਰ ਵਿਦਿਆਰਥੀਆਂ ਦੀਆਂ ਕੁੱਲ ਖੁਦਕੁਸ਼ੀਆਂ ’ਚੋਂ 14% ਇਕੱਲੇ ਮਹਾਰਾਸ਼ਟਰ ਦਾ ਬਣਦਾ ਹੈ ਜਿੱਥੇ 1834 ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ।

ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਿਹਰੇ ’ਚ ਖੜ੍ਹਾ ਕੀਤਾ ਹੈ। ਵਿਦਿਆਰਥੀਆਂ ’ਚ ਖੁਦਕੁਸ਼ੀ ਦਾ ਮੁੱਖ ਕਾਰਨ ਇਮਤਿਹਾਨ ਵਿੱਚ ਫ਼ੇਲ੍ਹ ਹੋਣਾ ਨਿੱਕਲਿਆ ਹੈ। ਪ੍ਰਵੇਸ਼ ਪ੍ਰੀਖਿਆ ਟੈਸਟ ਦੀ ਤਿਆਰੀ ਕਰਾਉਣ ਵਾਲੇ ਕੋਚਿੰਗ ਕੇਂਦਰਾਂ ’ਚ ਵਿਦਿਆਰਥੀਆਂ ਦੀ ਭੀੜ ਲਗਾਤਾਰ ਵਧ ਰਹੀ ਹੈ ਪਰ ਕੋਰਸਾਂ ਦੀਆਂ ਸੀਟਾਂ ਸੀਮਤ ਹਨ। ਮੈਡੀਕਲ ਦੀ ਇੱਕ ਲੱਖ ਸੀਟ ਲਈ 2022 ਵਿੱਚ 18 ਲੱਖ ਬੱਚਿਆਂ ਨੇ ਇਮਤਿਹਾਨ ਦਿੱਤਾ ਸੀ। ਯੂਪੀਐੱਸਸੀ ਦੀਆਂ ਇੱਕ ਹਜ਼ਾਰ ਤੋਂ ਘੱਟ ਸੀਟਾਂ ਲਈ ਲੱਖਾਂ ਲੋਕ ਹਰ ਸਾਲ ਪ੍ਰੀਖਿਆ ਦਿੰਦੇ ਹਨ। ਆਤਮ-ਹੱਤਿਆ ਕਰਨ ਵਿੱਚ ਗ਼ਰੀਬ ਬੱਚਿਆਂ ਦੀ ਸ਼ਮੂਲੀਅਤ ਕਾਫ਼ੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਅਨੁਸਾਰ, ਦੇਸ਼ ਅੰਦਰ 2017-19 ਤੱਕ 14-18 ਸਾਲ ਉਮਰ ਦੇ 24588 ਬੱਚਿਆਂ ਨੇ ਆਤਮ-ਹੱਤਿਆ ਕੀਤੀ ਜਿਨ੍ਹਾਂ ’ਚੋਂ 13325 ਲੜਕੀਆਂ ਹਨ। 2017 ’ਚ 8029, 2018 ’ਚ 8162 ਤੇ 2019 ਵਿੱਚ ਇਹ ਅੰਕੜਾ ਵਧ ਕੇ 8377 ਹੋ ਗਿਆ। ਵਿਆਹ ਆਦਿ ਨਾਲ ਸਬੰਧਿਤ ਮਾਮਲਿਆਂ ਕਾਰਨ 3954 ਬੱਚਿਆਂ ਨੇ ਖੁਦਕੁਸ਼ੀ ਕੀਤੀ; ਕਿਸੇ ਬਿਮਾਰੀ, ਨਸ਼ਿਆਂ ਤੋਂ ਗ੍ਰਸਤ, ਜਿਨਸੀ ਛੇੜਛਾੜ ਤੋਂ ਤੰਗ ਆ ਕੇ 2648 ਬੱਚਿਆਂ ਨੇ ਖੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ, ਆਲਮੀ ਪੱਧਰ ’ਤੇ ਦਸ ਵਿਦਿਆਰਥੀਆਂ ’ਚੋਂ ਗੰਭੀਰ ਰੂਪ ਵਿੱਚ ਤਣਾਅ ਦਾ ਸ਼ਿਕਾਰ ਹੈ। ਨਤੀਜਾ ਐਲਾਨਣ ਤੋਂ ਬਾਅਦ ਅਕਸਰ ਬੱਚੇ ਖੁਦਕੁਸ਼ੀ ਕਰਦੇ ਹਨ। ਲਾਂਸੇਟ ਮੈਡੀਕਲ ਰਸਾਲੇ ਵਿੱਚ ਛਪੀ ਰਿਪੋਰਟ ਅਨੁਸਾਰ, ਸੰਸਾਰ ਅੰਦਰ 15-29 ਸਾਲ ਉਮਰ ਵਰਗ ਦੇ ਲੋਕਾਂ ’ਚ ਆਤਮ-ਹੱਤਿਆ ਦਰ ਹੋਰਨਾਂ ਨਾਲੋਂ ਸਭ ਤੋਂ ਉੱਚੀ ਹੈ।

ਮਨੁੱਖ ਭਵਿੱਖ ਦੀ ਤਿਆਰੀ ’ਚ ਆਪਣਾ ਵਰਤਮਾਨ ਨਸ਼ਟ ਕਰ ਲੈਂਦਾ ਹੈ ਤੇ ਵਰਤਮਾਨ ਦਾ ਅਸਰ ਭਵਿੱਖ ’ਤੇ ਪੈਂਦਾ ਹੈ। ਮਨੁੱਖ ਦੂਜੇ ਸਫ਼ਲ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਜਲਦੀ ਉਨ੍ਹਾਂ ਵਾਂਗ ਸਫ਼ਲ ਹੋਣਾ ਲੋਚਦਾ ਹੈ ਪਰ ਉਨ੍ਹਾਂ ਲੋਕਾਂ ਦਾ ਸੰਘਰਸ਼, ਅਸਫ਼ਲਤਾ ਦੇ ਬਹੁਤ ਸਾਰੇ ਝਟਕਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਦਾਸੀ ਤੋਂ ਬਚਣ ਲਈ ਆਸਵੰਦ ਹੋਣਾ ਚਾਹੀਦਾ ਹੈ। ਆਸਵੰਦ ਹੋਣ ਲਈ ਚੰਗਾ ਸਾਹਿਤ ਪੜ੍ਹਨਾ ਜ਼ਰੂਰੀ ਹੈ; ਆਪਣੇ ਆਪ ਨੂੰ ਰੁੱਝੇ ਰੱਖਣਾ ਚਾਹੀਦਾ ਹੈ। ਮਨੁੱਖ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਜ਼ਿੰਦਗੀ ਸਿਰਫ਼ ਜਿਊਣ ਦਾ ਨਾਂ ਨਹੀਂ ਸਗੋਂ ਹੰਢਾਉਣ ਦਾ ਨਾਮ ਹੈ।

# ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ ਕਿਵੇਂ ਹੋਇਆ ?

## ਗੁਰਮੁਖੀ ਯੋਗਦਾਨ ਵਿੱਚ ਗੁਰੂ ਸਾਹਿਬਾਨ ਦੀ ਵੱਡੀ ਦੇਣ

## ਪੰਜਾਬੀ ਦਾ ਜਨਮ ਸਪਤਸਿੰਧੂ ਦੇ ਇਲਾਕੇ ਤੋਂ ਹੋਇਆ: ਡਾ. ਬੂਟਾ ਸਿੰਘ ਬਰਾੜ

ਪੰਜਾਬੀ ਮਾਂ ਬੋਲੀ ਸਾਰੀਆਂ ਭਾਸ਼ਾਵਾਂ ਵਿਚੋਂ ਅਦੁੱਤੀ ਬੋਲੀ ਹੈ, ਉਹ ਇੱਕ ਅਣਮੁੱਲੀ ਕੀਮਤੀ ਦਾਤ ਹੈ, ਕਿਉਂਕਿ ਇਹ ਸਾਡੇ ਗੁਰੂਆਂ ਪੀਰਾਂ ਦੇ ਮੁੱਖ 'ਚੋਂ ਉਚਰੀ ਬੋਲੀ ਹੈ। ਇਹ ਬੋਲਣ ਵਿੱਚ ਸੌਖੀ ਤੇ ਮਾਖਿਓ ਮਿੱਠੀ ਬੋਲੀ ਹੈ। ਇਹ ਸਾਡੇ ਸੱਭਿਆਚਾਰ ਵਿਰਸੇ ਨੂੰ ਜਿੰਦਾ ਰੱਖਣ ਤੇ ਸਮਾਜਿਕ ਰਿਸ਼ਤਿਆਂ ਨੂੰ ਇੱਕ ਮਾਲਾ ਵਿੱਚ ਪਰੋਕੇ ਪੀੜੀ ਦਰ ਪੀੜੀ ਚੰਗੀਆਂ ਕਦਰਾਂ ਕੀਮਤਾਂ ਪ੍ਰਦਾਨ ਕਰਦੀ ਹੈ।

ਕੀ ਸਾਨੂੰ ਪਤਾ ਹੈ ਕਿ ਪੰਜਾਬੀ ਬੋਲੀ ਕਿਵੇਂ ਬਣੀ, ਇਹ ਸਮੇਂ ਨਾਲ ਕਿੰਨੀ ਬਦਲੀ ਤੇ ਪੰਜਾਬੀ ਵਿੱਚ ਲਿਖੀ ਸਭ ਤੋਂ ਪਹਿਲੀ ਕਿਤਾਬ ਕਿਹੜੀ ਹੈ? ਕੀ ਪੰਜਾਬੀ ਨੂੰ ਕਿਸੇ ਭਾਸ਼ਾ ਤੋਂ ਕੋਈ ਖ਼ਤਰਾ ਹੋ ਸਕਦਾ ਹੈ। ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਵਿੱਚ ਪਲ਼ੀ ਇਹ ਪੰਜਾਬੀ ਮਾਂ ਬੋਲੀ ਦੀ ਹਾਲਤ ਇੰਨੀ ਕੁ ਤਰਸਯੋਗ ਬਣ ਗਈ ਹੈ ਕਿ ਕਈ ਵਾਰ ਸਾਨੂੰ ਇਸ ਤਰ੍ਹਾਂ ਲੱਗਦੈ ਕਿ ਅਸੀਂ ਪੰਜਾਬ ਸੂਬੇ ਵਿੱਚ ਨਹੀਂ ਸਗੋਂ ਕਿਸੇ ਦੂਸਰੇ ਸੂਬੇ ਵਿੱਚ ਰਹਿ ਰਹੇ ਹਾਂ। ਪੰਜਾਬ ਉਸ ਧਰਤੀ ਦਾ ਨਾਂ ਹੈ, ਜਿੱਥੇ ਗੁਰੂਆਂ ਪੀਰਾਂ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਆਪਣੀ ਬਾਣੀ ਨਾਲ ਇਸ ਨੂੰ ਅੱਗੇ ਤੋਰਿਆ। ਕੋਈ ਸਮਾਂ ਸੀ, ਜਦੋਂ ਪੰਜਾਬੀਆਂ ਦੀ ਇਕੱਲੇ ਭਾਰਤ 'ਚ ਹੀ ਨਹੀਂ ਸਗੋਂ ਹੋਰਨਾਂ ਮੁਲਕਾਂ ਵਿੱਚ ਵਾਹ ਵਾਹ ਹੁੰਦੀ ਸੀ ਪਰ ਅੱਜ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਹੁਣ ਪੰਜਾਬੀ ਪੰਜਾਬੀ ਨਹੀਂ ਰਿਹਾ।

ਇਸ ਬਾਰੇ ਪੰਜਾਬੀ ਭਾਸ਼ਾ ਦੇ ਦੋ ਮਾਹਿਰਾਂ, ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ ਵਿਗਿਆਨ ਵਿਭਾਗ ਦੇ ਸਾਬਕਾ ਮੁਖੀ ਡਾ.ਜੋਗਾ ਸਿੰਘ ਅਤੇ ਮਾਨਵਵਾਦੀ ਭਾਸ਼ਾਵਾਂ ਦੇ ਮਾਹਿਰ ਤੇ ਲਿੰਗੁਇਸਟਿਕ ਸੁਸਾਇਟੀ ਆਫ਼ ਇੰਡੀਆ ਦੇ ਮੈਂਬਰ ਡਾ. ਬੂਟਾ ਸਿੰਘ ਬਰਾੜ ਨੇ ਵਿਚਾਰ ਪ੍ਰਗਟਾਏ ਹਨ।

ਡਾ. ਬੂਟਾ ਸਿੰਘ ਬਰਾੜ ਮੁਤਾਬਕ, 'ਪੰਜਾਬੀ ਬੋਲੀ ਦਾ ਮੂਲ ਸੰਸਕ੍ਰਿਤ ਨਹੀਂ, ਬਲਕਿ ਪਾਕ ਪ੍ਰਾਕਰਿਤ ਹੈ, ਜੋ ਕਿ ਮੁੱਢ ਤੋਂ ਇੱਥੇ ਵਸਦੇ ਲੋਕਾਂ ਦੇ ਬੋਲ ਚਾਲ ਦੀ ਭਾਸ਼ਾ ਸੀ।' ਡਾ. ਜੋਗਾ ਸਿੰਘ ਨੇ ਵੀ ਦੱਸਿਆ ਕਿ ਜਦੋਂ ਤੋਂ ਪੰਜਾਬ ਦੀ ਇਹ ਧਰਤੀ ਹੈ ਉਦੋਂ ਤੋਂ ਹੀ ਪੰਜਾਬੀ ਦਾ ਮੂਲ ਹੈ। ਉਨ੍ਹਾਂ ਕਿਹਾ, 'ਵੱਖ-ਵੱਖ ਨਸਲਾਂ, ਵੱਖ-ਵੱਖ ਕਬੀਲੇ ਤੇ ਵੱਖ-ਵੱਖ ਕੌਮਾਂ ਜਿਵੇਂ-ਜਿਵੇਂ ਪੰਜਾਬ ਵਿੱਚ ਆਏ, ਉਨ੍ਹਾਂ ਨੇ ਪੰਜਾਬੀ ਦਾ ਹੋਰਨਾਂ ਭਾਸ਼ਾਵਾਂ ਵਿੱਚ ਮਿਸ਼ਰਣ ਕਰ ਦਿੱਤਾ। ਪਰ ਜਿਹੜੀ ਮੂਲ ਰੂਪ ਵਿੱਚ ਇੱਥੋਂ ਦੀ ਭਾਸ਼ਾ ਹੈ ਉਹ ਸਥਾਨਕ ਭਾਸ਼ਾ ਪੰਜਾਬੀ ਹੀ ਹੈ।' ਡਾ. ਬੂਟਾ ਸਿੰਘ ਬਰਾੜ ਦਾ ਕਹਿਣਾ ਹੈ, 'ਪੰਜਾਬੀ ਦਾ ਜਨਮ ਸਪਤਸਿੰਧੂ ਦੇ ਇਲਾਕੇ ਤੋਂ ਹੋਇਆ, ਉਸ ਵੇਲੇ ਇਸ ਬੋਲੀ ਨੂੰ ਸਪਤਸਿੰਧਵੀ ਕਿਹਾ ਜਾਂਦਾ ਸੀ।'

ਡਾ. ਬੂਟਾ ਸਿੰਘ ਬਰਾੜ ਅਤੇ ਡਾ. ਜੋਗਾ ਸਿੰਘ ਨੇ ਦੱਸਿਆ ਕਿ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਹੀ ਬ੍ਰਹਮੀ ਲਿਪੀ ਤੋਂ ਜਨਮੀਆਂ ਹਨ। ਡਾ. ਜੋਗਾ ਸਿੰਘ ਕਹਿੰਦੇ ਹਨ, 'ਲੰਡਾ, ਸਿੱਧਮਾਤਰਿਕਾ, ਨਾਗਰੀ, ਸ਼ਾਰਦਾ, ਟਾਕਰੀ, ਮਹਾਜਨੀ ਲਿਪੀ ਹੈ। ਅਸੀਂ ਕਹਿ ਸਕਦੇ ਹਾਂ ਕਿ ਲੰਡੇ ਤੋਂ ਹੀ ਅੱਜ ਦੀ ਗੁਰਮੁਖੀ ਦਾ ਮੁੱਢ ਬੱਝਿਆ ਹੈ। ਮੌਜੂਦਾ ਸਮੇਂ ਵਿੱਚ ਪੰਜਾਬੀ ਦੀਆਂ ਦੋ ਲਿੱਪੀਆਂ ਹਨ ਸ਼ਾਹਮੁਖੀ ਅਤੇ ਗੁਰਮੁਖੀ ਅਤੇ ਇਨ੍ਹਾਂ ਵਿੱਚ ਅੱਖਰਾਂ ਦੀ ਬਣਤਰ ਦਾ ਫ਼ਰਕ ਹੈ। ਡਾ. ਜੋਗਾ ਸਿੰਘ ਨੇ ਦੱਸਿਆ, 'ਸ਼ਾਹਮੁਖੀ ਇੱਕ ਵੱਖਰੀ ਲਿੱਪੀ ਸੀ ਉਸ ਦਾ ਇਹ ਨਹੀਂ ਹੈ ਕਿ ਗੁਰਮੁਖੀ ਨਾਲ ਉਸ ਦਾ ਕੋਈ ਰਿਸ਼ਤਾ ਨਹੀਂ ਹੈ। ਬਹੁਤ ਪਹਿਲਾਂ ਦੱਸਿਆ ਹੈ ਕਿ ਫ਼ੀਨੀਸ਼ੀਅਨ ਲਿਪੀ ਤੋਂ ਹੀ ਸਾਰੀਆਂ ਲਿਪੀਆਂ ਬ੍ਰਹਮੀ ਨਾਲ ਮਿਲ ਕੇ




ਜਨਮੀਆਂ ਹਨ। ਪਰ ਇਨ੍ਹਾਂ ਦੀ ਵਿੱਥ ਹੋ ਗਈ। ਭਾਰਤ ਵਿੱਚ ਲਿੱਪੀਆਂ ਤੇ ਭਾਸ਼ਾਵਾਂ ਨੂੰ ਧਾਰਮਿਕ ਰੰਗਤ ਦੇ ਦਿੱਤੀ ਗਈ ਤਾਂ ਜਿਹੜੇ ਇਸਲਾਮੀ ਵਿਚਾਰ ਵਾਲੇ ਸਨ ਉਨ੍ਹਾਂ ਨੇ ਸ਼ਾਹਮੁਖੀ ਦੀ ਵਧੇਰੇ ਵਰਤੋਂ ਕੀਤੀ। ਜਿਹੜੇ ਸਥਾਨਕ ਹਿੰਦੂ ਜਾਂ ਸਿੱਖ ਵਿਸ਼ਵਾਸ ਵਾਲੇ ਸਨ ਉਨ੍ਹਾਂ ਨੇ ਸਿੱਧ ਮਾਤਰਿਕਾ, ਸ਼ਾਰਦਾ ਟਾਕਰੀ, ਲੰਡੇ ਤੇ ਬਾਅਦ ਵਿੱਚ ਗੁਰਮੁਖੀ ਦੀ ਵਰਤੋਂ ਕੀਤੀ।'

ਡਾ. ਜੋਗਾ ਸਿੰਘ ਨੇ ਦੱਸਿਆ ਕਿ ਪੰਜਾਬੀ ਵਿੱਚ ਪਹਿਲੀ ਰਚਨਾ ਅਦਹਮਾਣ ਦੀ ਸਨੇਹ ਰਾਸਯ ਹੈ ਜੋ ਕਿ ਕਈ ਲਿੱਪੀਆਂ ਦਾ ਮਿਸ਼ਰਣ ਹੈ ਜੋ ਕਿ 9ਵੀਂ ਸਦੀ ਦੇ ਕਰੀਬ ਸੀ। ਉਸ ਤੋਂ ਬਾਅਦ ਸ਼ਾਹਮੁਖੀ ਵਿੱਚ ਬਾਬਾ ਸ਼ੇਖ ਫ਼ਰੀਦ ਦੀਆਂ ਰਚਨਾਵਾਂ ਅਤੇ ਗੁਰਮੁਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਪੱਟੀ।

**ਪੈਂਤੀ ਕਿੱਥੋਂ ਆਈ**

ਪਰ ਅਜੋਕੀ ਪੰਜਾਬੀ ਵਿੱਚ ਕਿਸ ਤਰ੍ਹਾਂ ਦੇ ਬਦਲਾਅ ਆਏ ਅਤੇ ਪੈਂਤੀ ਕਿੱਥੋਂ ਆਈ, ਇਸ ਬਾਰੇ ਡਾ. ਬੂਟਾ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬੀ ਲਿਖਣ ਵਿੱਚ ਨਫ਼ਾਸਤ ਆਈ ਹੈ ਅਤੇ ਬੋਲਣ ਵਿੱਚ ਰਲਾਵਟ।


ਡਾ. ਜੋਗਾ ਸਿੰਘ ਮੁਤਾਬਕ, 'ਪੈਂਤੀ ਅੱਖਰੀ ਦਾ ਸਭ ਤੋਂ ਪਹਿਲਾ ਸਬੂਤ ਨਾਨਕ ਦੀ ਪੱਟੀ ਵਿੱਚ ਮਿਲਦਾ ਹੈ। ਉਸ ਵਿੱਚ ਪੈਂਤੀ ਹੀ ਅੱਖਰ ਹਨ। ਉਸ ਵਿੱਚ ਫ਼ਰਕ ਸਿਰਫ਼ ਇੰਨਾ ਹੈ ਕਿ ਉ, ਅ, ਈ ਵਾਲੀ ਤਰਤੀਬ ਵੱਖਰੀ ਸੀ। ਉਸ ਵਿੱਚ ਅ, ਈ, ਉ ਲਿਖਿਆ ਜਾਂਦਾ ਸੀ। ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਨੇ ਇਹ ਤਰਤੀਬ ਬਦਲ ਕੇ ਉ, ਅ, ਈ ਕੀਤੀ।'

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬੀ ਬੋਲੀ ਵਿੱਚ ਕੋਈ ਅੱਖਰ ਅਲੋਪ ਤਾਂ ਨਹੀਂ ਹੋਏ ਪਰ ਉਸ ਵਿੱਚ ਕੁਝ ਹੋਰ ਅੱਖਰ ਸ਼ਾਮਿਲ ਹੋ ਗਏ। ਕਿਉਂਕਿ ਫ਼ਾਰਸੀ ਦਰਬਾਰੀ ਭਾਸ਼ਾ ਬਣ ਗਈ ਤੇ ਉਸ ਵਿੱਚ ਕਈ ਰਚਨਾਵਾਂ ਹੋਈਆਂ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਫ਼ਾਰਸੀ ਵਿੱਚ ਲਿਖਿਆ। ਜਦੋਂ ਇਨ੍ਹਾਂ ਫ਼ਾਰਸੀ ਦੀਆਂ ਰਚਨਾਵਾਂ ਨੂੰ ਗੁਰਮੁਖੀ ਵਿੱਚ ਲਿਖਿਆ ਗਿਆ ਤਾਂ ਜਿਹੜੇ 'ਖ਼, ਜ਼, ਫ਼, ਗ਼' ਧੁਨੀਆਂ ਹਨ ਤਾਂ ਲੋਕਾਂ ਨੇ ਸੋਚਿਆ ਕਿ ਇਸ ਨੂੰ ਉਸੇ ਵਾਂਗ ਹੀ ਲਿਖਿਆ ਜਾਣਾ ਚਾਹੀਦਾ ਹੈ ਤਾਂ ਉਨ੍ਹਾਂ ਦੇ ਪੈਰ ਵਿੱਚ ਬਿੰਦੀ ਲਾ ਦਿੱਤੀ ਗਈ। 'ਸ' ਪੈਰ ਬਿੰਦੀ ਲਾ ਕੇ ਸ਼ ਵੀ ਪੰਜਾਬੀ ਵਿੱਚ ਸ਼ਾਮਿਲ ਹੋ ਗਿਆ। ਫ਼ਿਰ ਜੋ ਸ਼ਬਦ ਜੋੜ ਕੋਸ਼ ਪੰਜਾਬੀ ਯੂਨਿਵਰਸਿਟੀ ਵੱਲੋਂ ਬਣਾਇਆ ਗਿਆ ਤਾਂ 'ਲ' ਪੈਰ ਬਿੰਦੀ ਲਾ ਕੇ ਸ਼ਾਮਿਲ ਕੀਤਾ ਗਿਆ।

**ਦੁਨੀਆਂ ਭਰ ਵਿੱਚ ਕਿੰਨੇ ਪੰਜਾਬੀ**

ਮਾਹਿਰਾਂ ਮੁਤਾਬਕ 13-14 ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ। ਸਭ ਤੋਂ ਵੱਧ ਤਕਰੀਬਨ 10 ਕਰੋੜ ਪੰਜਾਬੀ ਬੋਲਣ ਵਾਲੇ ਪਾਕਿਸਤਾਨ ਵਿੱਚ ਹਨ। ਉਸ ਤੋਂ ਬਾਅਦ 3 ਕਰੋੜ ਦੇ ਕਰੀਬ ਭਾਰਤੀ ਪੰਜਾਬ ਅਤੇ ਕਰੀਬ ਇੱਕ ਕਰੋੜ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਸਕੇ ਵਸੇ ਹੋਏ ਹਨ। ਡਾ. ਜੋਗਾ ਸਿੰਘ ਨੇ ਦੱਸਿਆ ਕਿ ਪੰਜਾਬੀ ਦੀਆਂ ਕੁੱਲ 28 ਬੋਲੀਆਂ ਹਨ, ਜਿਨ੍ਹਾਂ ਵਿੱਚ 8 ਜ਼ਿਆਦਾ ਪ੍ਰਚਲਿਤ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਖ਼ਤਰਾ ਹੋਣ ਦੀ ਗੱਲ ਵੀ ਕਹੀ। ਡਾ. ਜੋਗਾ ਸਿੰਘ ਦਾ ਕਹਿਣਾ ਹੈ, 'ਕਿਸੇ ਵੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ। ਸੰਸਕ੍ਰਿਤ, ਲਾਤੀਨੀ ਵਰਗੀਆਂ ਵੱਡੀਆਂ ਭਾਸ਼ਾਵਾਂ ਵੀ ਖ਼ਤਮ ਹੋ ਗਈਆਂ ਹਨ। ਭਾਰਤ ਵਿੱਚ ਸੰਸਕ੍ਰਿਤ ਬੋਲਣ ਵਾਲੇ 5-7 ਹਜ਼ਾਰ ਹੀ ਹਨ। (ਬਾਕੀ ਸਫ਼ਾ 31 'ਤੇ)

# ਪੰਜਾਬੀ ਬੋਲੀ ਦੇ ਬਦਲਦੇ ਰੂਪ



**ਡਾ. ਗ਼ੁਲਾਮ ਮੁਸਤਫ਼ਾ ਡੋਗਰ**

ਭਾਰਤ ਤੇ ਪਾਕਿਸਤਾਨ ਵਿੱਚ ਬੋਲੀਆਂ ਜਾਂਦੀਆਂ ਜ਼ੁਬਾਨਾਂ ਬਾਰੇ ਕਿਹਾ ਜਾਂਦਾ ਹੈ ਕਿ ਹਰ 10 ਕੋਹ ਭਾਵ 30 ਮੀਲ ਤੋਂ ਬਾਅਦ ਜ਼ੁਬਾਨ ਦੀ ਬਣਾਵਟ ਬਦਲ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਵੀ ਆਪਣੀ ਬਣਾਵਟ ਤੇ ਸਫ਼ਰ ਦੇ ਨਾਲ-ਨਾਲ ਆਪਣੇ ਕਈ ਰੰਗ-ਰੂਪ ਲੈ ਕੇ ਸਾਹਮਣੇ ਆਉਂਦੀ ਹੈ। ਇਸ ਪੱਖ ਨੂੰ ਸਮਝਣ ਵਾਸਤੇ ਸਾਨੂੰ ਕਿਸੇ ਅਜਿਹੇ ਇਲਾਕੇ ਜਾਂ ਸ਼ਹਿਰ ਨੂੰ ਚੁਣਨਾ ਪਵੇਗਾ, ਜੋ ਪੰਜਾਬ ਦਾ ਮਰਕਜ਼/ਕੇਂਦਰ ਕਿਹਾ ਜਾ ਸਕਦਾ ਹੋਵੇ। ਲਾਹੌਰ ਸ਼ਹਿਰ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਸਰਲ ਪੰਜਾਬੀ ਬੋਲੀ ਜਾਂਦੀ ਹੈ ਪਰ ਇੱਕ ਹੋਰ ਹਕੀਕਤ ਵੀ ਆਪਣੀ ਜਗ੍ਹਾ 'ਤੇ ਮੌਜੂਦ ਹੈ ਕਿ ਲਾਹੌਰ ਤੇ ਅੰਮ੍ਰਿਤਸਰ ਦੇ ਸ਼ਹਿਰਾਂ ਅੰਦਰ ਜੋ ਪੰਜਾਬੀ ਬੋਲੀ ਜਾਂਦੀ ਹੈ, ਉਹ ਇਨ੍ਹਾਂ ਦੋਹਾਂ ਸ਼ਹਿਰਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਨਾਲੋਂ ਥੋੜ੍ਹੀ ਵੱਖ ਹੈ। ਜ਼ਿਕਰਯੋਗ ਹੈ ਕਿ ਲਾਹੌਰ ਸ਼ਹਿਰ ਦੀ ਅੰਦਰੂਨੀ ਬੋਲੀ ਤੇ ਅੰਮ੍ਰਿਤਸਰ ਸ਼ਹਿਰ ਵਿੱਚ ਬੋਲੀ ਜਾਂਦੀ ਪੰਜਾਬੀ ਇਕੋ ਜਿਹੀ ਹੈ। ਇਸ ਦੀ ਵੱਡੀ ਵਜ੍ਹਾ ਵੰਡ ਤੋਂ ਪਹਿਲਾਂ ਲੰਮੇ ਸਮੇਂ ਤੱਕ ਇੱਥੇ ਕਸ਼ਮੀਰੀ ਲੋਕਾਂ ਦਾ ਵਸੇਬਾ ਸੀ। ਇਨ੍ਹਾਂ ਸ਼ਹਿਰਾਂ ਵਿੱਚ ਵਸਦੇ ਕਸ਼ਮੀਰੀਆਂ ਦੀਆਂ ਆਪਸ ਵਿੱਚ ਗੂੜ੍ਹੀਆਂ ਰਿਸ਼ਤੇਦਾਰੀਆਂ ਹੋਣ ਅਤੇ ਉਨ੍ਹਾਂ ਦੇ ਆਪਸੀ ਮੇਲ-ਮਿਲਾਪ ਵਿੱਚ ਆਉਣ-ਜਾਣ ਦੀ ਵਜ੍ਹਾ ਕਰਕੇ ਇਨ੍ਹਾਂ ਦੀ ਜ਼ੁਬਾਨ ਇਕੋ ਜਿਹੀ ਹੋ ਗਈ। ਇਹੀ ਵਜ੍ਹਾ ਹੈ ਕਿ ਜਦੋਂ 1947 ਵਿੱਚ ਜਦੋਂ ਅੰਮ੍ਰਿਤਸਰ ਵਿੱਚ ਕਸ਼ਮੀਰੀ ਮਹਾਜਰ ਹੋਏ ਅਤੇ ਉਹ ਸਿੱਧੇ ਲਾਹੌਰ ਆ ਕੇ ਆਪਣੇ ਰਿਸ਼ਤੇਦਾਰਾਂ ਕੋਲ ਠਹਿਰੇ ਤਾਂ ਲਾਹੌਰ ਵਿੱਚ ਕਸ਼ਮੀਰੀ ਆਬਾਦੀ ਕਾਫ਼ੀ ਵਧ ਗਈ। ਲਾਹੌਰ ਤੋਂ ਗੁਜਰਾਂਵਾਲਾ ਤੇ ਗੁਜਰਾਤ ਵੱਲ ਪੰਜਾਬੀ ਭਾਸ਼ਾ ਥੋੜ੍ਹੇ ਬਹੁਤ ਫ਼ਰਕ ਨਾਲ ਤਕਰੀਬਨ ਮੇਲ ਖਾਂਦੀ ਹੈ। ਬਸ ਇੰਨਾ ਕੁ ਫ਼ਰਕ ਹੈ ਜਿਵੇਂ ਲਾਹੌਰ ਵਿੱਚ ਕੋਈ ਬੰਦਾ ਕਿਵੇਂ ਜਾਂ ਐਵੇਂ ਕਹਿੰਦਾ ਹੈ ਤਾਂ ਗੁਜਰਾਤ (ਲਹਿੰਦੇ ਪੰਜਾਬ ਦਾ ਇੱਕ ਜ਼ਿਲ੍ਹਾ) ਵਿੱਚ ਉਹ ਕੀਕਣ ਜਾਂ ਏਕਣ ਹੋ ਜਾਂਦਾ ਹੈ। ਲਾਹੌਰ ਸ਼ਹਿਰ ਵਿੱਚ ਵਰਤਿਆ ਜਾਂਦਾ ਸ਼ਬਦ 'ਖ਼ਬਰ' ਗੁਜਰਾਤ ਵਿੱਚ 'ਹਬਰ' ਹੋ ਜਾਂਦਾ ਹੈ।

ਗੁਜਰਾਤ ਤੋਂ ਅਗਲਾ ਜ਼ਿਲ੍ਹਾ ਜੇਹਲਮ ਹੈ, ਇੱਥੋਂ ਪੰਜਾਬੀ ਭਾਸ਼ਾ ਦਾ ਇੱਕ ਹੋਰ ਲਹਿਜਾ ਜਾਂ ਪਰਤ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਅਸੀਂ ਆਮ ਤੌਰ 'ਤੇ ਪੋਠੋਹਾਰੀ ਕਹਿੰਦੇ ਹਾਂ ਪੋਠੋਹਾਰੀ ਜੇਹਲਮ, ਰਾਵਲਪਿੰਡੀ, ਚੱਕਵਾਲ, ਪਿੰਡੀਖੇਤ ਤੇ ਇਸਲਾਮਾਬਾਦ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ। ਚੜ੍ਹਦੇ ਪੰਜਾਬ ਵਿੱਚ ਵਸਦੇ ਭਾਪੇ ਪੋਠੋਹਾਰੀ ਇਲਾਕੇ ਤੋਂ ਹੀ ਮਹਾਜਰ ਹੋ ਕੇ ਗਏ ਸਨ। ਪੰਜਾਬੀ ਭਾਸ਼ਾ ਬੋਲਣ ਵਾਲੇ ਇਲਾਕਿਆਂ ਦੇ ਆਸੇ-ਪਾਸੇ ਦੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਜ਼ੁਬਾਨਾਂ ਇੱਕ ਦਮ ਨਹੀਂ ਬਦਲਦੀਆਂ। ਪੂਰੀ ਦੁਨੀਆਂ ਵਿੱਚ ਇੱਕ ਜ਼ਮੀਨੀ ਹਕੀਕਤ ਹੈ ਕਿ ਇੱਕ ਭਾਸ਼ਾ ਜਾਂ ਕੋਈ ਇੱਕ ਨਸਲ ਕਦੇ ਵੀ ਇੱਕ ਦਮ ਨਹੀਂ ਬਦਲ ਜਾਂਦੀ, ਇਸ ਵਿੱਚ ਹੌਲੀ-ਹੌਲੀ ਬਦਲਾਅ ਆਉਂਦਾ ਹੈ। ਇਸ ਗੱਲ ਨੂੰ ਸਮਝਣ ਵਾਸਤੇ ਤੁਸੀਂ ਉਸ ਜਗ੍ਹਾ ਨੂੰ ਵੇਖ ਸਕਦੇ ਹੋ, ਜਿਥੇ ਦੋ ਦਰਿਆ ਆਪਸ ਵਿੱਚ ਮਿਲਦੇ ਹਨ। ਪੰਜਾਬ ਵਿੱਚ ਦਰਿਆ ਚਿਨਾਬ ਤੇ ਜੇਹਲਮ ਇੱਕ ਜਗ੍ਹਾ 'ਤੇ ਆਪਸ ਵਿੱਚ ਮਿਲਦੇ ਹਨ, ਉਸ ਤੋਂ ਥੋੜ੍ਹਾ ਅੱਗੇ ਜਾ ਕੇ ਰਾਵੀ ਦਰਿਆ ਤੇ ਸਤਲੁਜ ਵੀ ਉਸ ਵਿੱਚ ਮਿਲਦੇ ਹਨ ਤੇ ਅੱਗੇ ਜਾ ਕੇ ਇਹ ਸਾਰੇ ਦਰਿਆ ਸਿੰਧ ਵਿੱਚ ਸਮਾਅ ਜਾਂਦੇ ਹਨ। ਜਦੋਂ ਕਿਸੇ ਦਰਿਆ ਦਾ ਪਾਣੀ ਸਾਫ਼ ਪਹਾੜਾਂ ਵਿੱਚੋਂ ਲੰਘ ਕੇ ਆ ਰਿਹਾ ਹੋਵੇ ਤਾਂ ਉਸ ਦਾ ਰੰਗ ਨੀਲਾ ਹੁੰਦਾ ਹੈ, ਜਦਕਿ ਜਿਨ੍ਹਾਂ ਦਰਿਆਵਾਂ ਦਾ ਪਾਣੀ ਆਮ ਜ਼ਮੀਨ ਵਿੱਚੋਂ ਲੰਘ ਕੇ ਆਉਂਦਾ ਹੈ ਤਾਂ ਉਸ ਦਾ ਰੰਗ ਖਾਕੀ ਜਾਂ ਲਾਲ ਹੁੰਦਾ ਹੈ। ਜਦੋਂ ਅਜਿਹੇ ਦੋ ਦਰਿਆ ਆਪਸ 'ਚ ਰਲਦੇ ਹਨ ਤਾਂ ਕਾਫ਼ੀ ਦੂਰ ਤੱਕ ਉਨ੍ਹਾਂ ਦੇ ਵੱਖਰੇ-ਵੱਖਰੇ ਰੰਗਾਂ ਦਾ ਪਾਣੀ ਵਹਿੰਦਾ ਰਹਿੰਦਾ ਹੈ, ਪਰ ਕਾਫ਼ੀ ਅੱਗੇ ਜਾ ਕੇ ਦੋਵੇਂ ਦਰਿਆਵਾਂ ਦੇ ਪੂਰੀ ਤਰ੍ਹਾਂ ਆਪਸ ਵਿੱਚ ਮਿਲ ਜਾਣ ਬਾਅਦ ਪਾਣੀ ਦਾ ਰੰਗ ਨਾ ਨੀਲਾ ਤੇ ਨਾ ਹੀ ਲਾਲ ਰਹਿੰਦਾ ਹੈ, ਸਗੋਂ ਇੱਕ ਹੋਰ ਹੀ ਰੰਗ ਬਣ ਜਾਂਦਾ ਹੈ। ਮਿਸਾਲ ਵਜੋਂ ਜੇਕਰ ਹਰੇ ਰੰਗ ਵਿੱਚ ਪੀਲਾ ਰੰਗ ਮਿਲਾ ਦਿੱਤਾ ਜਾਵੇ ਤਾਂ ਉਸ ਦਾ ਰੰਗ ਪੀਲਾ ਜਾਂ ਹਰਾ ਰਹਿਣ ਦੀ ਬਜਾਏ ਇੱਕ ਨਵਾਂ ਹੋਰ ਹੀ ਰੰਗ ਬਣ ਜਾਂਦਾ ਹੈ। ਇਸੇ ਤਰ੍ਹਾਂ ਹੀ ਜਦੋਂ ਇੱਕ ਭਾਸ਼ਾ ਦਾ ਇਲਾਕਾ ਖ਼ਤਮ ਹੁੰਦਾ ਹੈ ਤੇ ਅੱਗੇ ਹੋਰ ਭਾਸ਼ਾ ਦਾ ਇਲਾਕਾ ਸ਼ੁਰੂ ਹੋਣ 'ਤੇ ਉਕਤ ਇਲਾਕਿਆਂ ਦੇ ਦਰਮਿਆਨ ਇੱਕ ਨਵੀਂ ਭਾਸ਼ਾ ਬਣਨ ਲਗਦੀ ਹੈ। ਜਿਨ੍ਹਾਂ ਵਿੱਚ ਪਿਛਲੀ ਭਾਸ਼ਾ ਦੇ ਸ਼ਬਦ ਹੌਲੀ-ਹੌਲੀ ਘਟਦੇ ਜਾਂਦੇ ਹਨ ਤੇ ਅਗਲੀ ਭਾਸ਼ਾ ਦੇ ਸ਼ਬਦ ਆਉਣ ਲਗਦੇ ਹਨ। ਉਸ ਇਲਾਕੇ ਤੋਂ ਅੱਗੇ ਇੱਕ ਦੂਸਰੀ ਬੋਲੀ ਦੇ ਸਾਹਮਣੇ ਆਉਣ ਤੇ ਇਨ੍ਹਾਂ ਦੋਹਾਂ ਬੋਲੀਆਂ ਦੇ ਇਕੱਠ ਨਾਲ ਇੱਕ ਦਰਮਿਆਨੀ ਭਾਸ਼ਾ ਬਣਦੀ ਹੈ, ਜਿਸ ਨੂੰ ਤੁਸੀਂ ਵਿਚਲੀ ਜਾਂ ਮਿਲਾਪੀ ਭਾਸ਼ਾ ਕਹਿ ਸਕਦੇ ਹੋ।

ਇਸੇ ਤਰ੍ਹਾਂ ਜਦੋਂ ਪੰਜਾਬੀ ਲਾਹੌਰ ਤੋਂ ਚੱਲ ਕੇ ਜੇਹਲਮ ਪਹੁੰਚਦੀ ਹੈ ਤਾਂ ਇਥੇ ਉਸ ਤੋਂ ਅਗਲੇ ਪਾਸੇ ਪਸ਼ਤੋ ਜ਼ੁਬਾਨ/ਬੋਲੀ ਦੇ ਨਾਲ ਕਸ਼ਮੀਰੀ ਜ਼ੁਬਾਨ ਆਉਣ ਲਗਦੀ ਹੈ। ਇਸ ਕਾਰਨ ਇਨ੍ਹਾਂ ਜ਼ੁਬਾਨਾਂ ਦੇ ਸ਼ਬਦ ਹੌਲੀ ਹੌਲੀ ਆਪਸ ਵਿੱਚ ਮਿਲਣ ਲਗਦੇ ਹਨ ਅਤੇ ਇਸ ਨਾਲ ਇੱਕ ਨਵੀਂ ਜ਼ੁਬਾਨ ਪੈਦਾ ਹੁੰਦੀ ਹੈ, ਜਿਸ ਨੂੰ ਅਸੀਂ ਪੋਠੋਹਾਰੀ ਆਖਦੇ ਹਾਂ। ਅਗਲੀ ਤੇ ਪਿਛਲੀ ਜ਼ੁਬਾਨ ਦੇ ਅਲਫ਼ਾਜ਼ ਇਕੱਠੇ ਹੋਣ 'ਤੇ ਇੱਕ ਨਵੀਂ ਜ਼ੁਬਾਨ ਬਣ ਜਾਂਦੀ ਹੈ। ਇਸ ਤਰ੍ਹਾਂ ਅਸੀਂ ਪੋਠੋਹਾਰੀ ਭਾਸ਼ਾ ਨੂੰ ਇੱਕ ਵਿਚਲੀ ਜਾਂ ਮਿਲਾਪੀ ਭਾਸ਼ਾ ਕਹਿ ਸਕਦੇ ਹਾਂ। ਜੇਹਲਮ ਤੋਂ ਹੋਰ ਅੱਗੇ ਪਹਾੜ ਵਾਲੇ ਪਾਸੇ ਜਾਣ 'ਤੇ ਪਾਕਿਸਤਾਨੀ ਕਸ਼ਮੀਰ ਦਾ ਇਲਾਕਾ ਆ ਜਾਂਦਾ ਹੈ। ਇਸ ਹਿੱਸੇ ਵਿੱਚ ਵੀ ਪੋਠੋਹਾਰੀ ਦਾ ਇੱਕ ਹੋਰ ਵੱਖਰਾ ਲਹਿਜਾ ਇਸਤੇਮਾਲ ਕੀਤਾ ਜਾਂਦਾ ਹੈ। ਪਾਕਿਸਤਾਨੀ ਕਸ਼ਮੀਰ ਦੀ 40 ਲੱਖ ਦੀ ਆਬਾਦੀ ਵਿੱਚੋਂ 25 ਲੱਖ ਦੀ ਆਬਾਦੀ ਇੱਕਲੇ ਮੀਰਪੁਰ ਜ਼ਿਲ੍ਹੇ ਵਿੱਚ ਹੈ ਅਤੇ ਬਾਕੀ ਸਾਰੇ ਕਸ਼ਮੀਰ ਦੀ ਆਬਾਦੀ 15 ਲੱਖ ਹੀ ਹੈ। ਮੀਰਪੁਰ ਵਿੱਚ ਜੱਟ ਤੇ ਰਾਜਪੂਤ ਵਸਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਬੈਂਸ ਜੱਟ ਹਨ ਅਤੇ ਬੈਂਸ ਜੱਟ ਚੜ੍ਹਦੇ ਪੰਜਾਬ ਦੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਵੀ ਵਸਦੇ ਹਨ। ਇਹ ਜ਼ਿਲ੍ਹਾ ਪਹਿਲਾਂ ਕਸ਼ਮੀਰ ਦਾ ਹਿੱਸਾ ਨਹੀਂ ਸੀ ਹੁੰਦਾ, ਪਰ ਜਦੋਂ ਕਸ਼ਮੀਰ ਗੁਲਾਬ ਸਿੰਘ ਨੂੰ ਵੇਚ ਦਿੱਤਾ ਗਿਆ ਤਾਂ ਇਹ ਜ਼ਿਲ੍ਹਾ ਪੰਜਾਬ ਨਾਲੋਂ ਵੱਖ ਕਰਕੇ ਕਸ਼ਮੀਰ ਨਾਲ ਜੋੜ ਦਿੱਤਾ ਗਿਆ ਸੀ। ਇਸ ਕਰਕੇ ਇੱਥੇ ਪੋਠੋਹਾਰੀ ਜ਼ੁਬਾਨ ਹੀ ਬੋਲੀ ਜਾਂਦੀ ਹੈ। ਪੋਠੋਹਾਰੀ ਜ਼ੁਬਾਨ ਤੋਂ ਅੱਗੇ ਜਾ ਕੇ ਪਸ਼ਤੋ ਤੇ ਕਸ਼ਮੀਰੀ ਭਾਸ਼ਾਵਾਂ ਦੀ ਵਰਤੋਂ ਹੁੰਦੀ ਹੈ ਅਤੇ ਇਸ ਤੋਂ ਇਲਾਵਾ ਤਜਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਪਹਾੜ ਵਾਲੇ ਪਾਸੇ ਦੇ ਇਲਾਕਿਆਂ ਵਿੱਚ ਫ਼ਾਰਸੀ ਜ਼ੁਬਾਨ ਬੋਲੀ ਜਾਂਦੀ ਹੈ। ਪੰਜਾਬ ਤੋਂ ਪਹਾੜ ਦੇ ਚੜ੍ਹਦੇ ਵਾਲੇ ਪਾਸੇ ਜਾਈਏ ਤੇ ਉੱਥੇ ਗੁਰਦਾਸਪੁਰ ਦੀ ਪੁਰਾਣੀ ਤਹਿਸੀਲ ਸ਼ੱਕਰਗੜ੍ਹ ਦੇ ਇਲਾਕੇ ਤੇ ਜੰਮੂ ਤੋਂ ਅੱਗੇ ਡੋਗਰੀ ਭਾਸ਼ਾ ਸਾਹਮਣੇ ਆਉਂਦੀ ਹੈ। ਜਿਸ ਦੇ ਅੱਗੇ ਹਿੰਦੀ ਲੱਦਾਖ ਦੀਆਂ ਭਾਸ਼ਾਵਾਂ ਦੇ ਸ਼ਬਦ ਇਸ ਦੇ ਵਿੱਚ ਆ ਮਿਲਦੇ ਹਨ। ਜਿਸ ਨਾਲ ਡੋਗਰੀ ਨਾਮ ਦੀ ਇੱਕ ਵੱਖਰੀ ਜ਼ੁਬਾਨ ਸਾਹਮਣੇ ਆਉਂਦੀ ਹੈ। ਜੇਕਰ ਅਸੀਂ ਪਿੰਡੀ ਤੋਂ ਥੋੜ੍ਹਾ ਜਿਹਾ ਹੋਰ ਅੱਗੇ ਵਧੀਏ ਤਾਂ ਅਗਲਾ ਇਲਾਕੇ ਨੂੰ ਹਜ਼ਾਰਾ ਹਰੀਪੁਰ ਤੇ ਐਪਟਾਬਾਦ ਕਿਹਾ ਜਾਂਦਾ ਹੈ। ਇਸ ਇਲਾਕੇ ਵਿੱਚ ਇੱਕ ਦੂਜੀ ਜ਼ੁਬਾਨ ਬੋਲੀ ਜਾਂਦੀ ਹੈ, ਜਿਸ ਦਾ ਨਾਂ ਪੋਠੋਹਾਰੀ ਤੋਂ ਬਦਲ ਕੇ ਹਿੰਦਕੋ ਰੱਖਿਆ ਗਿਆ ਹੈ। ਖ਼ੈਬਰ ਪਖਤੂਨਖਵਾ ਸੂਬੇ ਦੀ ਚਾਰ ਕਰੋੜ ਦੀ ਆਬਾਦੀ ਵਿੱਚੋਂ ਲਗਭਗ ਇੱਕ ਕਰੋੜ ਲੋਕ ਪਸ਼ਤੋ ਨਹੀਂ ਬੋਲਦੇ ਕਿਉਂਕਿ ਪੇਸ਼ਾਵਰ ਕਦੇ ਵੀ ਪਸ਼ਤੋ ਬੋਲਣ ਵਾਲਿਆਂ ਦਾ ਸ਼ਹਿਰ ਨਹੀਂ ਸੀ, ਇੱਥੇ ਹਿੰਦਕੋ ਜ਼ੁਬਾਨ ਬੋਲੀ ਜਾਂਦੀ ਸੀ।

ਪੰਜਾਬ ਦੇ ਚੰਡੀਗੜ੍ਹ ਸ਼ਹਿਰ ਤੋਂ ਅੱਗੇ ਪੰਜਾਬੀ ਭਾਸ਼ਾ ਇੱਕ ਹੋਰ ਨਵੀਂ ਹਰਿਆਣਵੀ ਭਾਸ਼ਾ ਦਾ ਰੂਪ ਅਖ਼ਤਿਆਰ ਕਰਦੀ ਹੈ, ਕਿਉਂਕਿ ਇਸ ਤੋਂ ਅੱਗੇ ਹਿੰਦੀ ਜ਼ੁਬਾਨ ਸ਼ੁਰੂ ਹੋ ਜਾਂਦੀ ਹੈ, (ਬਾਕੀ ਸਫ਼ਾ 30 'ਤੇ)

# ਪੰਜਾਬ 'ਚ ਵਹਿਣ ਲੱਗਿਆ 'ਸਿੱਖਿਆ' ਦਾ ਦਰਿਆ



## ਪੜ੍ਹਾਈ ਦੇ ਨਾਲ ਆਪਣੇ ਰੁਜ਼ਗਾਰ ਪ੍ਰਤੀ ਵੀ ਸੁਚੇਤ ਹੋਏ ਪੰਜਾਬੀ ਵਿਦਿਆਰਥੀ




ਪੰਜ ਦਰਿਆਵਾਂ ਦੀ ਧਰਤੀ ਪੰਜਾਬ 'ਤੇ ਹੁਣ ਇੱਕ ਦਰਿਆ 'ਵਿਦਿਆ' ਭਾਵ 'ਸਿੱਖਿਆ' ਦਾ ਵੀ ਵਹਿਣ ਲੱਗ ਪਿਆ ਹੈ। ਅੱਜ ਪੰਜਾਬੀ ਜਿਥੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣ ਲਈ ਯਤਨਸ਼ੀਲ ਹਨ, ਉਥੇ ਪੰਜਾਬੀ ਵਿਦਿਆਰਥੀ ਵੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿਦਿਆਰਥੀ ਉਚੇਰੀ ਸਿੱਖਿਆ ਦੇ ਨਾਲ- ਨਾਲ ਰੁਜ਼ਗਾਰ ਪ੍ਰਾਪਤੀ ਲਈ ਵੀ ਸੁਚੇਤ ਹੋ ਰਹੇ ਹਨ। ਪੰਜਾਬ ਵਿੱਚ ਉਹਨਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਆਪਣੀ ਉਚੇਰੀ ਪੜ੍ਹਾਈ ਦੇ ਨਾਲ ਨਾਲ ਕਿਸੇ ਨਾ ਕਿਸੇ ਪ੍ਰਾਈਵੇਟ ਅਦਾਰੇ, ਜਾਂ ਕੰਪਨੀ ਜਾਂ ਦੁਕਾਨ 'ਤੇ ਹਰ ਦਿਨ ਕੁਝ ਘੰਟੇ ਕੰਮ ਵੀ ਕਰਦੇ ਹਨ। ਇਸ ਤਰ੍ਹਾਂ ਪੜ੍ਹਾਈ ਦੇ ਨਾਲ ਕੁਝ ਘੰਟੇ ਕੰਮ ਕਰਕੇ ਇਹ ਵਿਦਿਆਰਥੀ ਆਪਣੀਆਂ ਫ਼ੀਸਾਂ ਅਤੇ ਹੋਰ ਖ਼ਰਚਿਆਂ ਦਾ ਖੁਦ ਪ੍ਰਬੰਧ ਕਰ ਰਹੇ ਹਨ ਤਾਂ ਕਿ ਉਹ ਆਪਣੇ ਮਾਪਿਆਂ 'ਤੇ ਬੋਝ ਨਾ ਬਣਨ।

ਇਹ ਠੀਕ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀ ਪੰਜਾਬ ਵਿੱਚ ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਚੇਰੀ ਸਿੱਖਿਆ ਲਈ ਵਿਦੇਸ਼ ਜਾ ਰਹੇ ਹਨ ਪਰ ਹੁਣ ਵਿਦੇਸ਼ਾਂ ਦੇ ਸਖ਼ਤ ਕਾਨੂੰਨਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕਰਨ, ਵਿਦੇਸ਼ਾਂ 'ਚ ਰੁਜ਼ਗਾਰ ਦੇ ਸੰਕਟ, ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਿਦੇਸ਼ਾਂ ਤੋਂ ਡਿਪੋਰਟ ਕਰਨ ਦੀਆਂ ਘਟਨਾਵਾਂ ਤੋਂ ਬਾਅਦ ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀ ਹੁਣ ਉਚੇਰੀ ਸਿੱਖਿਆ ਲਈ ਵਿਦੇਸ਼ ਜਾਣ ਦੀ ਥਾਂ ਪੰਜਾਬ ਵਿੱਚ ਰਹਿ ਕੇ ਹੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਨੂੰ ਤਰਜੀਹ ਦੇਣ ਲੱਗੇ ਹਨ। ਵਿਦੇਸ਼ੀ ਤਰਜ਼ 'ਤੇ ਹੀ ਉਹ ਹੁਣ ਆਪਣੀ ਪੜ੍ਹਾਈ ਦੇ ਨਾਲ ਹੀ ਹਰ ਦਿਨ ਕੁਝ ਘੰਟੇ ਕੋਈ ਨਾ ਕੋਈ ਕੰਮ ਕਰਨ ਲੱਗੇ ਹਨ ਤਾਂ ਕਿ ਉਹ ਪੜ੍ਹਾਈ ਦੇ ਨਾਲ ਨਾਲ ਕਮਾਈ ਵੀ ਕਰ ਸਕਣ।

ਕੁਝ ਸਮਾਂ ਪਹਿਲਾਂ ਅਜਿਹੀ ਸਥਿਤੀ ਵੀ ਆ ਗਈ ਸੀ ਕਿ ਪੰਜਾਬ ਦੇ ਵੱਡੀ ਗਿਣਤੀ ਕਾਲਜ ਸੁੰਨੇ ਸੁੰਨੇ ਹੋ ਗਏ ਸਨ, ਕਿਉਂਕਿ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਪੰਜਾਬੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਵਿਦੇਸ਼ਾਂ ਨੂੰ ਜਾ ਰਹੇ ਸਨ, ਪਰ ਹੁਣ ਵਿਦਿਆਰਥੀਆਂ ਵਿੱਚ ਪੰਜਾਬ ਵਿੱਚ ਰਹਿ ਕੇ ਹੀ ਸਿੱਖਿਆ ਪ੍ਰਾਪਤ ਕਰਨ ਦਾ ਰੁਝਾਨ ਪੈਦਾ ਹੋਇਆ ਹੈ, ਜਿਸ ਕਾਰਨ ਪੰਜਾਬ ਦੇ ਸੁੰਨੇ ਪਏ ਕਾਲਜਾਂ ਵਿੱਚ ਰੌਣਕਾਂ ਪਰਤਣੀਆਂ ਸ਼ੁਰੂ ਹੋ ਗਈਆਂ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਵਿਦਿਆਰਥੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸਵੇਰ ਤੋਂ ਦੁਪਹਿਰ ਤੱਕ ਪੜ੍ਹਾਈ ਕਰਨ ਤੋਂ ਬਾਅਦ ਸ਼ਾਮ ਸਮੇਂ ਵਿਹਲੇ ਘੁੰਮਣ ਅਤੇ ਗਲੀਆਂ ਵਿੱਚ ਗੇੜੇ ਦੇਣ ਦੀ ਥਾਂ ਕਿਸੇ ਨਾ ਕਿਸੇ ਕੰਪਨੀ, ਪ੍ਰਾਈਵੇਟ ਅਦਾਰੇ, ਲਾਈਬ੍ਰੇਰੀ, ਸ਼ੋਅਰੂਮਾਂ ਅਤੇ ਹੋਰ ਥਾਵਾਂ 'ਤੇ ਕੰਮ ਕਰ ਰਹੇ ਹਨ। ਇਸ ਤਰ੍ਹਾਂ ਉਹਨਾਂ ਦਾ ਸ਼ਾਮ ਦਾ ਵਿਹਲਾ ਸਮਾਂ ਵੀ ਬਤੀਤ ਹੋ ਜਾਂਦਾ ਹੈ ਅਤੇ ਉਹ ਕਮਾਈ ਵੀ ਕਰ ਲੈਂਦੇ ਹਨ। ਇਸ ਤਰ੍ਹਾਂ ਵੱਖ- ਵੱਖ ਅਦਾਰਿਆਂ ਤੇ ਕੰਪਨੀਆਂ ਵਿੱਚ ਕੰਮ ਕਰਨ ਨਾਲ ਉਹਨਾਂ ਨੂੰ ਤਜਰਬਾ ਵੀ ਮਿਲ ਜਾਂਦਾ ਹੈ।




ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀ ਅਤੇ ਵਿਦਿਆਰਥਣਾਂ ਜਿਥੇ ਸਖ਼ਤ ਮਿਹਨਤ ਨਾਲ ਆਪਣੀ ਪੜ੍ਹਾਈ ਕਰ ਰਹੇ ਹਨ, ਉਥੇ ਉਹ ਵੱਖ- ਵੱਖ ਅਦਾਰਿਆਂ ਵਿੱਚ ਪਾਰਟ ਟਾਈਮ ਜੌਬ ਵੀ ਕਰ ਰਹੇ ਹਨ। ਇਸ ਤਰ੍ਹਾਂ ਕਰਨ ਨਾਲ ਉਹਨਾਂ ਨੂੰ ਇਹਨਾਂ ਕੰਮਾਂ ਦਾ ਤਜਰਬਾ ਵੀ ਹੋ ਰਿਹਾ ਹੈ ਅਤੇ ਕਮਾਈ ਵੀ ਹੋ ਰਹੀ ਹੈ। ਅਕਸਰ ਵਿਦਿਆਰਥੀ ਆਪਣੀ ਪੜ੍ਹਾਈ ਨਾਲ ਸਬੰਧਿਤ ਕਿੱਤਿਆਂ ਵਾਲੇ ਕੰਮ ਕਰਨ ਨੂੰ ਹੀ ਤਰਜੀਹ ਦਿੰਦੇ ਹਨ ਤਾਂ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਅਤੇ ਨੌਕਰੀ ਨਾ ਮਿਲਣ ਦੀ ਸੂਰਤ ਵਿੱਚ ਉਹ ਆਪਣੇ ਇਸ ਤਜਰਬੇ ਨਾਲ ਆਪਣਾ ਹੀ ਕੋਈ ਕੰਮ ਕਾਰ ਚਲਾ ਸਕਣ। ਇਸ ਤਰ੍ਹਾਂ ਉਹ ਨੌਕਰੀ ਮੰਗਣ ਵਾਲੇ ਬਣਨ ਦੀ ਥਾਂ ਨੌਕਰੀਆਂ ਵੰਡਣ ਵਾਲੇ ਬਣਨ ਨੂੰ ਤਰਜੀਹ ਦੇ ਰਹੇ ਹਨ।



ਪੰਜਾਬ ਵਿੱਚ ਉਹਨਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਕਿੱਤਾ ਮੁਖੀ ਸਿਖਿਆ ਪ੍ਰਾਪਤ ਕਰ ਰਹੇ ਹਨ ਅਤੇ ਆਪਣੀ ਪੜ੍ਹਾਈ ਦੇ ਨਾਲ ਹੀ ਆਪਣੇ ਕਿੱਤੇ ਦੇ ਨਾਲ ਸਬੰਧਿਤ ਕੰਮ ਕਾਰ ਸਿੱਖ ਰਹੇ ਹਨ ਤਾਂ ਕਿ ਉਹਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਤਜਰਬਾ ਵੀ ਹੋ ਸਕੇ, ਜੋ ਕਿ ਉਹਨਾਂ ਦੇ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕਾਫ਼ੀ ਕੰਮ ਆਉਂਦਾ ਹੈ।



ਇਸ ਤਰ੍ਹਾਂ ਦੇ ਵਿਦਿਆਰਥੀਆਂ ਕੋਲ ਡਿਗਰੀਆਂ ਦੇ ਨਾਲ ਤਜਰਬਾ ਸਰਟੀਫ਼ਿਕੇਟ ਵੀ ਹੁੰਦੇ ਹਨ ਅਤੇ ਕੰਮ ਦੇ ਤਜਰਬੇ ਦੇ ਨਾਲ ਜ਼ਿੰਦਗੀ ਦਾ ਤਜਰਬਾ ਵੀ ਹੁੰਦਾ ਹੈ ਕਿਉਂਕਿ ਕੰਮ ਕਰਨ ਦੌਰਾਨ ਉਹਨਾਂ ਦਾ ਵੱਖ ਵੱਖ ਕਿਸਮ ਦੇ ਵਿਅਕਤੀਆਂ ਨਾਲ ਵਾਹ ਪੈਂਦਾ ਹੈ, ਜਿਸ ਕਾਰਨ ਇਹਨਾਂ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦਾ ਤਜਰਬਾ ਉਹਨਾਂ ਦੀ ਪੜ੍ਹਾਈ ਦੇ ਦੌਰਾਨ ਹੀ ਹੋ ਜਾਂਦਾ ਹੈ ਅਤੇ ਉਹਨਾਂ ਨੂੰ ਆਪਣੇ ਭਲੇ ਬੁਰੇ ਦੀ ਸਮਝ ਆ ਜਾਂਦੀ ਹੈ।

ਪੰਜਾਬ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਅਕਸਰ ਨਸ਼ੇੜੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ ਪਰ ਜਿਹੜੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਕੰਮ ਧੰਦਾ ਵੀ ਕਰ ਰਹੇ ਹਨ, ਉਹਨਾਂ ਬਾਰੇ ਵੀ ਗੱਲ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਅਜਿਹੇ ਵਿਦਿਆਰਥੀ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰ ਰਹੇ ਹਨ। ਇਹਨਾਂ ਵਿਦਿਆਰਥੀਆਂ ਵਿੱਚ ਵਿਦਿਆਰਥਣਾਂ ਵੀ ਸ਼ਾਮਲ ਹਨ।

ਵੱਖ- ਵੱਖ ਸ਼ਹਿਰਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਨੇਕਾਂ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਹਰ ਦਿਨ ਹੀ ਸਕੂਲ ਅਤੇ ਯੂਨੀਵਰਸਿਟੀ ਵਿੱਚ ਪੀਰੀਅਡ ਲਗਾਉਣ ਅਤੇ ਪੜ੍ਹਾਈ ਕਰਨ ਤੋਂ ਬਾਅਦ ਦੇ ਸਮੇਂ ਅਤੇ ਛੁੱਟੀਆਂ ਵਾਲੇ ਦਿਨ ਕਿਸੇ ਨਾ ਕਿਸੇ ਕੰਪਨੀ ਜਾਂ ਪ੍ਰਾਈਵੇਟ ਅਦਾਰੇ ਜਾਂ ਸ਼ੋਅਰੂਮ ਜਾਂ ਦੁਕਾਨ ਵਿੱਚ ਕੰਮ ਕਰਦੇ ਹੋਏ ਵੇਖਿਆ ਜਾਂਦਾ ਹੈ ਤਾਂ ਅਹਿਸਾਸ ਹੁੰਦਾ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਸਹੀ ਰਸਤੇ 'ਤੇ ਜਾ ਰਹੀ ਹੈ।



ਭਾਵੇਂ ਕਿ ਪੰਜਾਬ ਦੋਖੀ ਤਾਕਤਾਂ ਵੱਲੋਂ ਅਕਸਰ ਹੀ ਪੰਜਾਬੀ ਨੌਜਵਾਨਾਂ ਨੂੰ ਨਸ਼ੇੜੀ ਅਤੇ ਵਿਹਲੇ ਕਿਹਾ ਜਾਂਦਾ ਹੈ ਪਰ ਜਦੋਂ ਅਸੀਂ ਆਪਣੇ ਆਲ਼ੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਆਪਣੇ ਭਵਿੱਖ ਬਾਰੇ ਪੂਰੀ ਤਰ੍ਹਾਂ ਸੁਚੇਤ ਹੋ ਚੁੱਕੀ ਹੈ। ਜੇ ਪੰਜਾਬ ਦੀ ਨੌਜਵਾਨ ਪੀੜ੍ਹੀ ਬਰਾਂਡਿਡ ਕਪੜੇ ਪਾ ਰਹੀ ਹੈ ਅਤੇ ਦੋ ਪਹੀਆਂ ਵਾਹਨਾਂ ਦਾ ਸੁੱਖ ਮਾਣ ਰਹੀ ਹੈ ਤਾਂ ਇਹਨਾਂ ਚੀਜ਼ਾਂ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਵੀ ਤਾਂ ਕਰ ਰਹੀ ਹੈ।

ਪੰਜਾਬ ਦੇ ਜਿਹੜੇ ਵਿਦਿਆਰਥੀ ਅਤੇ ਵਿਦਿਆਰਥਣਾਂ ਉਚੇਰੀ ਪੜ੍ਹਾਈ ਦੇ ਨਾਲ ਨਾਲ ਵੱਖ ਵੱਖ ਥਾਂਵਾਂ 'ਤੇ ਸਰਵਿਸ, ਕੰਮ ਧੰਦਾ ਕਰਦੇ ਹਨ, ਉਹਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਵੇਖ ਕੇ ਹੋਰ ਵਿਦਿਆਰਥੀ ਅਤੇ ਵਿਦਿਆਰਥਣਾਂ ਵੀ ਆਪਣੀ ਪੜ੍ਹਾਈ ਦੇ ਨਾਲ ਨਾਲ ਆਪਣੇ ਰੁਜ਼ਗਾਰ ਅਤੇ ਭਵਿੱਖ ਲਈ ਸੁਚੇਤ ਹੋਣ ਤਾਂ ਉਹਨਾਂ ਦਾ ਭਵਿੱਖ ਸੁਨਹਿਰੀ ਬਣ ਸਕੇ।





# ਮਿਸ਼ਨ 2027: ਸਿਆਸੀ ਪਾਰਟੀਆਂ ਵੱਲੋਂ ਚੋਣ ਤਿਆਰੀਆਂ ਸ਼ੁਰੂ

## ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਗਹਿਗੱਚ ਮੁਕਾਬਲੇ ਹੋਣ ਦੀ ਸੰਭਾਵਨਾ

ਜਗਮੋਹਨ ਸਿੰਘ ਲੱਕੀ

### ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਨੇ ਸ਼ੁਰੂ ਕੀਤੀ ਵੋਟਰਾਂ ਨਾਲ ਸੰਪਰਕ ਮੁਹਿੰਮ




ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਕਰੀਬ ਦੋ ਸਾਲ ਦਾ ਸਮਾਂ ਪਿਆ ਹੈ, ਇਹ ਚੋਣਾਂ ਸਾਲ 2027 ਵਿੱਚ ਹੋਣ ਦੀ ਸੰਭਾਵਨਾ ਹੈ ਪਰ ਇਹਨਾਂ ਚੋਣਾਂ ਲਈ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਹੁਣੇ ਤੋਂ ਚੋਣ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਿਆਸੀ ਪਾਰਟੀਆਂ ਨੇ ਇਹਨਾਂ ਚੋਣਾਂ ਲਈ ਵਿਸ਼ੇਸ਼ ਤੌਰ 'ਤੇ ਮਿਸ਼ਨ 2027 ਸ਼ੁਰੂ ਕੀਤੇ ਹਨ ਅਤੇ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਚੋਣਾਂ ਨੂੰ ਜਿੱਤਣ ਲਈ ਹੁਣੇ ਤੋਂ ਹੀ ਰਣਨੀਤੀ ਬਣਾਉਣੀ ਆਰੰਭ ਕਰ ਦਿੱਤੀ ਗਈ ਹੈ। ਇਸੇ ਰਣਨੀਤੀ ਤਹਿਤ ਲਈ ਸਿਆਸੀ ਪਾਰਟੀਆਂ ਵੱਲੋਂ ਜ਼ਮੀਨੀ ਪੱਧਰ 'ਤੇ ਆਪੋ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਵੋਟਰਾਂ ਦਾ ਵੱਧ ਤੋਂ ਵੱਧ ਸਮਰਥਨ ਪ੍ਰਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਹ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਨੇ ਤਾਂ ਵੋਟਰਾਂ ਨਾਲ ਸੰਪਰਕ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਹੈ ਅਤੇ ਆਪੋ ਆਪਣੀ ਸਿਆਸੀ ਪਾਰਟੀ ਤੋਂ ਆਪਣੀਆਂ ਟਿਕਟਾਂ ਪੱਕੀਆਂ ਕਰਨ ਲਈ ਹੁਣੇ ਤੋਂ ਯਤਨ ਸ਼ੁਰੂ ਕਰ ਦਿੱਤੇ ਹਨ।

ਪਿਛਲੇ ਦਿਨੀਂ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਿਆਸੀ ਪਾਰਟੀਆਂ ਦਾ ਅਗਲਾ ਨਿਸ਼ਾਨਾ ਪੰਜਾਬ ਬਣਿਆ ਹੋਇਆ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਭਾਜਪਾ ਆਗੂ ਤਾਂ ਖੁੱਲ੍ਹੇਆਮ ਐਲਾਨ ਕਰਨ ਲੱਗ ਪਏ ਹਨ ਕਿ ਭਾਜਪਾ ਦਾ ਅਗਲਾ ਨਿਸ਼ਾਨਾ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣਾ ਹੈ। ਇਸ ਲਈ ਭਾਜਪਾ ਵੱਲੋਂ ਪੰਜਾਬ ਵਿੱਚ ਹੁਣੇ ਤੋਂ ਹੀ ਜ਼ਮੀਨੀ ਪੱਧਰ 'ਤੇ ਸਿਆਸੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਪੰਜਾਬ ਦੇ ਭਾਜਪਾ ਆਗੂ ਕਾਫ਼ੀ ਉਤਸ਼ਾਹਿਤ ਹਨ ਅਤੇ ਉਹ ਹਰ ਹੀਲੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਤਿਆਰੀਆਂ ਵਿੱਚ ਜੁੱਟ ਗਏ ਹਨ।

ਕਾਂਗਰਸ ਪਾਰਟੀ ਨੂੰ ਭਾਵੇਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਇੱਕ ਵੀ ਸੀਟ ਨਹੀਂ ਮਿਲੀ ਅਤੇ ਦਿੱਲੀ ਦੀਆਂ 70 ਵਿਧਾਨ ਸਭਾ ਸੀਟਾਂ ਵਿਚੋਂ ਕਾਂਗਰਸ ਦੇ 67 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਇਸ ਦੇ ਬਾਵਜੂਦ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਹੋਰਨਾਂ ਕਾਂਗਰਸੀ ਆਗੂਆਂ ਵੱਲੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਦਿੱਲੀ ਵਿੱਚ ਆਮ ਆਦਮੀ ਪਾਰਟੀ ਨੂੰ 70 ਵਿਚੋਂ ਸਿਰਫ਼ 22 ਸੀਟਾਂ ਮਿਲਣ ਕਾਰਨ ਪੰਜਾਬ ਦੇ ਕਾਂਗਰਸੀ ਆਗੂ ਬਹੁਤ ਉਤਸ਼ਾਹਿਤ ਹਨ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਤਾਂ ਵਾਰ ਵਾਰ ਕਹਿ ਰਹੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੁਰਸੀ ਹੁਣ ਤਾਂ ਗਈ




ਕਿ ਗਈ। ਉਹ ਇਹ ਵੀ ਦਾਅਵਾ ਕਰਦੇ ਹਨ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਦੇ 30 ਵਿਧਾਇਕ ਕਾਂਗਰਸ ਦੇ ਸੰਪਰਕ ਵਿੱਚ ਹਨ। ਕਾਂਗਰਸੀ ਆਗੂਆਂ ਦੀ ਅਜਿਹੀ ਬਿਆਨਬਾਜ਼ੀ ਤੋਂ ਅਜਿਹਾ ਲੱਗਦਾ ਹੈ ਕਿ ਜਿਵੇਂ ਹੁਣ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਕਾਹਲੇ ਪਏ ਹੋਣ। ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ ਵੀ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਚੋਣ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਕਾਂਗਰਸੀ ਆਗੂ ਤਾਂ ਇਹ ਵੀ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋਏ ਪੰਜਾਬ ਦੇ ਲੋਕ ਮੁੜ ਕਾਂਗਰਸ ਨਾਲ ਜੁੜ ਰਹੇ ਹਨ। ਕਾਂਗਰਸੀ ਆਗੂਆਂ ਨੂੰ ਆਸ ਹੈ ਕਿ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਕਾਂਗਰਸ ਜਰੂਰ ਜਿੱਤੇਗੀ।

ਪੰਜਾਬ ਦੀ ਸਿਆਸਤ ਦੀ ਗੱਲ ਅਕਾਲੀ ਦਲ ਤੋਂ ਬਿਨਾਂ ਅਧੂਰੀ ਜਿਹੀ ਹੁੰਦੀ ਹੈ। ਇਸ ਸਮੇਂ ਅਕਾਲੀ ਦਲ ਲਈ ਵੱਡਾ ਮੌਕਾ ਹੈ ਕਿ ਉਹ ਆਪਣੇ ਆਪ ਨੂੰ ਮੁੜ ਮਜ਼ਬੂਤ ਕਰਕੇ ਲੋਕਾਂ ਦੀ ਕਚਹਿਰੀ ਵਿੱਚ ਆਵੇ। ਪਰ ਇਸ ਸਮੇਂ ਅਕਾਲੀ ਦਲ ਦਾ ਜੋ ਹਾਲ ਹੈ, ਉਹ ਸਭ ਦੇ ਸਾਹਮਣੇ ਹੈ। ਅਕਾਲੀ ਦਲ ਬਾਦਲ ਵਿੱਚ ਇਸ ਸਮੇਂ ਭਰਤੀ ਮੁਹਿੰਮ ਚੱਲ ਰਹੀ ਹੈ ਅਤੇ ਅਕਾਲੀ ਆਗੂ ਦਾਅਵਾ ਕਰ ਰਹੇ ਹਨ ਕਿ ਹੁਣ ਤੱਕ ਅਕਾਲੀ ਦਲ ਵਿੱਚ 25 ਲੱਖ ਮੈਂਬਰਾਂ ਦੀ ਭਰਤੀ ਹੋ ਚੁੱਕੀ ਹੈ। ਜੇ ਅਕਾਲੀ ਦਲ ਦੇ ਆਗੂਆਂ ਦੇ ਇਸ ਦਾਅਵੇ ਨੂੰ ਸੱਚ ਮੰਨ ਲਿਆ ਜਾਵੇ ਤਾਂ ਅਕਾਲੀ ਦਲ ਦੇ ਇਹ 25 ਲੱਖ ਮੈਂਬਰ ਪਾਰਟੀ ਨੂੰ ਬਹੁਤ ਮਜ਼ਬੂਤ ਕਰ ਸਕਦੇ ਹਨ। ਭਾਵੇਂ ਕਿ ਪੰਜਾਬ ਵਿੱਚ ਮਾਨ ਅਕਾਲੀ ਦਲ



ਅਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੀ ਸਰਗਰਮ ਹਨ ਪਰ ਅਸਲੀ ਅਕਾਲੀ ਦਲ ਉਸ ਅਕਾਲੀ ਦਲ ਨੂੰ ਸਮਝਿਆ ਜਾਂਦਾ ਹੈ ਜਿਸ ਕੋਲ ਤੱਕੜੀ ਚੋਣ ਨਿਸ਼ਾਨ ਹੋਵੇ। ਇਹ ਚੋਣ ਨਿਸ਼ਾਨ ਇਸ ਸਮੇਂ ਅਕਾਲੀ ਦਲ ਬਾਦਲ ਕੋਲ ਹੈ। ਅਕਾਲੀ ਦਲ 'ਵਾਰਿਸ ਪੰਜਾਬ ਦੇ' ਨਵੀਂ ਸਿਆਸੀ ਪਾਰਟੀ ਹੈ। ਭਾਵੇਂ ਕਿ ਇਸ ਪਾਰਟੀ ਨਾਲ ਸਬੰਧਿਤ ਦੋ ਆਗੂ ਸੰਸਦ ਮੈਂਬਰ ਹਨ ਪਰ ਇਸ ਪਾਰਟੀ ਨੂੰ ਪੂਰੇ ਪੰਜਾਬ ਵਿੱਚ ਮਜ਼ਬੂਤ ਕਰਨ ਲਈ ਇਸ ਪਾਰਟੀ ਦੇ ਆਗੂਆਂ ਨੂੰ ਬਹੁਤ ਮਿਹਨਤ ਕਰਨੀ ਪਵੇਗੀ। ਇਸ ਸਮੇਂ ਅਕਾਲੀ ਦਲ ਬਾਦਲ ਕੋਲ ਸੁਨਹਿਰੀ ਮੌਕਾ ਹੈ ਕਿ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋਏ ਲੋਕਾਂ ਨੂੰ ਅਕਾਲੀ ਦਲ ਨਾਲ ਜੋੜੇ ਅਤੇ ਆਪਣੇ ਆਪ ਨੂੰ ਪੰਜਾਬ ਵਿੱਚ ਮੁੜ ਮਜ਼ਬੂਤ ਕਰੇ।

ਹੁਣ ਗੱਲ ਕਰਦੇ ਹਾਂ ਆਮ ਆਦਮੀ ਪਾਰਟੀ ਦੀ, ਤਾਂ ਦਿੱਲੀ ਚੋਣਾਂ ਹਾਰਨ ਤੋਂ ਬਾਅਦ ਆਮ ਆਦਮੀ ਪਾਰਟੀ ਦਾ ਪੂਰਾ ਧਿਆਨ ਹੁਣ ਪੰਜਾਬ 'ਤੇ ਹੈ। ਪੰਜਾਬ ਵਿੱਚ ਹੁਣ ਆਮ ਆਦਮੀ ਪਾਰਟੀ ਬਹੁਤ ਸੰਭਲ ਸੰਭਲ ਕੇ ਕਦਮ ਚੁੱਕ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾਅਵਾ ਕਰਦੇ ਹਨ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਮਾਡਲ ਨੂੰ ਪੂਰੇ ਦੇਸ਼ ਅੱਗੇ ਪੇਸ਼ ਕੀਤਾ ਜਾਵੇਗਾ। ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਨੂੰ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਸਮਝ ਰਹੀ ਹੈ ਅਤੇ ਇਸ ਦੇ ਆਗੂ ਵੀ ਹੁਣ ਵਿਸ਼ੇਸ਼ ਰਣਨੀਤੀ ਤਹਿਤ ਵਿਚਰ ਰਹੇ ਹਨ। ਪਿਛਲੇ ਦਿਨੀਂ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਭਗਵੰਤ ਮਾਨ ਵੀ ਕਾਫ਼ੀ ਗੰਭੀਰ ਦਿਖਾਈ ਦਿਤੇ, ਉਹ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਹੀ ਪਹੁੰਚ ਗਏ ਸਨ ਅਤੇ ਕਈ ਮਾਮਲੇ ਖੁਦ ਦਖਲ ਦੇ ਕੇ ਨੇਪਰੇ ਚਾੜ੍ਹੇ। ਇਸ ਮੌਕੇ ਹਰ ਵਰਗ ਨੂੰ ਖੁਸ਼ ਕਰਨ ਦੇ ਫ਼ੈਸਲੇ ਕੀਤੇ ਗਏ। ਇਸ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਉਹ ਲੋਕਾਂ 'ਤੇ ਕਿਸੇ ਤਰ੍ਹਾਂ ਦਾ ਕੋਈ ਬੋਝ ਪਾਉਣ ਵਾਲਾ ਫ਼ੈਸਲਾ ਨਹੀਂ ਲੈਣਗੇ। ਇਸ ਮਗਰੋਂ ਖ਼ੂਨ ਦੇ ਰਿਸ਼ਤੇ 'ਚ ਪ੍ਰਾਪਰਟੀ ਟਰਾਂਸਫ਼ਰ ਕਰਨ 'ਤੇ ਲੱਗਣ ਵਾਲੀ ਸਟੈਂਪ ਡਿਊਟੀ ਦੇ ਏਜੰਡੇ ਨੂੰ ਲਾਂਭੇ ਕਰ ਦਿੱਤਾ ਗਿਆ। ਅਸਲ ਵਿੱਚ 'ਆਪ' ਸਰਕਾਰ ਕੋਈ ਵੀ ਅਜਿਹਾ ਫ਼ੈਸਲਾ ਨਹੀਂ ਕਰਨਾ ਚਾਹੁੰਦੀ, ਜਿਸ ਨਾਲ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਨੁਕਸਾਨ ਹੋਵੇ।

ਸਾਰੀਆਂ ਹੀ ਸਿਆਸੀ ਪਾਰਟੀਆਂ ਦੀਆਂ ਚੋਣ ਤਿਆਰੀਆਂ ਤੋਂ ਜਾਪ ਰਿਹਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਵੱਡੀ ਗਿਣਤੀ ਵਿਧਾਨ ਸਭਾ ਹਲਕਿਆਂ ਵਿੱਚ ਗਹਿਗੱਚ ਮੁਕਾਬਲੇ ਹੋਣ ਦੀ ਸੰਭਾਵਨਾ ਹੈ।

ਜਿਥੋਂ ਤੱਕ ਪੰਜਾਬ ਦੇ ਆਮ ਲੋਕਾਂ ਦਾ ਸਵਾਲ ਹੈ ਤਾਂ ਪੰਜਾਬ ਦੇ ਲੋਕਾਂ ਅੱਗੇ ਪੰਜਾਬ ਦੇ ਮੁੱਖ ਮਸਲੇ ਨਸ਼ਾ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਖ਼ੂਨ ਪੀਣੀਆਂ ਸੜਕਾਂ, ਦਰਿਆਈ ਪਾਣੀਆਂ ਦਾ ਰੇੜਕਾ, ਧਰਤੀ ਹੇਠਲੇ ਪਾਣੀ ਦਾ ਖ਼ਤਮ ਹੁੰਦੇ ਜਾਣਾ, ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ, ਪ੍ਰਦੂਸ਼ਣ, ਪਰਵਾਸ, ਗੈਂਗਸਟਰਵਾਦ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ ਮੂੰਹ ਅੱਡੀ ਖੜ੍ਹੇ ਹਨ ਪਰ ਇਹਨਾਂ ਮਸਲਿਆਂ ਦਾ ਹੱਲ ਕਰਨ ਅਤੇ ਇਹਨਾਂ ਮਸਲਿਆਂ ਦੇ ਹੱਲ ਲਈ ਸਾਂਝੇ ਅਤੇ ਯੋਗ ਉਪਰਾਲੇ ਕਰਨ ਦੀ ਥਾਂ ਸਿਆਸੀ ਆਗੂ ਇੱਕ ਦੂਜੇ ਦੇ ਭੰਡੀ ਪ੍ਰਚਾਰ ਵਿੱਚ ਰੁੱਝੇ ਹੋਏ ਹਨ। ਇਸ ਕਰਕੇ ਪੰਜਾਬ ਦੇ ਲੋਕ ਅਜੇ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਹੀਂ ਬੋਲ ਰਹੇ, ਹਾਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਵਿੱਚ ਖੁੰਢ ਚਰਚਾ ਸ਼ੁਰੂ ਹੋ ਗਈ ਹੈ, ਦੂਜੇ ਪਾਸੇ ਸ਼ਹਿਰਾਂ ਦੇ ਪਾਰਕਾਂ ਵਿੱਚ ਬੈਂਚਾਂ 'ਤੇ ਬੈਠ ਕੇ ਧੁੱਪ ਸੇਕਦੇ ਪੰਜਾਬ ਦੇ ਬਜ਼ੁਰਗ ਵੀ ਅਗਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਚਰਚਾ ਕਰਦੇ ਨਜ਼ਰ ਆ ਰਹੇ ਹਨ।

## ਕੀ ਪੰਜਾਬ ਵਿੱਚ ਅਜੇ ਸਿਆਸੀ ਰੱਦੋਬਦਲ ਹੋਵੇਗੀ, ਆਪ ਦੀ ਸਰਕਾਰ ਡਿੱਗ ਜਾਵੇਗੀ ?

### ਕਾਂਗਰਸ ਅਤੇ ਭਾਜਪਾ ਵੱਲੋਂ ਕੋਸ਼ਿਸ਼ਾਂ ਜਾਰੀ

ਦਿੱਲੀ ਵਿੱਚ ਸੱਤਾ ਤੋਂ ਬੇਦਖ਼ਲ ਹੋਈ ਆਮ ਆਦਮੀ ਪਾਰਟੀ ਲਈ ਹੁਣ ਪੰਜਾਬ 'ਚ ਵੀ ਮੁਸ਼ਕਿਲਾਂ ਖੜ੍ਹੀਆਂ ਕਰਨ ਲਈ ਕਾਂਗਰਸ ਅਤੇ ਭਾਜਪਾ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਡਿੱਗ ਜਾਵੇਗੀ। ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ 30 ਵਿਧਾਇਕ ਕਾਂਗਰਸ ਦੇ ਸੰਪਰਕ ਵਿੱਚ ਹਨ।

ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਮੱਧਕਾਲੀ ਚੋਣਾਂ ਹੋ ਸਕਦੀਆਂ ਹਨ ਕਿਉਂਕਿ ਦਿੱਲੀ ਵਿੱਚ ਚੋਣ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਿਧਾਇਕ ਵੱਡੀ ਗਿਣਤੀ ਵਿੱਚ ਪਾਰਟੀ ਛੱਡ ਦੇਣਗੇ। ਉਨ੍ਹਾਂ ਕਿਹਾ, ਕਈ 'ਆਪ' ਵਿਧਾਇਕ ਵੱਖ-ਵੱਖ ਪਾਰਟੀਆਂ ਦੇ ਸੰਪਰਕ ਵਿੱਚ ਹਨ। ਹਾਲਾਂਕਿ, ਸੁਖਜਿੰਦਰ ਨੇ ਇਹ ਵੀ ਕਿਹਾ ਕਿ ਮੈਂ ਕਾਂਗਰਸ ਹਾਈਕਮਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਉਨ੍ਹਾਂ ਦੇ ਵਿਧਾਇਕਾਂ ਤੇ ਮੰਤਰੀਆਂ ਨੂੰ ਆਪਣੇ ਨਾਲ ਲਿਜਾਣ ਤੋਂ ਬਚਣਾ ਚਾਹੀਦਾ ਹੈ।

ਜਦੋਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਮੋਦ ਤਿਵਾੜੀ ਤੋਂ ਪੁੱਛਿਆ ਗਿਆ ਕਿ, ਕੀ ਆਪ ਦੇ ਵਿਧਾਇਕ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਇਸ 'ਤੇ ਉਨ੍ਹਾਂ ਕਿਹਾ ਕਿ ਕਾਂਗਰਸ ਕਿਸੇ ਵੀ ਪਾਰਟੀ ਨੂੰ ਤੋੜਨ ਵਿੱਚ ਵਿਸ਼ਵਾਸ ਨਹੀਂ ਰੱਖਦੀ। ਇਹ ਭਾਜਪਾ ਦਾ ਕੰਮ ਹੈ। ਭਾਜਪਾ ਨੇਤਾ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਸਰਕਾਰ ਕਿਸੇ ਵੀ ਸਮੇਂ ਡਿੱਗ ਸਕਦੀ ਹੈ। ਭਾਜਪਾ ਸੰਸਦ ਮੈਂਬਰ ਸੰਜੇ ਜੈਸਵਾਲ ਨੇ ਕਿਹਾ, 'ਅਰਵਿੰਦ ਕੇਜਰੀਵਾਲ ਨੂੰ ਡਰ ਹੈ ਕਿ ਦਿੱਲੀ ਵਾਂਗ ਪੰਜਾਬ ਸਰਕਾਰ ਵੀ ਡਿੱਗ ਸਕਦੀ ਹੈ।'

ਦੂਜੇ ਪਾਸੇ ਭਾਜਪਾ ਨੇ ਪ੍ਰਚਾਰ ਸ਼ੁਰੂ ਕੀਤਾ ਹੈ ਕਿ ਦਿੱਲੀ 'ਚ ਚੋਣਾਂ ਹਾਰਨ ਤੋਂ ਬਾਅਦ ਕੇਜਰੀਵਾਲ ਹੁਣ ਪੰਜਾਬ ਦੇ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ। ਕਿਹਾ ਜਾ ਰਿਹਾ ਹੈ ਕਿ ਹੁਣ ਉਹ ਪੰਜਾਬ ਮਾਡਲ ਦੀ ਗੱਲ ਕਰਨਗੇ। ਦਿੱਲੀ ਵਿੱਚ ਉਨ੍ਹਾਂ ਦੇ ਹੱਥ 'ਚ ਪੁਲਿਸ ਅਤੇ ਜ਼ਮੀਨ ਨਹੀਂ ਸੀ। ਹਰ ਮਾਮਲੇ 'ਚ ਉਪ ਰਾਜਪਾਲ ਕੋਲੋਂ ਮਨਜ਼ੂਰੀ ਲੈਣੀ ਪੈਂਦੀ ਸੀ, ਪਰ ਪੰਜਾਬ 'ਚ ਅਜਿਹਾ ਨਹੀਂ ਹੈ। ਉਹ ਉੱਥੇ ਆਪਣਾ ਮਾਡਲ ਬਣਾ ਸਕਦੇ ਹਨ, ਪਰ ਅਸਲ ਵਿੱਚ ਅਜਿਹਾ



ਕੁਝ ਨਹੀਂ ਹੋਣ ਜਾ ਰਿਹਾ ਹੈ। ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਬਣਨ ਦੀ ਕੋਸ਼ਿਸ਼ ਕਰਨ ਦੀ ਗ਼ਲਤੀ ਨਹੀਂ ਕਰਨਗੇ। ਉਨ੍ਹਾਂ ਨੂੰ ਪਤਾ ਹੈ ਕਿ ਜਿਸ ਤਰ੍ਹਾਂ ਦੀਆਂ ਖ਼ਾਲਿਸਤਾਨੀ ਸਰਗਰਮੀਆਂ ਪੰਜਾਬ ਵਿੱਚ ਉੱਭਰ ਰਹੀਆਂ ਹਨ, ਉਸ ਵਿੱਚ ਸਿੱਖਾਂ ਤੋਂ ਇਲਾਵਾ ਕੋਈ ਦੂਜਾ ਮੁੱਖ ਮੰਤਰੀ ਕਬੂਲ ਨਹੀਂ ਹੋਵੇਗਾ। ਜੇਕਰ ਕੇਜਰੀਵਾਲ ਅਜਿਹੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਦੀ ਪਾਰਟੀ ਵਿੱਚ ਸੰਕਟ ਪੈਦਾ ਹੋ ਜਾਵੇਗਾ। ਇਹ ਗੱਲ ਉਹ ਜਾਣਦੇ ਹਨ। ਜਿੱਥੋਂ ਤੱਕ 30 ਵਿਧਾਇਕਾਂ ਦੇ ਕਾਂਗਰਸ ਦੇ ਸੰਪਰਕ ਵਿੱਚ ਹੋਣ ਦੀ ਗੱਲ ਹੈ, ਤਾਂ ਇਹ ਇੱਕ ਮਨੋਵਿਗਿਆਨਕ ਦਾਅ ਹੈ। ਪੰਜਾਬ 'ਚ ਆਮ ਆਦਮੀ ਪਾਰਟੀ ਦੇ ਸਾਰੇ 92 ਵਿਧਾਇਕ ਪੂਰੀ ਤਰ੍ਹਾਂ ਇਕਜੁੱਟ ਹਨ। ਜੇਕਰ 30 ਵਿਧਾਇਕ ਵੱਖਰੇ ਵੀ ਹੁੰਦੇ ਹਨ ਤਾਂ ਸਰਕਾਰ ਨਹੀਂ ਡਿਗੇਗੀ, ਉਲਟਾਂ ਵੱਖ ਹੋਣ ਵਾਲੇ ਵਿਧਾਇਕਾਂ ਦੀ ਮੈਂਬਰਸ਼ਿਪ ਖ਼ਤਰੇ ਵਿੱਚ ਆ ਜਾਵੇਗੀ।

# ਤੁਹਾਡੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਉਂਦੈ ਤੁਹਾਡਾ ਬੋਲਚਾਲ ਤੇ ਵਿਹਾਰ

ਜਸਵਿੰਦਰ ਪਾਲ ਸ਼ਰਮਾ

ਸਾਡੀ ਸ਼ਖ਼ਸੀਅਤ ਸਾਡੇ ਤਜਰਬਿਆਂ, ਵਿਸ਼ਵਾਸਾਂ ਅਤੇ ਭਾਵਨਾਵਾਂ ਦੁਆਰਾ ਘੜੀ ਜਾਂਦੀ ਹੈ। ਅਸੀਂ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰਦੇ ਹਾਂ, ਇਹ ਬੋਲੇ ਜਾਂ ਲਿਖਤੀ ਰੂਪ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸ਼ਬਦਾਂ ਦੀ ਚੋਣ ਤੋਂ ਲੈ ਕੇ ਵਰਤੇ ਜਾਣ ਵਾਲੇ ਟੋਨ ਤੱਕ, ਸਾਡੀ ਸ਼ਖ਼ਸੀਅਤ ਸਾਡੀ ਸੰਚਾਰ ਸ਼ੈਲੀ ਦੇ ਤਾਣੇ-ਬਾਣੇ ਵਿੱਚ ਗੁੰਝਲਦਾਰ ਢੰਗ ਨਾਲ ਬੁਣੀ ਹੋਈ ਹੈ। ਇਹ ਲੇਖ ਇਸ ਗੱਲ ਦੀ ਪੜਚੋਲ ਕਰਦਾ ਹੈ ਕਿ ਸਾਡੇ ਬੋਲਣ ਅਤੇ ਲਿਖਣ ਦੇ ਤਰੀਕੇ ਵਿੱਚ ਸ਼ਖ਼ਸੀਅਤ ਕਿਵੇਂ ਝਲਕਦੀ ਹੈ।

ਸ਼ਬਦਾਂ ਦੀ ਚੋਣ

ਜੋ ਸ਼ਬਦ ਅਸੀਂ ਚੁਣਦੇ ਹਾਂ ਉਹ ਅਕਸਰ ਸਾਡੀ ਸ਼ਖ਼ਸੀਅਤ ਦਾ ਸਭ ਤੋਂ ਤੁਰੰਤ ਪ੍ਰਤੀਬਿੰਬ ਹੁੰਦੇ ਹਨ। ਇੱਕ ਵਿਅਕਤੀ ਜੋ ਆਸ਼ਾਵਾਦੀ ਹੈ ਉਹ ਜੀਵੰਤ, ਸਕਾਰਾਤਮਕ ਭਾਸ਼ਾ ਦੀ ਵਰਤੋਂ ਕਰ ਸਕਦਾ ਹੈ, ਜਦੋਂ ਕਿ ਕੋਈ ਵਿਅਕਤੀ ਜੋ ਵਧੇਰੇ ਸਨਕੀ ਹੈ, ਉਹ ਵਧੇਰੇ ਅਧੀਨ ਜਾਂ ਆਲੋਚਨਾਤਮਕ ਸ਼ਬਦਾਂ ਦੀ ਚੋਣ ਕਰ ਸਕਦਾ ਹੈ। ਉਦਾਹਰਨ ਲਈ, ਇਕ ਰਚਨਾਤਮਕ ਵਿਅਕਤੀ ਅਲੰਕਾਰਿਕ ਭਾਸ਼ਾ ਅਤੇ ਸਪੱਸ਼ਟ ਰੂਪਕ ਦੀ ਵਰਤੋਂ ਕਰ ਸਕਦਾ ਹੈ, ਜਦੋਂਕਿ ਇੱਕ ਵਧੇਰੇ ਵਿਸ਼ਲੇਸ਼ਣਾਤਮਕ ਸ਼ਖ਼ਸੀਅਤ ਸਟੀਕ ਅਤੇ ਤਕਨੀਕੀ ਸ਼ਬਦਾਵਲੀ ਨੂੰ ਤਰਜੀਹ ਦੇ ਸਕਦੀ ਹੈ। ਸ਼ਬਦਾਵਲੀ ਦੀ ਇਹ ਚੋਣ ਨਾ ਸਿਰਫ਼ ਸਾਡੀ ਸ਼ਖ਼ਸੀਅਤ ਦੇ ਗੁਣਾਂ ਨੂੰ, ਸਗੋਂ ਸਾਡੇ ਸਮਾਜਿਕ ਅਤੇ ਸੱਭਿਆਚਾਰਕ ਪਿਛੋਕੜ ਨੂੰ ਵੀ ਪ੍ਰਗਟ ਕਰ ਸਕਦੀ ਹੈ।

ਟੋਨ ਤੇ ਡਿਲੀਵਰੀ

ਟੋਨ ਇੱਕ ਹੋਰ ਮਹੱਤਵਪੂਰਨ ਤੱਤ ਹੈ ਜੋ ਸ਼ਖ਼ਸੀਅਤ ਨੂੰ ਉਜਾਗਰ ਕਰਦਾ ਹੈ। ਨਿੱਘੇ ਅਤੇ ਦੋਸਤਾਨਾ ਸ਼ਖ਼ਸੀਅਤ ਵਾਲੇ ਵਿਅਕਤੀ ਦੀ ਗੱਲਬਾਤ ਦੀ ਧੁਨ ਹੋ ਸਕਦੀ ਹੈ, ਜਿਸ ਨਾਲ ਉਨ੍ਹਾਂ ਦਾ ਸੰਚਾਰ ਸਵਾਗਤ ਅਤੇ ਦਿਲਚਸਪ ਮਹਿਸੂਸ ਕਰਦਾ ਹੈ। ਇਸ ਦੇ ਉਲਟ, ਵਧੇਰੇ ਰਸਮੀ ਜਾਂ ਅਧਿਕਾਰਤ ਸ਼ਖ਼ਸੀਅਤ ਵਾਲਾ ਕੋਈ ਵਿਅਕਤੀ ਇੱਕ ਗੰਭੀਰ ਸੁਰ ਅਪਣਾ ਸਕਦਾ ਹੈ ਜੋ ਪੇਸ਼ੇਵਰਤਾ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਹਾਸੇ-ਮਜ਼ਾਕ ਇੱਕ ਸਹਿਜ, ਅਰਾਮਦੇਹ ਵਿਅਕਤੀ ਨੂੰ ਦਰਸਾਉਂਦਾ ਹੈ, ਜਦੋਂਕਿ ਇੱਕ ਵਧੇਰੇ ਗੰਭੀਰ ਵਿਅਕਤੀ ਸਪੱਸ਼ਟਤਾ ਅਤੇ ਸਿੱਧੀ ਨੂੰ ਤਰਜੀਹ ਦੇ ਸਕਦਾ ਹੈ। ਸਪੁਰਦਗੀ ਬੋਲੇ ਜਾਣ ਵਾਲੇ ਸੰਚਾਰ ਵਿੱਚ ਓਨੀ ਹੀ ਮਹੱਤਵਪੂਰਨ ਹੈ। ਇਕ ਭਰੋਸੇਮੰਦ ਸਪੀਕਰ ਆਪਣੀ ਆਵਾਜ਼ ਪੇਸ਼ ਕਰ ਸਕਦਾ ਹੈ ਅਤੇ ਅੱਖਾਂ ਦੇ ਸੰਪਰਕ ਨੂੰ ਕਾਇਮ ਰੱਖ ਸਕਦਾ ਹੈ, ਭਰੋਸਾ ਅਤੇ ਸ਼ਮੂਲੀਅਤ ਦਾ ਪ੍ਰਦਰਸ਼ਨ ਕਰ ਸਕਦਾ ਹੈ। ਇਸ ਦੌਰਾਨ, ਕੋਈ ਵਿਅਕਤੀ ਜੋ ਆਤਮ-ਵਿਸ਼ਵਾਸ ਨਾਲ ਸੰਘਰਸ਼ ਕਰਦਾ ਹੈ, ਉਹ ਹੌਲੀ-ਹੌਲੀ ਬੋਲ ਸਕਦਾ ਹੈ, ਅੱਖਾਂ ਦੇ ਸਿੱਧੇ ਸੰਪਰਕ ਤੋਂ ਬਚ ਸਕਦਾ ਹੈ ਜੋ ਅਸੁਰੱਖਿਆ ਦਾ ਪ੍ਰਗਟਾਵਾ ਕਰ ਸਕਦਾ ਹੈ।

ਲਿਖਤ ਵਿੱਚ ਢਾਂਚਾ ਤੇ ਸਪੱਸ਼ਟਤਾ

ਲਿਖਤੀ ਰੂਪ ਵਿੱਚ, ਸ਼ਖ਼ਸੀਅਤ ਇਸ ਗੱਲ ਤੋਂ ਸਪੱਸ਼ਟ ਹੁੰਦੀ ਹੈ ਕਿ ਅਸੀਂ ਆਪਣੇ ਵਿਚਾਰਾਂ ਨੂੰ ਕਿਵੇਂ ਬਣਾਉਂਦੇ ਹਾਂ। ਕੁਝ ਲੋਕ ਇੱਕ ਲੀਨੀਅਰ, ਸੰਗਠਿਤ ਢੰਗ ਨਾਲ ਲਿਖਦੇ ਹਨ, ਇੱਕ ਵਿਵਸਥਿਤ ਅਤੇ ਵਿਸਤ੍ਰਿਤ-ਮੁਖੀ ਸ਼ਖ਼ਸੀਅਤ ਨੂੰ ਦਰਸਾਉਂਦੇ ਹਨ। ਦੂਸਰੇ ਇੱਕ ਰਚਨਾਤਮਕ ਜਾਂ ਸੁਭਾਵਿਕ ਸੁਭਾਅ ਨੂੰ ਦਰਸਾਉਂਦੇ ਹੋਏ ਇੱਕ ਵਧੇਰੇ ਮੁਕਤ-ਪ੍ਰਵਾਹ ਪਹੁੰਚ ਅਪਣਾ ਸਕਦੇ ਹਨ। ਉਦਾਹਰਨ ਲਈ, ਇੱਕ ਵਿਧੀਗਤ ਲੇਖਕ ਇੱਕ ਸਪੱਸ਼ਟ ਥੀਸਿਸ ਦੇ ਨਾਲ ਸ਼ੁਰੂ ਹੋ ਸਕਦਾ ਹੈ, ਇਸ ਦੇ ਬਾਅਦ ਚੰਗੀ ਤਰ੍ਹਾਂ ਸੰਗਠਿਤ ਪੈਰੇ, ਉਨ੍ਹਾਂ ਦੇ ਦਾਅਵਿਆਂ ਦਾ ਸਮੱਰਥਨ ਕਰਨ ਲਈ ਸਬੂਤ ਅਤੇ ਉਦਾਹਰਣ ਪ੍ਰਦਾਨ ਕਰਦਾ ਹੈ। ਇਸ ਦੇ ਉਲਟ, ਇੱਕ ਸੁਤੰਤਰ ਲੇਖਕ ਆਪਣੇ ਬਿਰਤਾਂਤ ਵਿੱਚ ਨਿੱਜੀ ਕਹਾਣੀਆਂ ਨੂੰ ਬੁਣ ਸਕਦਾ ਹੈ, ਇੱਕ ਵਧੇਰੇ ਗੈਰ-ਰਸਮੀ ਅਤੇ ਸੰਬੰਧਿਤ ਰਚਨਾ ਬਣਾਉਂਦਾ ਹੈ। ਜੋ ਕਹਾਣੀ ਸੁਣਾਉਣ ਦਾ ਅਨੰਦ ਲੈਂਦੇ ਹਨ ਉਹ ਸਪੱਸ਼ਟ ਵਰਣਨ ਅਤੇ ਚਰਿੱਤਰ ਵਿਕਾਸ ਨੂੰ ਨਿਯੁਕਤ ਕਰ ਸਕਦੇ ਹਨ, ਪਾਠਕਾਂ ਨੂੰ ਇਸ ਤਰੀਕੇ ਨਾਲ ਸ਼ਾਮਿਲ ਕਰ ਸਕਦੇ ਹਨ ਜੋ ਉਨ੍ਹਾਂ ਦੀ ਕਲਪਨਾਤਮਕ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ।

ਅਨੁਕੂਲਤਾ ਤੇ ਸੰਦਰਭ

ਸਾਡੀ ਸ਼ਖ਼ਸੀਅਤ ਸਾਡੀ ਸੰਚਾਰ ਸ਼ੈਲੀ ਨੂੰ ਵੱਖ-ਵੱਖ ਸੰਦਰਭਾਂ ਵਿੱਚ ਢਾਲਣ ਦੀ ਸਾਡੀ ਯੋਗਤਾ ਨੂੰ ਵੀ ਪ੍ਰਭਾਵਿਤ ਕਰਦੀ ਹੈ। ਕੁਝ ਵਿਅਕਤੀ ਵਧੇਰੇ ਲਚਕਦਾਰ ਹੁੰਦੇ ਹਨ, ਆਪਣੇ ਸਰੋਤਿਆਂ ਦੇ ਆਧਾਰ ’ਤੇ ਆਪਣੀ ਸੁਰ, ਸ਼ਬਦਾਵਲੀ ਤੇ ਸ਼ੈਲੀ ਨੂੰ ਬਦਲਣ ਦੇ ਯੋਗ ਹੁੰਦੇ ਹਨ। ਇਹ ਅਨੁਕੂਲਤਾ ਖੁੱਲ੍ਹੇ ਦਿਮਾਗ ਵਾਲੇ ਸ਼ਖ਼ਸੀਅਤ ਨੂੰ ਦਰਸਾਉਂਦੀ ਹੈ, ਜੋ ਸਮਾਜਿਕ ਸਦਭਾਵਨਾ ਅਤੇ ਸੰਪਰਕ ਦੀ ਕਦਰ ਕਰਦੀ ਹੈ। ਦੂਸਰੇ ਅਨੁਕੂਲਤਾ ਦੇ ਨਾਲ ਸੰਘਰਸ਼ ਕਰ ਸਕਦੇ ਹਨ, ਉਨ੍ਹਾਂ ਦੇ ਆਲੇ-ਦੁਆਲੇ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਦੀ ਸੁਭਾਵਿਕ ਸ਼ੈਲੀ ਨਾਲ ਜੁੜੇ ਰਹਿੰਦੇ ਹਨ, ਜੋ ਇੱਕ ਵਧੇਰੇ ਸਖ਼ਤ ਸ਼ਖ਼ਸੀਅਤ ਦਾ ਸੁਝਾਅ ਦੇ ਸਕਦਾ ਹੈ। ਸਿੱਟੇ ਵਜੋਂ, ਸਾਡੀ ਸ਼ਖ਼ਸੀਅਤ ਸਾਡੇ ਗੱਲਬਾਤ ਕਰਨ ਦੇ ਤਰੀਕੇ ਤੋਂ ਗੁੰਝਲਦਾਰ ਰੂਪ ’ਚ ਪ੍ਰਤੀਬਿੰਬਤ ਹੁੰਦੀ ਹੈ - ਬੋਲਣ ਤੇ ਲਿਖਤੀ ਰੂਪ ਵਿੱਚ। ਸ਼ਬਦਾਂ ਤੇ ਸੁਰਾਂ ਦੀ ਚੋਣ ਤੋਂ ਲੈ ਕੇ ਸੰਰਚਨਾਤਮਕ ਸੰਗਠਨ ਤੇ ਭਾਵਨਾਤਮਕ ਪ੍ਰਗਟਾਵੇ ਤੱਕ, ਸਾਡੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂ ਸਾਡੀ ਸੰਚਾਰ ਸ਼ੈਲੀ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ। ਇਸ ਇੰਟਰਪਲੇਅ ਨੂੰ ਸਮਝਣਾ ਨਾ ਸਿਰਫ਼ ਸਾਡੀ ਸਵੈ-ਜਾਗਰੂਕਤਾ ਨੂੰ ਵਧਾ ਸਕਦਾ ਹੈ ਬਲਕਿ ਦੂਜਿਆਂ ਨਾਲ ਸਾਡੇ ਸਬੰਧਾਂ ਨੂੰ ਵੀ ਸੁਧਾਰ ਸਕਦਾ ਹੈ। ਸੰਚਾਰ ਵਿੱਚ ਸ਼ਖ਼ਸੀਅਤ ਦੀਆਂ ਬਾਰੀਕੀਆਂ ਨੂੰ ਪਛਾਣ ਕੇ, ਅਸੀਂ ਵਧੇਰੇ ਪ੍ਰਭਾਵੀ ਪਰਸਪਰ ਪ੍ਰਭਾਵ ਲਈ ਕੋਸ਼ਿਸ਼ ਕਰ ਸਕਦੇ ਹਾਂ ਜੋ ਪ੍ਰਮਾਣਿਕ ਸਵੈ ਨਾਲ ਗੂੰਜਦੇ ਹਨ।

ਜੋ ਸ਼ਬਦ ਅਸੀਂ ਵਰਤਣ ਲਈ ਚੁਣਦੇ ਹਾਂ, ਉਹ ਸਾਡੀ ਸ਼ਖ਼ਸੀਅਤ ਬਾਰੇ ਵੀ ਬਹੁਤ ਕੁਝ ਪ੍ਰਗਟ ਕਰ ਸਕਦੇ ਹਨ। ਜੋ ਲੋਕ ਗੁੰਝਲਦਾਰ ਸ਼ਬਦਾਵਲੀ ਅਤੇ ਵਿਆਕਰਨ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਬੁੱਧੀਮਾਨ ਤੇ ਚੰਗੀ ਤਰ੍ਹਾਂ ਪੜ੍ਹੇ-ਲਿਖੇ ਵਜੋਂ ਵੇਖਿਆ ਜਾ ਸਕਦਾ ਹੈ। ਜਿਸ ਤਰੀਕੇ ਨਾਲ ਅਸੀਂ ਹਾਸੇ-ਮਜ਼ਾਕ, ਵਿਅੰਗ ਅਤੇ ਮੁਹਾਵਰੇ ਦੀ ਵਰਤੋਂ ਕਰਦੇ ਹਾਂ, ਉਹ ਸਾਡੀ ਸ਼ਖ਼ਸੀਅਤ ਦੀ ਸਮਝ ਪ੍ਰਦਾਨ ਕਰ ਸਕਦਾ ਹੈ।

ਸਾਡੀ ਬੋਲੀ ਸਾਡੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਨੂੰ ਵੀ ਪ੍ਰਗਟ ਕਰ ਸਕਦੀ ਹੈ। ਮਿਸਾਲ ਵਜੋਂ ਜਦੋਂ ਕੋਈ ਵਿਅਕਤੀ ਅਕਸਰ ਮੈਂ ਬਹੁਤ ਖੁਸ਼ਕਿਸਮਤ ਹਾਂ ਵਰਗੇ ਵਾਕਾਂਸ਼ਾਂ ਦੀ ਵਰਤੋਂ ਕਰਦਾ ਹੈ ਤਾਂ ਹੋ ਸਕਦਾ ਉਹ ਆਪਣੀ ਆਸ਼ਾਵਾਦੀ ਸ਼ਖ਼ਸੀਅਤ ਬਾਰੇ ਦੱਸ ਰਿਹਾ ਹੋਵੇ। ਜਿਸ ਤਰ੍ਹਾਂ ਅਸੀਂ ਸੁਣਦੇ ਹਾਂ ਅਤੇ ਦੂਜਿਆਂ ਨੂੰ ਜਵਾਬ ਦਿੰਦੇ ਹਾਂ, ਉਹ ਵੀ ਸਾਡੀ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਸਰਗਰਮ ਸਰੋਤੇ ਜੋ ਵਿਚਾਰਸ਼ੀਲ ਸਵਾਲ ਪੁੱਛਦੇ ਹਨ ਅਤੇ ਦੂਜਿਆਂ ਵਿੱਚ ਸੱਚੀ ਦਿਲਚਸਪੀ ਵਿਖਾਉਂਦੇ ਹਨ, ਉਨ੍ਹਾਂ ਨੂੰ ਹਮਦਰਦੀ ਤੇ ਦੇਖ-ਭਾਲ ਕਰਨ ਵਾਲੇ ਵਜੋਂ ਵੇਖਿਆ ਜਾ ਸਕਦਾ ਹੈ। ਜੋ ਲੋਕ ਗੱਲਬਾਤ ’ਤੇ ਹਾਵੀ ਹੁੰਦੇ ਜਾਂ ਵਿਘਨ ਪਾਉਂਦੇ ਹਨ, ਉਨ੍ਹਾਂ ਨੂੰ ਸਵੈ-ਕੇਂਦਰਿਤ ਤੇ ਅਸੰਵੇਦਨਸ਼ੀਲ ਸਮਝਿਆ ਜਾ ਸਕਦਾ ਹੈ। ਸਾਡੀ ਬੋਲੀ ਤਰਸਯੋਗ, ਸਪੱਸ਼ਟ ਅਤੇ ਦਿਲਚਸਪ ਹੋ ਸਕਦੀ ਹੈ। ਸਾਡੀ ਬੋਲੀ ਰਚਨਾਤਮਿਕਤਾ ਅਤੇ ਕਲਪਨਾ ਦਾ ਪ੍ਰਤੀਬਿੰਬ ਵੀ ਹੋ ਸਕਦੀ ਹੈ। ਜੋ ਲੋਕ ਸਪੱਸ਼ਟ ਰੂਪਕ, ਅਲੰਕਾਰ ਤੇ ਕਹਾਣੀ ਸੁਣਾਉਣ ਦੀਆਂ ਤਕਨੀਕਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਨਵੀਨਤਾਕਾਰੀ, ਕਲਾਤਮਕ ਵਜੋਂ ਵੇਖਿਆ ਜਾ ਸਕਦਾ। ਇਸੇ ਤਰ੍ਹਾਂ ਜੋ ਲੋਕ ਵਧੇਰੇ ਸਿੱਧੀ ਅਤੇ ਤੱਥਾਂ ਵਾਲੀ ਭਾਸ਼ਾ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਵਧੇਰੇ ਵਿਹਾਰਕ ਅਤੇ ਵਿਸ਼ਲੇਸ਼ਣਾਤਮਕ ਸਮਝਿਆ ਜਾ ਸਕਦਾ ਹੈ। ਸੋ ਭਾਸ਼ਣ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ ਜੋ ਸਾਡੀ ਸ਼ਖ਼ਸੀਅਤ, ਕਦਰਾਂ-ਕੀਮਤਾਂ ਅਤੇ ਰਵੱਈਏ ਬਾਰੇ ਬਹੁਤ ਕੁਝ ਪ੍ਰਗਟ ਕਰ ਸਕਦਾ ਹੈ।

ਭਾਵਨਾਤਮਕ ਪ੍ਰਗਟਾਵੇ ਦਾ ਸੰਚਾਰ

ਭਾਵਨਾਤਮਕ ਪ੍ਰਗਟਾਵਾ ਸੰਚਾਰ ਵਿੱਚ ਸ਼ਖ਼ਸੀਅਤ ਦਾ ਇੱਕ ਹੋਰ ਸਪੱਸ਼ਟ ਸੂਚਕ ਹੈ। ਉਹ ਵਿਅਕਤੀ ਜੋ ਵਧੇਰੇ ਭਾਵਨਾਤਮਕ ਤੌਰ ’ਤੇ ਪ੍ਰਗਟਾਵੇ ਵਾਲੇ ਹੁੰਦੇ ਹਨ, ਭਾਵਨਾਵਾਂ ਅਤੇ ਸੰਵੇਦਨਾਵਾਂ ’ਤੇ ਜ਼ੋਰ ਦਿੰਦੇ ਹੋਏ, ਭਾਵੁਕ ਭਾਸ਼ਾ ਦੀ ਵਰਤੋਂ ਕਰ ਸਕਦੇ ਹਨ, ਉਨ੍ਹਾਂ ਦੇ ਸੰਚਾਰ ਨੂੰ ਸੰਬੰਧਿਤ ਅਤੇ ਉਤਸ਼ਾਹਜਨਕ ਬਣਾਉਂਦੇ ਹਨ। ਦੂਜੇ ਪਾਸੇ, ਵਧੇਰੇ ਰਿਜ਼ਰਵਡ ਸ਼ਖ਼ਸੀਅਤ ਵਾਲੇ ਲੋਕ ਭਾਵਨਾਵਾਂ ਦੀ ਬਜਾਏ ਤਰਕ ’ਤੇ ਕੇਂਦਰਿਤ ਕਰਦੇ ਹੋਏ, ਬਾਹਰਮੁਖੀ ਤੱਥਾਂ ਨਾਲ ਜੁੜੇ ਰਹਿ ਸਕਦੇ ਹਨ ਜੋ ਵਧੇਰੇ ਤਰਕਸ਼ੀਲ, ਵਿਹਾਰਕ ਮਾਨਸਿਕਤਾ ਦਾ ਸੰਕੇਤ ਹੋ ਸਕਦਾ ਹੈ।





# ਦੂਜਿਆਂ ਦੀ ਖ਼ੁਸ਼ੀ ’ਚ ਖ਼ੁਸ਼ ਹੋਣਾ ਸਿੱਖੋ

ਡਾ. ਸਤਿੰਦਰ ਪਾਲ ਸਿੰਘ

ਕੁਦਰਤ ਦੀ ਰਚਨਾ ਸੰਸਾਰ, ਸੁੰਦਰ ਤੇ ਵਿਸਮਾਦਜਨਕ ਹੈ। ਇਸ ਦੀ ਹਰ ਰਚਨਾ ਮਨ ਮੋਹ ਲੈਣ ਵਾਲੀ ਹੈ। ਹਰ ਪਲ ਕਿੰਨੇ ਕੁ ਰੰਗ ਵਰਤ ਰਹੇ ਹੁੰਦੇ ਹਨ, ਇਸ ਦਾ ਕਿਆਸ ਲਗਾਉਣਾ ਸੰਭਵ ਨਹੀਂ ਹੈ। ਸ੍ਰਿਸ਼ਟੀ ਇੰਨੀ ਵਿਸ਼ਾਲ ਹੈ ਕਿ ਇੱਕ ਜਨਮ ਵਿੱਚ ਜਾਣੀ ਨਹੀਂ ਜਾ ਸਕਦੀ। ਮਨੁੱਖ ਜੋ ਕੁਝ ਆਪਣੇ ਆਲੇ ਦੁਆਲੇ ਵੇਖਦਾ ਹੈ, ਜੋ ਪੜ੍ਹਦਾ, ਸੁਣਦਾ ਹੈ, ਉਸ ਤੋਂ ਹੀ ਸੰਸਾਰ ਬਾਰੇ ਸਮਝਦਾ ਹੈ। ਸੂਰਜ ਦਾ ਉਦੈ ਤੇ ਅਸਤ ਹੋਣਾ, ਚੰਦਰਮਾ ਦਾ ਚਾਨਣ ਤੇ ਤਾਰਿਆਂ ਦੀ ਬਾਰਾਤ, ਖਿੜੇ ਹੋਏ ਫ਼ੁੱਲਾਂ ਦਾ ਡੁੱਲ੍ਹ ਡੁੱਲ੍ਹ ਪੈਂਦਾ ਰੂਪ ਤੇ ਚੁੰਮਣ ਲਈ ਬੇਕਰਾਰ ਸੁਗੰਧ, ਨਦੀਆਂ ਦੇ ਹਾਸੇ ਤੇ ਸਾਗਰਾਂ ਦੇ ਬੁਲੰਦ ਠਹਾਕੇ, ਪਹਾੜਾਂ ਦੇ ਮੌਨ ਸੰਗੀਤ, ਪਵਨ ਦੀਆਂ ਭੋਲੀਆਂ ਸ਼ਰਾਰਤਾਂ ਦੇ ਸਿਲਸਿਲੇ, ਵੰਨ ਸੁਵੰਨੇ ਪੰਛੀਆਂ ਦੀਆਂ ਦਿਲਕਸ਼ ਉਡਾਰੀਆਂ ਆਦਿ ਕੌਤਕ ਨਿਤ ਵੇਖਿਆਂ ਵੀ ਰਜੇਵਾਂ ਨਹੀਂ ਹੁੰਦਾ ਕਿਉਂਕਿ ਸ੍ਰਿਸ਼ਟੀ ਦਾ ਅੰਦਾਜ਼ ਬਦਲਦਾ ਰਹਿੰਦਾ ਹੈ।

ਹਰ ਰੋਜ਼ ਇੱਕ ਨਵਾਂ ਸੂਰਜ ਚੜ੍ਹਦਾ ਹੈ, ਨਵਾਂ ਚੰਦਰਮਾ ਜਨਮ ਲੈਂਦਾ ਹੈ, ਫ਼ੁੱਲਾਂ ਦਾ ਰੂਪ, ਨਦੀਆਂ ਦਾ ਅੰਦਾਜ਼, ਪਹਾੜਾਂ ਦਾ ਸੰਗੀਤ ਪਵਨ ਦਾ ਨਖ਼ਰਾ ਬਦਲ ਜਾਂਦਾ ਹੈ, ਪੰਛੀਆਂ ਦੀ ਨਵੀਂ ਜਮਾਤ ਆ ਪੁੱਜਦੀ ਹੈ। ਸਾਰਾ ਕੁਝ ਜੋ ਅੱਖਾਂ ਦੇ ਸਾਹਮਣੇ ਵਰਤ ਰਿਹਾ ਹੁੰਦਾ ਹੈ, ਮਨ ਨੂੰ ਉਮੰਗ ਦੀਆਂ ਨਵੀਆਂ ਤਰੰਗਾਂ ਨਾਲ ਅਮੀਰ ਕਰਨ ਵਾਲਾ ਸਿੱਧ ਹੁੰਦਾ ਹੈ। ਸ੍ਰਿਸ਼ਟੀ ਦਾ ਸੁਹੱਪਣ ਮਨ ਨੂੰ ਪ੍ਰਸੰਨ ਕਰਦਾ ਹੈ। ਕਦੇ ਈਰਖਾ ਨਹੀਂ ਹੁੰਦੀ। ਸ੍ਰਿਸ਼ਟੀ ਪਰਮਾਤਮਾ ਦਾ ਕੌਤਕ ਹੈ। ਮਨ ਅੰਦਰ ਪਰਮਾਤਮਾ ਲਈ ਸ਼ੁਕਰਾਨੇ ਦਾ ਭਾਵ ਪੈਦਾ ਹੁੰਦਾ ਹੈ।

ਮਨੁੱਖੀ ਸਮਾਜ ਵੀ ਪਰਮਾਤਮਾ ਦੀ ਰਚੀ ਸ੍ਰਿਸ਼ਟੀ ਦਾ ਹੀ ਇੱਕ ਅੰਗ ਹੈ। ਪਰਮਾਤਮਾ ਨੇ ਵੱਖ- ਵੱਖ ਰੂਪ, ਰੰਗ ਦੇ ਮਨੁੱਖ ਰਚੇ ਹਨ ਤੇ ਹਰ ਮਨੁੱਖ ਨੂੰ ਆਪਣੀ ਸੁਗੰਧ, ਸੰਗੀਤ ਤੇ ਉਡਾਰੀ ਭਾਵ ਸਮਰੱਥਾ ਦਿੱਤੀ ਹੈ, ਪਰ ਜੋ ਮਨ ਸੂਰਜ, ਚੰਦਰਮਾ, ਤਾਰੇ, ਨਦੀਆਂ, ਪਹਾੜ, ਫ਼ੁੱਲ ਅਤੇ ਪੰਛੀ ਵੇਖ ਕੇ ਖ਼ੁਸ਼ ਹੁੰਦਾ ਹੈ, ਉਹ ਕਿਸੇ ਹੋਰ ਮਨੁੱਖ ਦੀ ਸ਼ਲਾਘਾ ਤੇ ਪ੍ਰਾਪਤੀ ਵੇਖ ਕੇ ਪ੍ਰਸੰਨ ਨਹੀਂ ਹੁੰਦਾ ਸਗੋਂ ਈਰਖਾ ਕਰਨ ਲੱਗਦਾ ਹੈ। ਮਨੁੱਖ ਦਾ ਇਹ ਵਿਵਹਾਰ ਕੁਦਰਤ ਦੇ ਅਸੂਲਾਂ ਦੇ ਵਿਰੁੱਧ ਹੁੰਦਾ ਹੈ। ਦੂਜੇ ਦੀ ਸਫ਼ਲਤਾ ਵਿੱਚ ਖੋਟ ਕੱਢਣਾ, ਨਿੰਦਾ, ਕੂੜ ਪ੍ਰਚਾਰ ਕਰਨਾ, ਅਹਿੱਤ ਕਰਨ ਦਾ ਯਤਨ ਕਰਨਾ ਆਮ ਹੁੰਦਾ ਜਾ ਰਿਹਾ ਹੈ। ਦਰਅਸਲ, ਇਹ ਪਰਮਾਤਮਾ ਦੇ ਨਿਆਂ ਨੂੰ ਚੁਣੌਤੀ ਦੇਣਾ ਹੈ, ਪਰਮਾਤਮਾ ਦੀ ਵਿਵਸਥਾ ਨਾਲ ਧ੍ਰੋਹ ਹੈ। ਦਾਤਾਂ ਦੇਣ ਵਾਲਾ ਪਰਮਾਤਮਾ ਹੈ। ਉਹ ਸੰਸਾਰ ਵਿੱਚ ਇੱਕੋ ਇੱਕ ਦਾਤਾ ਹੈ। ਸੰਪੂਰਨ ਸ੍ਰਿਸ਼ਟੀ ਦਾ ਕਣ ਕਣ, ਪਲ ਪਲ ਉਸ ਦੇ ਹੁਕਮ ਵਿੱਚ ਬੰਨ੍ਹਿਆ ਹੋਇਆ ਹੈ। ਉਹ ਕਿਸੇ ਨੂੰ ਵਡਿਆਈਆਂ ਦੇ ਰਿਹਾ ਹੈ, ਕਿਸੇ ਨੂੰ ਦੁੱਖ, ਸੋਗ ਅਤੇ ਮੁਸ਼ਕਲਾਂ ਦੇ ਰਿਹਾ ਹੈ। ਕਿਸੇ ਕੋਲੋਂ ਰਾਜ ਕਰਾ ਰਿਹਾ ਹੈ ਅਤੇ ਕਿਸੇ ਕੋਲੋਂ ਭੀਖ ਮੰਗਵਾ ਰਿਹਾ ਹੈ। ਪਰਮਾਤਮਾ ਦਾ ਨਿਆਂ ਪਰਮਾਤਮਾ ਹੀ ਜਾਣਦਾ ਹੈ ਕਿਉਂਕਿ ਉਸ ਕੋਲ ਮਨੁੱਖ ਦੇ ਜਨਮਾਂ ਜਨਮਾਂ ਦਾ ਲੇਖਾ ਹੈ। ਉਹ ਪੂਰਨ ਦ੍ਰਿਸ਼ਟੀ ਦਾ ਸੁਆਮੀ ਤੇ ਅੰਤਰਯਾਮੀ ਹੈ। ਜਦੋਂਕਿ ਮਨੁੱਖ ਦੀ ਦ੍ਰਿਸ਼ਟੀ ਅਤਿ ਸੀਮਤ ਤੇ ਨਿੱਜੀ ਸੁਆਰਥਾਂ ਕਾਰਨ ਸੋਚ ਤੰਗ ਹੋ ਗਈ ਹੈ। ਇਸ ਕਾਰਨ ਹੋਰਨਾਂ ਦੇ ਸੁੱਖ, ਸਫ਼ਲਤਾਵਾਂ ਮਨ ਅੰਦਰ ਈਰਖਾ ਦੇ ਭਾਂਬੜ ਬਾਲਣ ਦਾ ਕਾਰਨ ਬਣ ਜਾਂਦੀਆਂ ਹਨ। ਈਰਖਾ ਮਨੁੱਖ ਦੇ ਆਚਾਰ ਨੂੰ ਕਰੂਪ ਕਰਦੀ ਹੈ ਅਤੇ ਮਨ ਸੰਤਾਪ ਨਾਲ ਭਰਦੀ ਹੈ। ਮਨੁੱਖ ਦਾ ਜੋ ਸਮਾਂ ਆਪਣੇ ਹਿੱਤ ਲਈ ਲੱਗਣਾ ਸੀ, ਉਹ ਪਰਮਾਤਮਾ ਦੀ ਵਿਵਸਥਾ ਤੋਂ ਧ੍ਰੋਹ ਦਾ ਪਾਪ ਖੱਟਣ ਦੇ ਨਾਲ ਹੀ ਹੋਰਨਾਂ ਦੀ ਨਿੰਦਾ ਕਰਦਿਆਂ ਵਿਅਰਥ ਚਲਾ ਜਾਂਦਾ ਹੈ।





ਪਰਮਾਤਮਾ ਦੇ ਨਿਯਮ ਤੇ ਫ਼ੈਸਲੇ ਸਦਾ ਅਟਲ ਹੁੰਦੇ ਹਨ। ਉਸ ਨੇ ਕਿਸੇ ਨੂੰ ਵਡਿਆਈ ਬਖ਼ਸ਼ੀ ਹੈ, ਇਹ ਨਿਰੋਲ ਉਸ ਦਾ ਫ਼ੈਸਲਾ ਹੈ। ਮਨੁੱਖ ਦੀ ਈਰਖਾ, ਨਿੰਦਾ ਨਾ ਤਾਂ ਉਸ ਫ਼ੈਸਲੇ ਨੂੰ ਬਦਲ ਸਕਦੀ ਹੈ ਅਤੇ ਨਾ ਹੀ ਘੱਟ ਕਰ ਸਕਦੀ ਹੈ।

ਇਸ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਮਨੁੱਖ ਕੋਲ ਕੋਈ ਨੈਤਿਕ ਅਤੇ ਸਮਾਜਿਕ ਹੱਕ ਵੀ ਨਹੀਂ ਹੈ ਕਿ ਪਰਮਾਤਮਾ ਦੇ ਕਿਸੇ ਫ਼ੈਸਲੇ ਦੀ ਸਮੀਖਿਆ ਕਰ ਸਕੇ। ਪਰਮਾਤਮਾ ਨੇ ਮਨੁੱਖ ਨੂੰ ਜੋ ਕੁਝ ਵੀ ਦਿੱਤਾ, ਉਸ ਦੇ ਭਾਂਡੇ ਦੇ ਮੁਤਾਬਕ ਹੀ ਦਿੱਤਾ ਹੈ ਤਾਂ ਜੋ ਉਸ ਦੀਆਂ ਦਾਤਾਂ ਦੀ ਸਮਾਈ ਹੋ ਸਕੇ।

ਪਰਮਾਤਮਾ ਯੋਗ ਬਣਨ ਲਈ ਪਰਮਾਤਮਾ ਦੀ ਉਸਤਤ ਕਰਨਾ ਵੀ ਇੱਕ ਸ੍ਰੇਸ਼ਟ ਉੱਦਮ ਹੈ। ਮਨੁੱਖ ਪਰਮਾਤਮਾ ਦੀ ਮਹਿਮਾ, ਸ੍ਰਿਸ਼ਟੀ ਦੀ ਸੁੰਦਰਤਾ ਵਿੱਚ ਵੇਖਦਾ ਹੈ, ਉਸ ਦੀਆਂ ਦਾਤਾਂ ਵਿੱਚ ਵੇਖਦਾ ਹੈ ਤਾਂ ਪਰਮਾਤਮਾ ਲਈ ਸ਼ਰਧਾ ਪੈਦਾ ਹੁੰਦੀ ਹੈ। ਆਪਣੀਆਂ ਪ੍ਰਾਪਤੀਆਂ ਲਈ ਵੀ ਮਨੁੱਖ ਪਰਮਾਤਮਾ ਦਾ ਸ਼ੁਕਰ ਕਰਦਾ ਹੈ, ਉਸ ਦੀ ਕੀਰਤ ਦੇ ਸੋਹਲੇ ਗਾਉਂਦਾ ਹੈ। ਇਹੋ ਭਾਵਨਾ ਹੋਰਨਾਂ ਦੀਆਂ ਪ੍ਰਾਪਤੀਆਂ ਵੇਖ ਕੇ ਵੀ ਪੈਦਾ ਹੋਵੇ। ਸੰਸਾਰ ਅੰਦਰ ਕੁਝ ਵੀ ਭਲਾ ਹੋ ਰਿਹਾ ਹੈ, ਉਸ ਦਾ ਅਸਰ ਸਿੱਧੇ ਜਾਂ ਅਸਿੱਧੇ ਤੌਰ ’ਤੇ ਪੂਰੇ ਮਨੁੱਖੀ ਸਮਾਜ ’ਤੇ ਪੈਂਦਾ ਹੈ। ਪਰਮਾਤਮਾ ਸੰਸਾਰ ਨੂੰ ਜੋ ਦੇਣਾ ਚਾਹੁੰਦਾ ਹੈ, ਉਸ ਲਈ ਕਿਸੇ ਨਾ ਕਿਸੇ ਨੂੰ ਮਾਧਿਅਮ ਬਣਾਉਂਦਾ ਹੈ।

(ਬਾਕੀ ਸਫ਼ਾ 31 ’ਤੇ)

# ਘੜਾ ਚੁੱਕ ਲੂੰ ਮੌਣ 'ਤੇ ਰੱਖ ਕੇ ਵੇ ਖਸਮਾਂ ਨੂੰ ਖਾਣ ਕੁੜੀਆਂ

ਜੋਗਿੰਦਰ ਕੌਰ ਅਗਨੀਹੋਤਰੀ

ਮਨੁੱਖ ਅਤੇ ਮਿੱਟੀ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ। ਮਨੁੱਖ ਮਿੱਟੀ ਵਿੱਚ ਹੀ ਜੰਮਿਆ ਅਤੇ ਖੇਡਿਆ ਹੈ। ਮਿੱਟੀ ਅਜਿਹੀ ਤਾਕਤਵਰ ਹੈ ਕਿ ਮਨੁੱਖ ਦੇ ਜਿਉਂਦੇ ਰਹਿਣ 'ਚ ਇਹ ਸਹਾਈ ਹੁੰਦੀ ਹੈ। ਧਰਤੀ ਉੱਤੇ ਤੁਰਨ ਲਈ ਮਿੱਟੀ ਦੇ ਕਣਾਂ ਕਰ ਕੇ ਹੀ ਅਸੀਂ ਅਗਾਂਹ ਕਦਮ ਪੁੱਟਦੇ ਹਾਂ। ਢਿੱਡ ਭਰਨ ਲਈ ਅੰਨ ਵੀ ਮਿੱਟੀ ਵਿੱਚ ਹੀ ਉੱਗਦਾ ਹੈ। ਮਨੁੱਖ ਦੇ ਜਿਉਂਦੇ ਰਹਿਣ ਲਈ ਰੁੱਖਾਂ ਦਾ ਵੀ ਬਹੁਤ ਯੋਗਦਾਨ ਹੈ ਪਰ ਇਹ ਸਭ ਮਿੱਟੀ ਕਰ ਕੇ ਹੀ ਸੰਭਵ ਹੈ। ਰੁੱਖ ਵੀ ਮਿੱਟੀ ਵਿੱਚ ਪੈਦਾ ਹੁੰਦੇ ਹਨ। ਧਰਤੀ ਨੂੰ ਮਾਤਾ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਮਨੁੱਖ ਦੀਆਂ ਅਣਗਿਣਤ ਲੋੜਾਂ ਨੂੰ ਪੂਰੀਆਂ ਕਰਦੀ ਹੈ। ਮਿੱਟੀ ਦਾ ਸਾਡੇ ਜੀਵਨ ਵਿੱਚ ਅਹਿਮ ਯੋਗਦਾਨ ਹੈ।

ਪਾਣੀ ਵਰਗੀ ਅਨਮੋਲ ਦਾਤ ਨੂੰ ਸੰਭਾਲਣ ਲਈ ਮਿੱਟੀ ਦਾ ਘੜਾ ਮਹੱਤਵਪੂਰਨ ਪਾਤਰ ਹੈ। ਘੜੇ ਨੂੰ ਬਣਾਉਣ ਲਈ ਮਹਾਨ ਕਾਰੀਗਰ ਕੁੰਭਕਾਰ ਦਾ ਮਹੱਤਵਪੂਰਨ ਯੋਗਦਾਨ ਹੈ। ਜਿਸ ਦੀ ਕਾਰਜ-ਕੁਸ਼ਲਤਾ ਦਾ ਪ੍ਰਤੱਖ ਪ੍ਰਮਾਣ ਕੁੰਭ ਭਾਵ ਘਾੜਾ ਕੁੰਭਕਾਰ ਦੁਆਰਾ ਬਣਾਇਆ ਗਿਆ। ਕੁੰਭਕਾਰ ਸ਼ਬਦ ਤੋਂ ਵਿਗੜ ਕੇ ਨਵਾਂ ਸ਼ਬਦ ਹੋਂਦ ਵਿੱਚ ਆਇਆ ਜਿਸ ਨੂੰ ਹਿੰਦੀ 'ਚ ਕੁਮਹਾਰ ਤੇ ਪੰਜਾਬੀ ਵਿੱਚ ਘੁਮਿਆਰ ਕਿਹਾ ਜਾਂਦਾ ਹੈ। ਗਰਮੀ ਚੜ੍ਹਦਿਆਂ ਹੀ ਘੜੇ ਵਰਗੇ ਮਹੱਤਵਪੂਰਨ ਭਾਂਡੇ ਦੀ ਲੋੜ ਮਹਿਸੂਸ ਹੁੰਦੀ ਹੈ। ਦੇਸੀ ਮਹੀਨਿਆਂ ਮੁਤਾਬਿਕ ਜਾਂ ਬਿਕਰਮੀ ਸੰਮਤ ਅਨੁਸਾਰ ਹਿੰਦੂ ਰਹਿਤ ਮੁਤਾਬਕ ਨਵਾਂ ਸੰਮਤ ਸ਼ੁਰੂ ਹੋਣ 'ਤੇ ਘਰ ਵਿੱਚ ਨਵਾਂ ਘੜਾ ਭਰਿਆ ਜਾਂਦਾ ਹੈ। ਇਸ ਨੂੰ ਚੰਗਾ ਸ਼ਗਨ ਸਮਝ ਕੇ ਭਰਿਆ ਜਾਂਦਾ ਹੈ। ਘਰ ਵਿੱਚ ਪਾਣੀ ਦਾ ਭਰਿਆ ਘੜਾ ਵੱਸਦੇ ਘਰ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਜਿਸ ਘਰ 'ਚ ਸਿਰਫ਼ ਮਰਦ ਮੈਂਬਰ ਹੀ ਹੋਣ,ਉਨ੍ਹਾਂ ਦੇ ਘੜੇ ਖ਼ਾਲੀ ਵੀ ਰਹਿ ਜਾਂਦੇ ਹਨ-

ਚੁੱਲ੍ਹੇ ਅੱਗ ਨਾ, ਘੜੇ ਵਿੱਚ ਪਾਣੀ,
ਛੜਿਆਂ ਦੀ ਜੂਨ ਬੁਰੀ।

ਬਹੁਤ ਸਮਾਂ ਪਹਿਲਾਂ ਘਰਾਂ ਵਿੱਚ ਕਈ-ਕਈ ਘੜੇ ਰਿੜਕਣੇ ਮੱਟੀਆਂ ਤੇ ਮੱਟ ਪਾਣੀ ਦੇ ਭਰੇ ਹੁੰਦੇ ਸਨ। ਇਕ ਮੱਟੀ ਵਿੱਚ ਤਿੰਨ ਘੜੇ ਪਾਣੀ ਦੇ ਪੈਂਦੇ ਹਨ ਤੇ ਮੱਟ ਵਿੱਚ ਉਸਦੇ ਆਕਾਰ ਮੁਤਾਬਿਕ ਪਾਣੀ ਪੈਂਦਾ ਹੈ। ਠੰਡਾ ਪਾਣੀ ਰੱਖਣ ਲਈ ਘੜਿਆਂ ਨੂੰ ਕੱਕੇ ਰੇਤ ਉੱਤੇ ਰੱਖਿਆ ਜਾਂਦਾ ਤੇ ਇਨ੍ਹਾਂ ਦੁਆਲੇ ਬੋਰੀ (ਜੂਟ ਦੀ) ਪਾੜ ਕੇ ਲਪੇਟੀ ਜਾਂਦੀ ਤਾਂ ਕਿ ਲੋਅ ਦਾ ਅਸਰ ਨਾ ਪਵੇ। ਜੇਠ ਹਾੜ੍ਹ ਦੀਆਂ ਲੋਆਂ ਤੋਂ ਇਨ੍ਹਾਂ ਭਾਂਡਿਆਂ ਨੂੰ ਬਚਾਉਣਾ ਸਿਆਣਪ ਮੰਨੀ ਜਾਂਦੀ ਸੀ। ਅਜਿਹੇ ਭਾਂਡੇ ਲਗਪਗ ਇੱਕ ਸਾਲ ਤੱਕ ਰੱਖੇ ਜਾਂਦੇ ਅਤੇ ਨਵਾਂ ਸਾਲ ਚੜ੍ਹਨ 'ਤੇ ਨਵੇਂ ਭਾਂਡੇ ਲਾਏ ਜਾਂਦੇ। ਇਨ੍ਹਾਂ ਖ਼ਾਲੀ ਕੀਤੇ ਭਾਂਡਿਆਂ ਨੂੰ ਘਰ 'ਚ ਸੰਭਾਲ ਕੇ ਰੱਖਿਆ ਜਾਂਦਾ। ਵਰਤੇ ਹੋਏ ਮਿੱਟੀ ਦੇ ਭਾਂਡਿਆਂ ਨੂੰ ਰੂੜ੍ਹੇ ਭਾਂਡੇ ਕਿਹਾ ਜਾਂਦਾ ਹੈ। ਨਵੇਂ ਘੜਿਆਂ ਜਾਂ ਤੌੜਿਆਂ ਨੂੰ ਕੋਰੇ ਤੌੜੇ ਕਿਹਾ ਜਾਂਦਾ ਹੈ।

ਸੁੱਕੀਆਂ ਚੀਜ਼ਾਂ ਸੰਭਾਲਣ ਵਾਸਤੇ ਘੜੇ ਦੀ ਵਰਤੋ

ਸੁੱਕੀਆਂ ਦਾਲਾਂ ਤੇ ਸੇਵੀਆਂ ਵੀ ਘੜੇ 'ਚ ਸਾਂਭ ਕੇ ਰੱਖੀਆਂ ਜਾਂਦੀਆਂ ਸਨ। ਗਰਮੀ ਵਿੱਚ ਹੋਣ ਵਾਲੀਆਂ ਸਬਜ਼ੀਆਂ ਨੂੰ ਵੀ ਸੁਕਾ ਕੇ ਰੱਖਿਆ ਜਾਂਦਾ ਹੈ ਜਿਵੇਂ, ਗੁਆਰੇ ਦੀਆਂ ਫਲੀਆਂ,ਟਿੰਢੀਆਂ ਭਾਵ ਟੀਂਡੇ, ਜੰਡਾਂ ਦੀਆਂ ਫਲੀਆਂ ਪੱਕੀਆਂ ਵੀ ਤੇ ਕੱਚੀਆਂ ਵੀ। ਕੱਚੀਆਂ ਭਾਵ ਹਰੀਆਂ ਫਲੀਆਂ ਨੂੰ ਕੱਟ ਕੇ ਸੁਕਾਉਣ ਤੋਂ ਬਾਅਦ ਉਨ੍ਹਾਂ ਨੂੰ ਸੰਭਾਲਿਆ ਜਾਂਦਾ ਹੈ ਕਿਉਂਕਿ ਇਹ ਫਲੀਆਂ ਮਨੁੱਖ ਦੀ ਅੰਦਰੂਨੀ ਗਰਮੀ ਨੂੰ ਦੂਰ ਕਰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਲੋੜ ਵੇਲੇ ਉਬਾਲ ਕੇ ਰਾਇਤੇ ਵਿੱਚ ਪਾਇਆ ਜਾਂਦਾ ਹੈ। ਜੰਡਾਂ ਦੀਆਂ ਸੁੱਕੀਆਂ ਫਲੀਆਂ ਨੂੰ ਖੋਖੇ ਕਿਹਾ ਜਾਂਦਾ ਹੈ। ਉਹ ਵੀ ਸੰਭਾਲ ਕੇ ਰੱਖੇ ਜਾਂਦੇ ਹਨ।


ਦੁੱਧ ਕਾੜ੍ਹਨ ਲਈ ਛੋਟੇ ਘੜੇ ਤੋਂ ਹੀ ਕਾੜ੍ਹਨੀ ਤਿਆਰ ਕਰਨਾ ਛੋਟੇ ਘੜੇ ਨੂੰ ਪਹਿਲਾਂ ਠੰਡੇ ਪਾਣੀ ਲਈ ਵਰਤਿਆ ਜਾਂਦਾ ਹੈ ਤੇ ਉਸ ਤੋਂ ਬਾਅਦ ਉਸ ਨੂੰ ਰੂੜ੍ਹਾ ਹੋਣ 'ਤੇ ਉਸਦੀ ਯੋਗ ਵਰਤੋਂ ਕਰਨ ਲਈ ਉਸ ਨੂੰ ਮਾਹਿਆ ਜਾਂਦਾ ਹੈ। ਉਸ ਨੂੰ ਮਾਹਣ ਲਈ ਪਾਣੀ ਵਿੱਚ ਗੁੜ ਤੇ ਕੁਝ ਚੌਲ ਪਾ ਕੇ ਹਾਰੇ ਵਿੱਚ ਗੋਹਿਆਂ ਦੀ ਅੱਗ ਉੱਤੇ ਗਰਮ ਕੀਤਾ ਜਾਂਦਾ ਹੈ ਜਾਂ ਕਈ ਵਾਰ ਉਸ ਵਿੱਚ ਛੋਲੇ ਵੀ ਰਿੰਨ੍ਹਣ ਲਈ ਰੱਖੇ ਜਾਂਦੇ ਹਨ। ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਇਹ ਕਾੜ੍ਹਨੀ ਅੰਦਰੋਂ-ਬਾਹਰੋਂ ਤਿਆਰ ਹੋ ਜਾਵੇ ਤੇ ਉਸਦਾ ਹੇਠਲਾ ਹਿੱਸਾ ਗੋਹਿਆਂ ਦੀ ਅੱਗ ਦੇ ਸੇਕ ਤੇ ਧੂੰਏਂ ਨਾਲ ਹੇਠਾਂ ਤੋਂ ਅੱਗ ਸਹਿਣ ਦੇ ਯੋਗ ਹੋ ਜਾਵੇ। ਇਸ ਤਰ੍ਹਾਂ ਦੀਆਂ ਕੁਝ ਗੱਲਾਂ ਸਾਡੇ ਸੱਭਿਆਚਾਰ 'ਚ ਇਸ ਤਰ੍ਹਾਂ ਸਮਾਈਆਂ ਹਨ ਕਿ ਲੋਕ ਗੀਤਾਂ ਵਿੱਚ ਵੀ ਇਹ ਅਣਛੋਹੀਆਂ ਨਹੀਂ ਰਹਿ ਸਕੀਆਂ। ਇਸ ਦੀ ਵਰਤੋਂ ਨਾ ਕਰਨ ਵਾਲਿਆਂ ਉੱਤੇ ਵੀ ਕਟਾਖਸ਼ ਇੰਝ ਕੀਤਾ ਜਾਂਦਾ ਹੈ-

'ਆਉਂਦੀ ਕੁੜੀਏ, ਜਾਂਦੀ ਕੁੜੀਏ,
ਮਾਹਾ ਲੈ ਕੋਰੀ ਤੌੜੀ।
ਕਰੇਲੇ ਉਬਲ ਜਾਣਗੇ
ਭਾਗ ਛੜਿਆਂ ਦੇ ਮਾੜੇ
ਨੀ ਪਿੰਡੋਂ ਉਜੜ ਜਾਣਗੇ।'




ਅੱਜ ਤੋਂ ਕੁਝ ਸਮਾਂ ਪਹਿਲਾਂ ਪਾਣੀ ਦੀ ਬੜੀ ਕਿੱਲਤ ਹੁੰਦੀ ਸੀ। ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਖ਼ੂਹ ਹੀ ਸਨ। ਖ਼ੂਹ 'ਚੋਂ ਪਾਣੀ ਕੱਢਣ ਲਈ ਡੋਲ ਅਤੇ ਬੋਕੇ ਦੀ ਵਰਤੋਂ ਕੀਤੀ ਜਾਂਦੀ ਸੀ। ਕੁਝ ਘਰਾਂ 'ਚ ਉਨ੍ਹਾਂ ਦੀਆਂ ਆਪਣੀਆਂ ਖ਼ੂਹੀਆਂ ਵੀ ਸਨ। ਔਰਤਾਂ ਵਿੱਚ ਘੜਾ ਚੱਕਣ ਦੀ ਮੁਹਾਰਤ ਇਹੋ ਜਿਹੀ ਸੀ ਕਿ ਉਹ ਇਹ ਨੂੰ ਸਿਰ 'ਤੇ ਟਿਕਾ ਕੇ ਆਰਾਮ ਨਾਲ ਹੱਥ ਛੱਡ ਕੇ ਘਰਾਂ ਨੂੰ ਆਉਂਦੀਆਂ ਸਨ। ਕਈ ਵਾਰ ਇੱਕ ਘੜਾ ਸਿਰ 'ਤੇ ਅਤੇ ਇੱਕ ਢਾਕ 'ਤੇ ਲਾ ਕੇ ਲਿਆਂਦਾ ਜਾਂਦਾ ਸੀ। ਇਸ ਸਮੇਂ ਔਰਤਾਂ ਨੂੰ ਬਹੁਤ ਸੰਘਰਸ਼ ਕਰਨਾ ਪਿਆ ਪਰ ਨਲਕਾ ਯੁੱਗ ਆਉਣ 'ਤੇ ਪਾਣੀ ਭਾਵੇਂ ਆਸਾਨੀ ਨਾਲ ਭਰਿਆ ਜਾ ਸਕਦਾ ਸੀ ਲੇਕਿਨ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਦਾ ਜੋ ਸਾਧਨ ਉਸ ਸਮੇਂ ਉਨ੍ਹਾਂ ਨੂੰ ਮਿਲਿਆ ਹੋਇਆ ਸੀ, ਉਹ ਬੰਦ ਹੋ ਗਿਆ। ਔਰਤਾਂ ਨੇ ਨਲਕੇ ਦੇ ਆਉਣ ਨੂੰ ਆਪਣੀ ਨਿੱਜੀ ਆਜ਼ਾਦੀ ਵਿੱਚ ਵਿਘਨ ਮੰਨਿਆ ਕਿਉਂਕਿ ਉਨ੍ਹਾਂ ਕੋਲ ਹੱਸਣ ਖੇਡਣ ਦਾ ਇਹ ਮੌਕਾ ਹੱਥੋਂ ਖੁੰਝ ਚੁੱਕਾ ਸੀ। ਸਵੇਰ ਵੇਲੇ ਪਾਣੀ ਭਰਦਿਆਂ ਕਈ ਵਾਰ ਉਹ ਭਜਨ ਗਾਉਂਦੀਆਂ ਜਾਂਦੀਆਂ ਅਤੇ ਕਿਸੇ ਸਮੇਂ ਉਹ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਗੀਤ ਵੀ ਗਾਉਂਦੀਆਂ। ਕਈ ਵਾਰ ਮਨਚਲੇ ਕੁੜੀਆਂ ਨੂੰ ਦੇਖ ਕੇ ਕਿਸੇ ਕੁੜੀ ਵੱਲ ਇਸ਼ਾਰਾ ਕਰਕੇ ਇਹ ਵੀ ਕਹਿ ਦਿੰਦੇ ਕਿ ਇਸ ਨੂੰ ਘੜਾ ਨਾ ਚਕਾਇਓ। ਇਸ ਬਾਰੇ ਗੀਤ ਰਾਹੀਂ ਕਿਹਾ ਜਾਂਦਾ

'ਨੀ ਘੜਾ ਨਾ ਚਕਾਇਓ ਕੁੜੀਓ,
ਇਹਦੀ ਪਿੰਡ 'ਚ ਮਲਾਜੇਦਾਰੀ।'



ਕੁੜੀ ਵੀ ਅੱਗੋਂ ਘੱਟ ਨਹੀਂ ਸੀ ਹੁੰਦੀ ਉਸਨੂੰ ਵੀ ਜਵਾਬ ਦੇਣ ਦਾ ਵੱਲ ਹੁੰਦਾ। ਉਹ ਵੀ ਬੜੇ ਸੁਲਝੇ ਸ਼ਬਦਾਂ ਵਿੱਚ ਉੱਤਰ ਦੇ ਦਿੰਦੀ-

'ਘੜਾ ਚੁੱਕ ਲੂੰ ਮੌਨ 'ਤੇ ਰੱਖ ਕੇ,
ਵੇ ਖ਼ਸਮਾਂ ਨੂੰ ਖਾਣ ਕੁੜੀਆਂ।'

ਉਦੋਂ ਕੁੜੀਆਂ ਲਈ ਘੜਾ ਜਾਂ ਤੌੜਾ ਚੁੱਕਣਾ ਕੋਈ ਅਲੋਕਾਰੀ ਗੱਲ ਨਹੀਂ ਸੀ ਕਿਉਂਕਿ ਉਸ ਟਾਈਮ ਤਾਂ ਕਈ ਵਾਰ ਕੁੜੀਆਂ ਸਿਰ ਉੱਤੇ ਘੜਾ ਚੁੱਕ ਕੇ ਆਪਣੇ ਭਤੀਜੇ ਜਾਂ ਭਤੀਜੀ ਨੂੰ ਗੋਦੀ ਚੁੱਕ ਕੇ ਜਿਸ ਨੂੰ ਢਾਕੇ ਲਾਉਣਾ ਵੀ ਕਿਹਾ ਜਾਂਦਾ ਹੈ, ਲੈ ਕੇ ਪਾਣੀ ਭਰਨ ਜਾਂਦੀਆਂ ਸਨ।

ਸੇਵੀਆਂ ਵੱਟਣ ਲਈ ਰੂੜ੍ਹੇ ਤੌੜਿਆਂ ਦੀ ਵਰਤੋਂ

ਸਾਡੇ ਸੱਭਿਆਚਾਰ ਵਿੱਚ ਮਿੱਠੇ ਪਦਾਰਥਾਂ ਵਿੱਚ ਸੇਵੀਆਂ ਦਾ ਬਹੁਤ ਮਹੱਤਵ ਹੈ ਤੇ ਸੇਵੀਆਂ ਮਨ ਚਾਹਿਆ ਪਕਵਾਨ ਹੈ। ਸੇਵੀਆਂ ਤਿੰਨ ਤਰ੍ਹਾਂ ਨਾਲ ਪਕਾਈਆਂ ਜਾਂਦੀਆਂ ਹਨ। ਗੁੜ ਦੇ ਗੁੜਾਣੇ ਵਾਲੀਆਂ ਸੇਵੀਆਂ, ਖੰਡ ਵਾਲੀਆਂ ਸੇਵੀਆਂ, ਦੁੱਧ ਵਾਲੀਆਂ ਮਿੱਠੀਆਂ ਸੇਵੀਆਂ। ਘਰ ਆਏ ਮਹਿਮਾਨ ਲਈ ਮਿੱਠਾ ਬਣਾਉਣਾ ਪੇਂਡੂ ਸੱਭਿਆਚਾਰ ਦੀ ਰੀਤ ਹੈ। ਖੀਰ, ਮਿੱਠੀਆਂ ਸੇਵੀਆਂ ਤੇ ਕੜਾਹ ਬਣਾ ਕੇ ਮਹਿਮਾਨ ਦਾ ਆਦਰ ਕੀਤਾ ਜਾਂਦਾ ਹੈ। ਜੇਕਰ ਕਿਸੇ ਵਿਅਕਤੀ ਦੇ ਸੱਟ ਵੱਜੀ ਹੋਵੇ ਤਾਂ ਉਸ ਨੂੰ ਦੁੱਧ ਵਿੱਚ ਸੇਵੀਆਂ ਪਾ ਕੇ ਖਵਾਈਆਂ ਜਾਂਦੀਆਂ ਹਨ ਅਤੇ ਕਈ ਵਾਰ ਤਾਜ਼ੀ ਪੇੜੀ ਵੱਟ ਕੇ ਵੀ ਸੇਵੀਆਂ ਬਣਾਈਆਂ ਜਾਂਦੀਆਂ ਹਨ। ਲੋਕ ਅਖਾਣ ਮੁਤਾਬਕ ਕਿਹਾ ਜਾਂਦਾ ਹੈ ਕਿ 'ਖਾਣਾ ਆਪ ਅਤੇ ਨਾ ਪਿੱਤਰਾਂ ਦਾ', ਦੇ ਵਿਚਾਰ ਅਨੁਸਾਰ ਸੇਵੀਆਂ ਗੁਗਾ ਨੌਮੀ ਦਾ ਮੱਥਾ ਟੇਕਣ ਤੋਂ ਇਕ ਦਿਨ ਪਹਿਲਾਂ ਵੱਟੀਆਂ ਜਾਂਦੀਆਂ ਹਨ।

ਰੂਹੜੇ ਤੌੜਿਆਂ ਉੱਤੇ ਘਿਉ ਜਾਂ ਤੇਲ ਦਾ ਹੱਥ ਲਾ ਕੇ ਸੇਵੀਆਂ ਵੱਟੀਆਂ ਜਾਂਦੀਆਂ ਅਤੇ ਫਿਰ ਉਨ੍ਹਾਂ ਗੁੱਛਿਆਂ ਨੂੰ ਕਰੀਰ ਦੀਆਂ ਢਿਗਰੀਆਂ ਉੱਤੇ ਸੁੱਟਿਆ ਜਾਂਦਾ। ਇਹ ਸੇਵੀਆਂ ਦੋ ਤਿੰਨ ਦਿਨਾਂ ਵਿੱਚ ਵਧੀਆਂ ਸੁੱਕ ਜਾਂਦੀਆਂ। ਸੇਵੀਆਂ ਮੈਦੇ ਦੀਆਂ ਵੱਟੀਆਂ ਜਾਂਦੀਆਂ ਹਨ ਪ੍ਰੰਤੂ ਅੱਜ ਕੱਲ੍ਹ ਮਸ਼ੀਨਾਂ ਵਾਲੇ ਕਣਕ ਦੇ ਆਟੇ ਦੀਆਂ ਸੇਵੀਆਂ ਵੀ ਵੱਟਦੇ ਹਨ। ਪਹਿਲਾਂ ਘਰਾਂ ਵਿੱਚ ਜ਼ਿਆਦਾ ਸੇਵੀ ਵੱਟਣ ਲਈ ਜਿੰਦੀ ਜਾਂ ਜੰਦ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਮਸ਼ੀਨਾਂ ਦੀ ਵਰਤੋਂ ਹੱਥਾਂ ਨਾਲ ਕੀਤੀ ਜਾਂਦੀ ਸੀ।

ਟੁੱਟੇ ਹੋਏ ਤੌੜਿਆਂ ਦੀ ਵਰਤੋਂ

ਸੁਗੜ ਔਰਤਾਂ ਟੁੱਟੇ ਹੋਏ ਘੜਿਆਂ ਦੇ ਗਲੇ ਜਿਨ੍ਹਾਂ ਨੂੰ ਕਰੀਡਲ ਵੀ ਕਿਹਾ ਜਾਂਦਾ ਹੈ, ਉਸ ਦੀ ਵੀ ਵਰਤੋਂ ਕਰਦੀਆਂ ਸਨ। ਇਸ ਉੱਤੇ ਚੋਲਾ ਵੀ ਬਣਾ ਲੈਂਦੀਆਂ ਸਨ ਅਤੇ ਹਾਰਾ ਵੀ। ਚੱਕਵਾਂ ਚੁੱਲਾ ਤੇ ਚਕਵਾਂ ਹਾਰਾ ਕਿਹਾ ਜਾਂਦਾ ਹੈ। ਪੀੜ੍ਹ-ਦਰ-ਪੀੜ੍ਹੀ ਚੱਲੀ ਆ ਰਹੀ ਰਿਵਾਇਤ ਅਨੁਸਾਰ ਜਦੋਂ ਵੀ ਕੋਈ ਨਵਾਂ ਘਰ ਪਾਇਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਘਰ ਦੇ ਵਿਚ ਪਾਣੀ ਦਾ ਘੜਾ ਰੱਖਿਆ ਜਾਂਦਾ ਹੈ। ਸਨਾਤਨ ਧਰਮ ਅਨੁਸਾਰ ਪਾਠ ਪੂਜਾ ਕਰਨ ਵੇਲੇ ਪਾਣੀ ਦਾ ਘੜਾ ਰੱਖਿਆ ਜਾਂਦਾ ਹੈ ਜਿਸ ਨੂੰ ਕਲਸ਼ ਕਿਹਾ ਜਾਂਦਾ ਹੈ ਅਤੇ ਸਿੱਖ ਧਰਮ ਅਨੁਸਾਰ ਸਹਿਜ ਪਾਠ ਕਰਵਾਉਣ ਵੇਲੇ ਜਾਂ ਅਖੰਡ ਪਾਠ ਵੇਲੇ ਵੀ ਕੁੰਭ ਭਰ ਕੇ ਰੱਖਿਆ ਜਾਂਦਾ ਹੈ। ਮੁਰਦੇ ਦਾ ਸਸਕਾਰ ਕਰਨ ਤੋਂ ਪਹਿਲਾਂ ਘੜਾ ਭੰਨਿਆ ਜਾਂਦਾ ਹੈ ਸ਼ਾਇਦ ਇਸ ਦਾ ਮਤਲਬ ਇਹ ਹੈ ਕਿ ਹੁਣ ਇਸ ਆਦਮੀ ਦਾ ਅੰਨ ਜਲ ਖ਼ਤਮ ਹੋ ਚੁੱਕਿਆ ਹੈ।

ਕਣਕਾਂ ਪੱਕਣ 'ਤੇ ਜਦੋਂ ਵਾਢੀ ਸ਼ੁਰੂ ਹੋ ਜਾਂਦੀ ਹੈ ਤਾਂ ਪਿੰਡ ਦੇ ਘੁਮਿਆਰ ਹਾੜੀ ਵੱਢਣ ਵਾਲਿਆਂ ਵਾਸਤੇ ਘੜੇ ਲੈ ਕੇ ਜਾਂਦੇ ਹਨ ਤਾਂ ਇਸ ਦੇ ਬਦਲੇ ਵਿੱਚ ਉਨ੍ਹਾਂ ਨੂੰ ਕਣਕ ਦਾ ਲਾਂਗਾ ਦਿੱਤਾ ਜਾਂਦਾ ਸੀ ਪਰ ਅੱਜ ਕੱਲ੍ਹ ਕੰਬਾਈਨਾਂ ਨਾਲ ਕਟਾਈ ਹੋਣ ਕਰ ਕੇ ਦਾਣੇ ਹੀ ਪਾ ਦਿੱਤੇ ਜਾਂਦੇ ਹਨ। ਪਿੰਡਾਂ ਵਿੱਚ ਪਹਿਲਾਂ ਘੜੇ ਜਾਂ ਹੋਰ ਮਿੱਟੀ ਦੇ ਭਾਂਡੇ ਲਿਆਉਣ ਬਦਲੇ ਕਮਿਆਰਾ ਨੂੰ ਸੇਪੀ ਦੇ ਦਾਣੇ ਦਿੱਤੇ ਜਾਂਦੇ ਸਨ ਜੋ ਸਵਾ ਹਾੜੀ ਅਤੇ ਸਵਾ ਮਣ ਸਾਉਣੀ। ਇਸ ਤਰ੍ਹਾਂ ਲੋਕ ਲੋੜ ਪੈਣ 'ਤੇ ਕਮਰਾ ਦੋ ਭਾਂਡੇ ਲੈ ਆਉਂਦੇ ਸਨ। ਘੜਿਆਂ ਤੋਂ ਇਲਾਵਾ ਤੌੜੇ ਤੌੜੀਆਂ, ਕੁੱਜੇ, ਬਠਲੇ, ਚਾਪੜ, ਕਨਾਲੀਆਂ ਆਦਿ।

ਦਿਵਾਲੀ ਦੇ ਚੂੰਗੜੇ, ਕਰਵਾ ਚੌਥ ਦੇ ਵਰਤ ਲਈ ਕਰਵੇ ਤੇ ਅਹੋਈ ਅਸ਼ਟਮੀ ਦੇ ਵਰਤ ਵੇਲੇ ਝੱਕਰੀਆਂ ਦੇਣ ਵੇਲੇ ਘਰੋਂ ਖਾਲੀ ਨਹੀਂ ਮੋੜਿਆ ਜਾਂਦਾ ਬਲਕਿ ਜੇ ਕਿਸੇ ਘਰ ਲੜਕਾ ਹੋਇਆ ਹੋਵੇ ਤਾਂ ਦਾਨਿਆਂ ਤੇ ਗੁੜ ਦੇ ਨਾਲ-ਨਾਲ ਸੂਟ ਵੀ ਦਿੱਤਾ ਜਾਂਦਾ ਹੈ। ਮਿੱਟੀ ਦੇ ਬਰਤਨ ਬਣਾਉਣਾ ਕੋਈ ਆਸਾਨ ਕੰਮ ਨਹੀਂ। ਪਹਿਲਾਂ ਕਾਲੀ ਮਿੱਟੀ ਲਿਆ ਕੇ ਉਸ ਨੂੰ ਕੁੱਟ ਕੇ ਛਾਣਿਆ ਜਾਂਦਾ ਹੈ। ਫਿਰ ਉਸ ਨੂੰ ਗੁੰਨ੍ਹ ਕੇ ਮੁਲਾਇਮ ਕੀਤਾ ਜਾਂਦਾ ਹੈ ਤੇ ਉਸ ਤੋਂ ਬਾਅਦ ਉਸ ਨੂੰ ਚੱਕ 'ਤੇ ਚੜ੍ਹ ਕੇ ਬਰਤਨ ਘੜੇ ਤਿਆਰ ਕੀਤੇ ਜਾਂਦੇ ਹਨ। ਇੰਨੀ ਮਿਹਨਤ ਨਾਲ ਪਕਾਏ ਇਹ ਘੜੇ ਮਨੁੱਖ ਦੀ ਪਿਆਸ ਬੁਝਾਉਣ ਵਿੱਚ ਸਹਾਈ ਹੁੰਦੇ ਹਨ।

ਰੂੜ੍ਹੇ ਭਾਂਡਿਆਂ ਦੀ ਵਰਤੋਂ

ਇਹ ਰੂੜ੍ਹੇ ਭਾਂਡੇ ਬਹੁਤ ਕੰਮ ਦੀ ਚੀਜ਼ ਹਨ। ਇਨ੍ਹਾਂ ਵਿੱਚ ਤੌੜੀਆਂ, ਤੌੜੇ ਅਤੇ ਰਿੜਕਣਿਆਂ ਨੂੰ ਵੱਖ-ਵੱਖ ਚੀਜ਼ਾਂ ਦੇ ਲਈ ਵਰਤਿਆ ਜਾਂਦਾ ਹੈ। ਰਿੜਕਣਿਆਂ ਵਿੱਚ ਭਿੰਨ-ਭਿੰਨ ਕਿਸਮ ਦੇ ਅਚਾਰ ਪਾਏ ਜਾਂਦੇ। ਜਿਵੇਂ ਨਿੰਬੂ ਦਾ ਅਚਾਰ, ਮਿਰਚਾਂ ਦਾ ਅਚਾਰ, ਅਦਰਕ ਦਾ ਅਚਾਰ,ਗਲਗਲ ਦਾ ਅਚਾਰ , ਡੇਲਿਆਂ ਦਾ ਅਚਾਰ, ਤੁੱਕਿਆਂ ਦਾ ਅਚਾਰ ,ਅੰਬ ਦਾ ਅਚਾਰ ਆਦਿ। ਇਸ ਤੋਂ ਬਿਨਾਂ ਰਿੜਕਣਿਆਂ ਨੂੰ ਦੁੱਧ ਜਮਾਉਣ ਅਤੇ ਰਿੜਕਣ ਲਈ ਵੀ ਵਰਤਿਆ ਜਾਂਦਾ। ਰਿੜਕਣੇ ਨੂੰ ਢੱਕਣ ਲਈ ਪਹਿਲਾਂ ਇਸ ਉੱਤੇ ਵਲਣੀ ਦਿੱਤੀ ਜਾਂਦੀ ਸੀ ਤੇ ਉਸ ਤੋਂ ਬਾਅਦ ਚੱਪਣ ਦਿੱਤਾ ਜਾਣ ਲੱਗਾ। ਵਲਣੀ ਗੋਲ ਅਤੇ ਡੂੰਘਾਈ ਵਾਲਾ ਭਾਂਡਾ ਹੁੰਦਾ ਸੀ। ਸੁਕੀਆਂ ਚੀਜ਼ਾਂ ਲਈ ਘੜੇ ਦੀ ਵਰਤੋਂ ਰੂੜ੍ਹੇ ਭਾਂਡਿਆਂ ਨੂੰ ਸੁੱਕੀਆਂ ਚੀਜ਼ਾਂ ਸੰਭਾਲਣ ਲਈ ਵਰਤਿਆ ਜਾਂਦਾ ਸੀ ਕਿਉਂਕਿ ਉਸ ਸਮੇਂ ਸਟੀਲ ਅਤੇ ਪਲਾਸਟਿਕ ਨਹੀਂ ਹੁੰਦਾ ਸੀ। ਘੜਿਆਂ ਵਿੱਚ ਸੁੱਕੀਆਂ ਦਾਲਾਂ, ਸੇਵੀਆਂ, ਗਰਮ ਅਤੇ ਸਰਦੀ ਦੀਆਂ ਸੁਕਾਈਆਂ ਸਬਜ਼ੀਆਂ ਸਾਂਭ ਕੇ ਰੱਖੀਆਂ ਜਾਂਦੀਆਂ ਸਨ।

ਤੌੜੀ ਦੀ ਵਰਤੋਂ

ਸਿਰਫ਼ ਦੁੱਧ ਕਾੜਣ ਲਈ ਹੀ ਤੌੜੀ ਵਰਤੀ ਜਾਂਦੀ ਹੈ ਲੇਕਿਨ ਜਦੋਂ ਅਜਿਹੇ ਭਾਂਡੇ ਨੂੰ ਥੋੜੀ ਕਿਹਾ ਜਾਵੇ ਤਾਂ ਉਸ ਵਿੱਚ ਕਈ ਹੋਰ ਪਕਵਾਨ ਵੀ ਪਕਾਏ ਜਾਂਦੇ ਹਨ ਜਿਵੇਂ ਖਿਚੜੀ ਬਣਾਉਣਾ ਅਤੇ ਸਾਗ ਬਣਾਉਣਾ। ਹਾਰੇ ਵਿੱਚ ਮਿੱਟੀ ਦੀ ਤੋੜੀ ਵਿੱਚ ਗੋਹਿਆਂ ਦੀ ਮੱਠੀ-ਮੱਠੀ ਅੱਗ 'ਤੇ ਖਿਚੜੀ ਬਣਦੀ ਹੈ ਜਿਸ ਨਾਲ ਸਮੇਂ ਦੀ ਬੱਚਤ ਵੀ ਹੁੰਦੀ ਹੈ। ਧਾਤਾਂ ਦੇ ਭਾਂਡਿਆਂ ਦੀ ਅਣਹੋਂਦ ਵਿੱਚ ਭਾਵੇਂ ਵੱਖ-ਵੱਖ ਪਦਾਰਥਾਂ ਨੂੰ ਬਣਾਉਣ ਲਈ ਵੱਖ ਵੱਖ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਖਿਚੜੀ ਵਾਲੀ ਤੌੜੀ ਅੱਡ ਹੁੰਦੀ ਸੀ ਅਤੇ ਸਾਗ ਵਾਲੀ ਅੱਡ। ਔਰਤਾਂ ਘੱਟ ਸਾਗ ਬਣਾਉਣ ਵਾਸਤੇ ਕੁੱਜਾ ਵਰਤਿਆ ਜਾਂਦਾ ਸੀ ਜਿਸ ਨੂੰ ਤਪਲਾ ਵੀ ਕਹਿੰਦੇ ਸਨ। ਪਿੰਡਾਂ ਵਿੱਚ ਅੱਜ ਵੀ ਕੁਝ ਘਰਾਂ ਵਿੱਚ ਕੁੱਜੇ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਸਾਗ ਕੁੱਜੇ 'ਚ ਬਣਾਉਣਾ ਹੋਵੇ ਅਤੇ ਚੁੱਲ੍ਹੇ 'ਤੇ ਬਣਾਉਣਾ ਹੋਵੇ ਤਾਂ ਕੁੱਜੇ ਨੂੰ ਲਿਓ ਲਾਇਆ ਜਾਂਦਾ ਹੈ। ਕੁੱਜੇ ਨੂੰ ਇਹ ਲਿਓ ਮਿੱਟੀ ਦਾ ਵੀ ਲਾਇਆ ਜਾ ਸਕਦਾ ਹੈ ਅਤੇ ਸੁਆਹ ਦਾ ਵੀ ਲਗਾਇਆ ਜਾ ਸਕਦਾ ਹੈ।

# ਪੰਜਾਬ 'ਚ ਵਰਤੀਆਂ ਜਾਣ ਵਾਲੀਆਂ ਖਾਦਾਂ ਦਾ ਪ੍ਰਭਾਵ

ਡਾ. ਐੱਸ. ਪੀ. ਐੱਸ. ਬਰਾੜ





ਪੰਜਾਬ ਦੀ ਖੇਤੀ ਸਬੰਧੀ ਇੱਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨ ਰਸਾਇਣਿਕ ਖਾਦਾਂ ਲੋੜ ਤੋਂ ਜ਼ਿਆਦਾ ਵਰਤਦੇ ਹਨ। ਇਸ ਨਾਲ ਜ਼ਮੀਨ ਜ਼ਹਿਰੀਲੀ ਹੋ ਗਈ ਅਤੇ ਫ਼ਸਲਾਂ ਵਿੱਚ ਵੀ ਕੈਮੀਕਲ ਆ ਗਏ ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵਧ ਗਈਆਂ। ਦਰਅਸਲ, ਜਦੋਂ ਲੋਕ ਇਹ ਗੱਲਾਂ ਕਰਦੇ ਹਨ ਤਾਂ ਮੁਕਾਬਲਾ ਭਾਰਤ ਦੀ ਖਾਦਾਂ ਦੀ ਔਸਤ ਖਪਤ ਨਾਲ ਕਰਦੇ ਹਨ। ਮੁਕਾਬਲੇ ਵੇਲੇ ਭਾਰਤ ਅਤੇ ਪੰਜਾਬ ਦੀ ਅਸਲ ਸਥਿਤੀ ਲਕੋਈ ਜਾਂਦੀ ਹੈ।

ਇਹ ਸਾਰਾ ਬਿਰਤਾਂਤ ਕਾਰਪੋਰੇਟ ਅਤੇ ਉਨ੍ਹਾਂ ਪੱਖੀ ਬੁੱਧੀਜੀਵੀਆਂ ਵੱਲੋਂ ਜਾਣਬੁੱਝ ਕੇ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਉਪਜ ਨਾ ਵਿੱਕੇ, ਕਿਸਾਨ ਕਰਜ਼ਾਈ ਤਾਂ ਪਹਿਲਾਂ ਹੀ ਹਨ। ਕਰਜ਼ੇ ਦੇ ਦੱਬੇ ਕਿਸਾਨ ਜ਼ਮੀਨਾਂ ਵੇਚ ਜਾਣ ਅਤੇ ਉਹ ਸਸਤੇ ਭਾਅ ਖ਼ਰੀਦ ਲੈਣ। ਗੱਲ ਇਹ ਹੈ ਕਿ ਖ਼ੁਰਾਕ ਦੀ ਪ੍ਰੋਸੈਸਿੰਗ ਅਤੇ ਬਰਾਮਦ ਤਾਂ ਪਹਿਲਾਂ ਹੀ ਕਾਰਪੋਰੇਟ ਦੇ ਹੱਥ ਹੈ। ਜੇ ਖ਼ੁਰਾਕ ਦੀ ਪੈਦਾਵਾਰ ਵੀ ਉਨ੍ਹਾਂ ਦੇ ਹੱਥ ਆ ਜਾਏ ਤਾਂ ਖ਼ੁਰਾਕ 'ਤੇ ਪੂਰੇ ਦਾ ਪੂਰਾ ਕਬਜ਼ਾ ਕਾਰਪੋਰੇਟ ਦਾ ਹੋ ਜਾਵੇਗਾ। ਇਸ ਸਾਲ ਬਿਨਾਂ ਤਫ਼ਤੀਸ਼ ਕੀਤੇ ਪੰਜਾਬ ਦੇ ਚੌਲਾਂ ਨੂੰ ਭੰਡਣਾ ਇਸੇ ਦਾ ਨਤੀਜਾ ਹੈ। ਹਾਲਾਂਕਿ ਕੇਂਦਰ ਦੇ ਪਿਛਲੇ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਲੋਕ ਸਭਾ ਵਿੱਚ ਬਿਆਨ ਦਿੱਤਾ ਸੀ ਕਿ ਪੰਜਾਹ ਸਾਲ ਤੋਂ ਚੱਲਦੇ ਤਜਰਬੇ ਦੱਸਦੇ ਹਨ ਕਿ ਸਹੀ ਢੰਗ ਨਾਲ ਖਾਦਾਂ ਵਰਤਣ ਨਾਲ ਜ਼ਮੀਨ ਦੀ ਸਿਹਤ ਵੀ ਠੀਕ ਰਹਿੰਦੀ ਹੈ ਅਤੇ ਉਤਪਾਦਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਵਿੱਚ ਵੀ ਅੱਜ ਤੱਕ ਕਿਤੋਂ ਇਹ ਰਿਪੋਰਟ ਨਹੀਂ ਆਈ ਕਿ ਰਸਾਇਣਿਕ ਖਾਦਾਂ ਵਰਤਣ ਨਾਲ ਜ਼ਮੀਨ ਖ਼ਰਾਬ ਹੋ ਗਈ ਅਤੇ ਫ਼ਸਲ ਦਾ ਝਾੜ ਘਟ ਗਿਆ। ਜਿੱਥੋਂ ਤੱਕ ਭਾਰਤ ਦੀ ਔਸਤ ਨਾਲੋਂ ਵੱਧ ਖਾਦਾਂ ਵਰਤਣ ਦਾ ਸਬੰਧ ਹੈ, ਉਸ ਦੇ ਕਾਰਨ ਹਨ।

ਮੁੱਖ ਕਾਰਨ ਹੈ ਭਾਰਤ ਦਾ ਸਿਰਫ਼ 37 ਪ੍ਰਤੀਸ਼ਤ ਰਕਬਾ ਹੀ ਸਿੰਚਾਈ ਹੇਠ ਹੈ, ਜਦੋਂਕਿ ਪੰਜਾਬ ਦਾ 98 ਪ੍ਰਤੀਸ਼ਤ ਹੈ। ਫ਼ਸਲ ਪਾਣੀ ਦੇ ਨਾਲ ਵਧਣੀ ਹੈ। ਜੇ ਤੁਹਾਡੇ ਕੋਲ ਪਾਣੀ ਹੀ ਨਹੀਂ ਅਤੇ ਬਾਰਿਸ਼ 'ਤੇ ਨਿਰਭਰ ਹੋ ਤਾਂ ਫ਼ਸਲ ਦਾ ਝਾੜ ਘੱਟ ਹੋਵੇਗਾ। ਜੇ ਝਾੜ, ਘੱਟ ਹੋਵੇਗਾ ਤਾਂ ਖਾਦ ਦੀ ਲੋੜ ਵੀ ਘੱਟ ਪਵੇਗੀ। ਦੂਜੀ ਗੱਲ ਫ਼ਾਸਫ਼ੋਰਸ ਅਤੇ ਪੋਟਾਸ਼ ਖਾਦਾਂ ਦੀ ਵਰਤੋਂ ਹੀ ਬਿਜਾਈ ਵੇਲੇ ਕੀਤੀ ਜਾਂਦੀ ਹੈ। ਜੇ ਬਿਜਾਈ ਵੇਲੇ ਤਰ ਵੱਤਰ ਨਹੀਂ ਤਾਂ ਫ਼ਿਰ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸੇ ਕਰਕੇ ਸਮੁੱਚੇ ਭਾਰਤ ਵਿੱਚ ਖਾਦਾਂ ਦੀ ਔਸਤ ਵਰਤੋਂ 141 ਕਿਲੋ/ਹੈਕਟੇਅਰ ਹੈ ਅਤੇ ਪੰਜਾਬ ਦੀ 254 ਕਿਲੋ/ਹੈਕਟੇਅਰ ਹੈ। ਜੇ ਫ਼ਸਲ ਵਿਰਲੀ ਹੈ ਤਾਂ ਕੀੜੇ ਤੇ ਬਿਮਾਰੀਆਂ ਵੀ ਘੱਟ ਲੱਗਦੇ ਹਨ। ਇਸੇ ਕਰਕੇ ਭਾਰਤ ਦਾ ਝੋਨੇ ਦਾ ਝਾੜ 42 ਕੁਇੰਟਲ ਪ੍ਰਤੀ ਹੈਕਟੇਅਰ ਹੈ, ਜਦੋਂਕਿ ਪੰਜਾਬ ਦਾ 75 ਕੁਇੰਟਲ ਪ੍ਰਤੀ ਹੈਕਟੇਅਰ ਹੈ। ਕਣਕ ਦੀ ਔਸਤ ਪੈਦਾਵਾਰ ਪੰਜਾਬ ਵਿੱਚ 50 ਕੁਇੰਟਲ ਪ੍ਰਤੀ ਹੈਕਟੇਅਰ ਹੈ। ਭਾਰਤ ਦੀ 35 ਕੁਇੰਟਲ ਦੇ ਮੁਕਾਬਲੇ ਦੋਵੇਂ ਫ਼ਸਲਾਂ ਦਾ ਔਸਤ ਝਾੜ ਪੰਜਾਬ ਦਾ 74 ਫ਼ੀਸਦੀ ਵੱਧ ਹੈ। ਜਦੋਂ ਝਾੜ ਵੱਧ ਲੈਣਾ ਹੈ ਤਾਂ ਖ਼ੁਰਾਕ ਵੀ ਵੱਧ ਦੇਣੀ ਪਊ।

ਹੁਣ ਗੱਲ ਕਰਦੇ ਹਾਂ ਇਨ੍ਹਾਂ ਖਾਦਾਂ ਵਿੱਚ ਕੀ ਰਸਾਇਣ ਹਨ ਅਤੇ ਕੀ ਉਹ ਜ਼ਹਿਰੀਲੇ ਵੀ ਹੋ ਸਕਦੇ ਹਨ। ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਹੈ ਯੂਰੀਆ ਜੋ ਬੂਟੇ ਦੀ ਨਾਈਟਰੋਜਨ ਦੀ ਲੋੜ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਬੂਟੇ ਦੀ ਹਰਿਆਵਲ ਜਿਸ ਨੂੰ ਕਲੋਰੋਫ਼ਿਲ ਕਹਿੰਦੇ ਹਨ, ਲਈ ਨਾਈਟਰੋਜਨ ਜ਼ਰੂਰੀ ਹੈ ਅਤੇ ਕਲੋਰੋਫ਼ਿਲ ਨਾਲ ਹੀ ਫ਼ਸਲ ਦੇ ਵਧਣ ਫ਼ੁੱਲਣ ਲਈ ਪੱਤਿਆਂ ਵਿੱਚ ਖ਼ੁਰਾਕ ਬਣਦੀ ਹੈ। ਇੰਨਾ ਹੀ ਨਹੀਂ ਜਿਹੜੀ ਦਾਣਿਆਂ ਵਿੱਚ ਪ੍ਰੋਟੀਨ ਬਣਦੀ ਹੈ, ਨਾਈਟਰੋਜਨ ਉਸ ਦਾ ਜ਼ਰੂਰੀ ਹਿੱਸਾ ਹੈ। ਕਣਕ ਵਿੱਚ 12% ਅਤੇ ਚੌਲਾਂ ਵਿਚ 6.5% ਪ੍ਰੋਟੀਨ ਹੁੰਦੀ ਹੈ। ਇੱਥੇ ਮੈਂ ਇਹ ਵੀ ਦੱਸ ਦੇਵਾਂ ਕਿ ਇਨਸਾਨ ਦੇ ਖ਼ੂਨ ਵਿੱਚ ਵੀ 170 ਤੋਂ 300 ਮਿਲੀਗ੍ਰਾਮ ਯੂਰੀਆ ਪ੍ਰਤੀ ਲਿਟਰ ਹੁੰਦਾ ਹੈ। ਸਾਧਾਰਨ ਆਦਮੀ ਵਿੱਚ ਤਕਰੀਬਨ 5 ਲਿਟਰ ਖ਼ੂਨ ਹੁੰਦਾ ਹੈ ਅਤੇ ਇੱਕ ਤੰਦਰੁਸਤ ਆਦਮੀ 24 ਘੰਟੇ ਵਿੱਚ 25 ਤੋਂ 30 ਗ੍ਰਾਮ ਯੂਰੀਆ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ।

**ਸੰਤੁਲਿਤ ਖਾਦਾਂ ਦੀ ਵਰਤੋਂ:**

ਸਰਕਾਰ ਵੱਲੋਂ ਸੰਤੁਲਿਤ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੰਤੁਲਿਤ ਵਰਤੋਂ ਐੱਨਪੀਕੇ ਨੂੰ ਕ੍ਰਮਵਾਰ 4 : 2 :1 ਦੇ ਹਿਸਾਬ ਨਾਲ ਵਰਤਣ ਨੂੰ ਕਿਹਾ ਜਾ ਰਿਹਾ ਹੈ। ਜਦੋਂ ਕਿ ਪੰਜਾਬ ਵਿੱਚ ਕਿਸਾਨ ਮਿੱਟੀ ਪਰਖ ਅਤੇ ਫ਼ਸਲ ਦੀ ਲੋੜ ਅਨੁਸਾਰ ਵਰਤਦੇ ਹਨ, ਜਿਸ ਨੂੰ ਜ਼ਮੀਨੀ ਹਕੀਕਤ ਤੋਂ ਅਣਜਾਣ ਪ੍ਰਬੰਧਕ ਅਤੇ ਸਾਇੰਸਦਾਨ ਗ਼ਲਤ ਦੱਸਦੇ ਹਨ। ਖੇਤ ਵਿੱਚ ਕੰਮ ਕਰਨ ਵਾਲੇ ਨੂੰ ਪਤਾ ਹੁੰਦਾ ਹੈ ਕਿ ਫ਼ਸਲ ਕੀ ਮੰਗਦੀ ਹੈ।

**ਯੂਰੀਆ ਦੀ ਗੈਰ ਖੇਤੀ ਵਰਤੋਂ:**

ਖੇਤੀ ਤੋਂ ਇਲਾਵਾ ਯੂਰੀਆ ਪਸ਼ੂਆਂ ਦੀ ਖ਼ੁਰਾਕ ਵਿੱਚ ਪ੍ਰੋਟੀਨ ਵਧਾਉਣ ਲਈ ਵੀ ਵਰਤਿਆ ਜਾਂਦਾ ਹੈ। ਕੈਮੀਕਲ ਫ਼ੈਕਟਰੀਆਂ ਲਈ ਇਹ ਮਹੱਤਵਪੂਰਨ ਕੱਚਾ ਮਾਲ ਹੈ। ਇਹ ਪਲਾਸਟਿਕ ਇੰਡਸਟਰੀ ਦਾ ਮੁੱਢਲਾ ਸਰੋਤ ਹੈ। ਯੂਰੀਆ ਤੋਂ ਰੇਸਿਨ ਬਣਦੀ ਹੈ ਜੋ ਪਲਾਈ ਵੁੱਡ ਅਤੇ ਪਲਾਈਬੋਰਡ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ। ਯੂਰੀਆ ਕੱਪੜਾ ਉਦਯੋਗ ਵਿੱਚ ਕੱਪੜੇ ਨੂੰ ਰੰਗ ਅਤੇ ਫ਼ਿਨਿਸਿੰਗ ਦੇਣ ਲਈ ਵੀ ਵਰਤਿਆ ਜਾਂਦਾ ਹੈ। ਯੂਰੀਆ ਕਾਲਮੇਟਿਕਸ ਵਿੱਚ ਵੀ ਵਰਤਿਆ ਜਾਂਦਾ ਹੈ। ਬਹੁਤ ਸਾਰੀਆਂ ਸ਼ਿੰਗਾਰ ਲਈ ਵਰਤੀਆਂ ਜਾਣ ਵਾਲੀਆਂ ਕਰੀਮਾਂ ਵਿੱਚ ਵਰਤਿਆ ਜਾਂਦਾ ਹੈ। ਇਹ ਚਮੜੀ ਵਿੱਚ ਤਰਾਉਤ (ਮੌਇਸਚਰਾਈਜ਼) ਲਿਆਉਂਦਾ ਹੈ। ਕੰਨਾਂ ਅਤੇ ਨਹੁੰਆਂ ਨੂੰ ਸਾਫ਼ ਕਰਨ ਲਈ ਵੀ ਵਰਤਿਆ ਜਾਂਦਾ ਹੈ। ਹੋਰ ਵੀ ਬਹੁਤ ਸਾਰੀਆਂ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਅੰਤੜੀ ਰੋਗਾਂ ਦੀ ਇਨਫ਼ੈਕਸ਼ਨ ਚੈੱਕ ਕਰਨ ਵਾਲੇ ਬਰੀਦ (ਸਾਹ) ਟੈਸਟ ਲਈ ਵੀ ਵਰਤਿਆ ਜਾਂਦਾ ਹੈ। ਇਹ ਘੋਖਣ ਦੀ ਲੋੜ ਹੈ ਕਿ ਕਿੰਨਾ ਯੂਰੀਆ ਇੰਡਸਟਰੀ ਵਿੱਚ ਵਰਤਿਆ ਜਾਂਦਾ ਹੈ।

ਉਪਰੋਕਤ ਸਾਰੀ ਜਾਣਕਾਰੀ ਤੋਂ ਇਹ ਪਤਾ ਲੱਗਦਾ ਹੈ ਕੋਈ ਵੀ ਰਸਾਇਣਿਕ ਖਾਦ ਫ਼ਾਲਤੂ ਨਹੀਂ ਵਰਤੀ ਜਾਦੀਂ। ਜਿਹੜੀ ਖਾਦ ਵਰਤੀ ਜਾਂਦੀ ਹੈ ਉਹ ਜ਼ਮੀਨ ਪਾਣੀ, ਬੂਟੇ ਅਤੇ ਖ਼ੁਰਾਕ ਵਿੱਚ ਜ਼ਹਿਰ ਦਾ ਰੂਪ ਨਹੀਂ ਧਾਰਦੀ। ਇਹ ਸਾਰਾ ਕੂੜ ਪ੍ਰਚਾਰ ਦੇਸ਼ ਦੀ ਅੰਨ ਸੁਰੱਖਿਆ ਅਤੇ ਪੰਜਾਬ ਦੀ ਕਿਸਾਨੀ ਨੂੰ ਕਮਜ਼ੋਰ ਕਰਨ ਲਈ ਹੋ ਰਿਹਾ ਹੈ।

*ਡਾਇਰੈਕਟਰ ਪੰਜਾਬ ਐਗਰੀਕਲਚਰ ਮੈਨੇਜਮੈਂਟ ਅਤੇ ਟ੍ਰੇਨਿੰਗ ਇੰਸਟੀਚਿਊਟ (ਰਿਟਾ.)
ਪੀ.ਏ.ਯੂ., ਲੁਧਿਆਣਾ

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਮਹਾਨ ਵਿਦਵਾਨ, ਦਾਰਸ਼ਨਿਕ ਤੇ ਗੁਰਮਤਿ ਦੇ ਧਾਰਨੀ ਗਿਆਨੀ ਸੰਤ ਸਿੰਘ 'ਮਸਕੀਨ' ਜਿੰਨਾਂ ਨੇ ਗੁਰਮਤਿ ਪ੍ਰਚਾਰ ਨੂੰ ਆਪਣੀ ਜਿੰਦਗੀ ਦਾ ਨਿਸ਼ਾਨਾਂ ਬਣਾਇਆ ਉਹਨਾਂ ਦਾ ਜਨਮ ਮਾਤਾ ਰਾਮ ਕੌਰ ਦੀ ਕੁੱਖੋਂ ਕਸਬਾ ਲੱਕ ਮਰਵਤ ਜ਼ਿਲ੍ਹਾ ਬੰਨੂ ਸੂਬਾ ਸਰਹੰਦ (ਪਾਕਿਸਤਾਨ) ਵਿਖੇ 1934 ਨੂੰ ਸਰਦਾਰ ਕਰਤਾਰ ਸਿੰਘ ਦੇ ਗ੍ਰਹਿ ਵਿਖੇ ਹੋਇਆ।

ਆਪ ਨੇ ਖ਼ਾਲਸਾ ਸਕੂਲ ਵਿੱਚ ਪ੍ਰਾਇਮਰੀ ਦੀ ਵਿੱਦਿਆ ਪਾਸ ਕੀਤੀ ਫ਼ਿਰ ਗੌਰਮਿੰਟ ਹਾਈ ਸਕੂਲ ਵਿੱਚ ਪੜ੍ਹਨ ਲੱਗ ਪਏ। 1947 ਨੂੰ ਦੇਸ਼ ਦੀ ਵੰਡ ਸਮੇਂ ਦਸਵੀਂ ਦਾ ਇਮਤਿਹਾਨ ਨਾ ਦੇ ਸਕੇ।

ਦੇਸ਼ ਦੀ ਵੰਡ ਤੋਂ ਬਾਅਦ ਗਿਆਨੀ ਜੀ ਦਾ ਪਰਿਵਾਰ ਜ਼ਿਲ੍ਹਾ ਅਲਵਰ (ਰਾਜਸਥਾਨ) ਵਿਖੇ ਆ ਵਸਿਆ। ਸੰਨ 1952 ਵਿੱਚ ਆਪਦੇ ਪਿਤਾ ਸਰਦਾਰ ਕਰਤਾਰ ਸਿੰਘ ਅਲਵਰ ਵਿਖੇ ਅਕਾਲ ਚਲਾਣਾ ਕਰ ਗਏ।

ਗਿਆਨੀ ਜੀ ਨੇ ਦੋ ਮਹੀਨੇ ਰੇਲਵੇ ਵਿੱਚ ਡਰਾਇਵਰ ਦੀ ਟਰੇਨਿੰਗ ਲੈਣ ਲਈ ਕੰਮ ਕੀਤਾ ਪਰ ਉੱਥੇ ਮਨ ਨਾ ਲੱਗਣ ਕਰਕੇ ਕੰਮ ਨੂੰ ਤਿਆਗ ਦਿੱਤਾ।

ਗਿਆਨੀ ਜੀ ਦੀ ਮਨ ਦੀ ਲਗਨ ਉਸ ਪਰਮਾਤਮਾ ਨਾਲ ਜੁੜਨ ਦੀ ਰੁੱਚੀ ਰੱਖਦੀ ਸੀ। ਉਹ ਬੈਜਨਾਥ ਅਤੇ ਕਟਕ ਜਾਕੇ ਸਾਧੂਆਂ ਵਿੱਚ ਵਿਚਰਦੇ ਰਹੇ ਅਤੇ ਬ੍ਰਹਮ- ਵਿਦਿਆ ਦਾ ਅਧਿਆਨ ਕਰਦੇ ਰਹੇ। ਮਸਕੀਨ ਜੀ ਨੇ ਗਿਆਨੀ ਬਲਵੰਤ ਸਿੰਘ ਜੀ ਨਿਰਮਲੇ ਸੰਤਾਂ ਪਾਸੋਂ ਗੁਰਮਤਿ ਦੀ ਵਿੱਦਿਆ ਪੜ੍ਹੀ ਜੋ ਗੁਰਮਤਿ ਦੇ ਵਿਦਵਾਨ ਹੋਣ ਦੇ ਨਾਲ ਨਾਲ ਪੂਰਨ ਤਿਆਗੀ ਨਾਮ ਸਿਮਰਨ ਦੇ ਰਸੀਏ ਅਤੇ ਨਿਮਰਤਾ ਵਾਲੇ ਸਨ। ਇਹਨਾਂ ਕੋਲ ਰਹਿ ਕੇ ਗਿਆਨੀ ਮਸਕੀਨ ਜੀ ਵਧੀਆ ਗੁਰਬਾਣੀ ਦੀ ਕਥਾ ਕਰਨ ਲੱਗ ਪਏ।

ਗਿਆਨੀ ਬਲਵੰਤ ਸਿੰਘ ਜੀ ਤੋਂ ਗੁਰਬਾਣੀ ਦਾ ਗਿਆਨ ਲੈਕੇ ਗਿਆਨੀ ਮਸਕੀਨ ਜੀ ਮਹਾਂ ਨਦੀ ਦੇ ਕੰਡੇ ਕਸਬਾ ਬੁਰਲਾ(ਸੰਬਲਪੁਰ) ਉਡੀਸਾ ਵਿਖੇ ਰਹਿਣ ਲੱਗ ਪਏ।

ਇੱਥੇ ਭਜਨ ਸਿਮਰਨ ਦੇ ਨਾਲ ਨਾਲ ਸੰਗਤਾਂ ਨੂੰ ਕਥਾ ਕਰਕੇ ਗੁਰਬਾਣੀ ਨਾਲ ਜੋੜਦੇ ਰਹੇ। ਇੱਥੇ ਸੰਗਤਾਂ ਨੂੰ ਪ੍ਰੇਰ ਕੇ ਗੁਰਦੁਵਾਰਾ ਸਾਹਿਬ ਬਣਵਾਇਆ। 1957 ਦੇ ਅਖ਼ੀਰ ਵਿੱਚ ਫ਼ਿਰ ਅਲਵਰ ਆਪਣੀ ਮਾਤਾ ਜੀ ਕੋਲ ਆ ਗਏ। 1958 ਵਿੱਚ ਆਪ ਜੀ ਦੀ ਸ਼ਾਦੀ ਹੋ ਗਈ।

ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਪਟਨਾ ਸਾਹਿਬ, ਬੰਬਈ, ਕਲਕੱਤਾ, ਕਾਨਪੁਰ, ਇੰਦੌਰ, ਅਲੀਗੜ੍ਹ, ਕਾਨ੍ਹਪੁਰ ਆਦਿ ਸ਼ਹਿਰਾਂ ਵਿੱਚ ਗੁਰਪੁਰਬਾਂ ਅਤੇ ਆਮ ਸਮਾਗਮਾਂ ਤੇ ਪੁੱਜ ਕੇ ਗੁਰਮਤਿ ਦੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦੇ ਰਹਿੰਦੇ ਸਨ। ਅਫ਼ਗਾਨਿਸਤਾਨ, ਇਰਾਨ, ਕਵੈਤ,ਸਿੰਗਾਪੁਰ, ਮਲੇਸ਼ੀਆ ਆਦਿ ਦੇਸ਼ਾਂ ਵਿੱਚ ਵੀ ਸੰਗਤਾਂ ਦੇ ਸੱਦੇ ਨੂੰ ਮੁੱਖ ਰੱਖਦਿਆਂ ਗੁਰਮਤਿ ਪ੍ਰਚਾਰ ਦੁਆਰਾ ਸੰਗਤਾਂ ਨੂੰ ਗੁਰੂ ਲੜ ਲਾਉਣ ਜਾਇਆ ਕਰਦੇ ਸਨ।

ਵਿਆਖਿਆ ਕਰਨ ਸਮੇਂ ਗਿਆਨੀ ਮਸਕੀਨ ਸਿੰਘ ਜੀ ਦੀ ਇਕਾਗਰਤਾਂ ਸਰੋਤਿਆਂ ਦੇ ਮਨ ਦੇ ਧਿਆਨ ਨੂੰ ਆਪਣੇ ਵੱਲ ਖਿੱਚੀ ਰੱਖਦੀ। ਗਿਆਨੀ ਜੀ ਦੀ ਆਵਾਜ਼ ਵਿੱਚ ਤਾਕਤ, ਸੁਰੀਲਾਪਨ ਅਤੇ ਨਿਮਰਤਾ ਬਹੁਤ ਸੀ। ਮਸਕੀਨ ਜੀ ਕਥਾ ਕਰਦੇ ਹੋਏ ਵਿਚਾਰਾਂ ਨੂੰ ਮਨ ਵਿੱਚ ਬਿਠਾਉਣ ਖ਼ਾਤਰ ਕਈ ਕਈ ਉਦਾਰਣਾ ਦੇਕੇ ਸਮਝਾ ਜਾਂਦੇ ਫ਼ਿਰ ਸੰਗਤਾਂ ਦੇ ਮਨ ਨੂੰ ਪਹਿਲਾਂ ਵਾਲੀ ਥਾਂ 'ਤੇ ਹੀ ਲੈ ਆਉਂਦੇ ਜੋ ਉਹਨਾਂ ਵਿੱਚ ਬਹੁਤ ਵੱਡਾ ਗੁਣ ਸੀ। ਆਪ ਗੁਰਮਤਿ ਪ੍ਰਚਾਰ ਦਾ ਕਿਸੇ ਤੋਂ ਇਵਜ਼ਾਨਾਂ ਨਹੀਂ ਮੰਗਦੇ ਸਨ। ਸੰਗਤਾਂ ਆਪਣੇ ਆਪ ਹੀ ਲੋੜ ਤੋਂ ਵੱਧ ਉਹਨਾਂ ਦੀ ਸਹਾਇਤਾ ਕਰ ਦਿਆ ਕਰਦੀਆ ਸਨ।

ਗਿਆਨੀ ਮਸਕੀਨ ਜੀ ਚੰਗੇ ਪ੍ਰਚਾਰਕ ਹੋਣ ਦੇ ਨਾਲ ਨਾਲ ਚੰਗੇ ਲਿਖਾਰੀ ਵੀ ਸਨ ਉਹਨਾਂ ਨੇ ਜਪੁ ਨਿਸਾਣ, ਗੁਰੂ ਚਿੰਤਨ, ਗੁਰੂ ਜੋਤੀ, ਬ੍ਰਹਮ ਗਿਆਨ, ਤੀਜਾ ਨੇਤਰ, ਪੰਜ ਤੱਤ, ਧਰਮ ਤੇ ਮਨੁੱਖ, ਮਸਕੀਨ ਜੀ ਦੇ ਲੈਕਚਰ ਸਮੇਤ ਇੱਕ ਦਰਜਨ ਤੋਂ ਵੱਧ ਪੁਸਤਕਾਂ ਸਿੱਖ ਜਗਤ ਨੂੰ ਭੇਟ ਕੀਤੀਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਮਸਕੀਨ ਜੀ ਨੂੰ 'ਭਾਈ ਗੁਰਦਾਸ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਅਤੇ ਪੰਥ ਰਤਨ ਦੀ ਉਪਾਧੀ ਦਿੱਤੀ ਗਈ। 20 ਮਾਰਚ 2005 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਮਸਕੀਨ ਜੀ ਦੀ ਮੌਤ ਉਪਰੰਤ ' ਗੁਰਮਤਿ ਵਿੱਦਿਆ ਮਾਰਤੰਡ' ਦੀ ਉਪਾਧੀ ਨਾਲ ਨਿਵਾਜਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਹਿਬਾਨ ਵੱਲੋਂ ਸਨਮਾਨ ਪੱਤਰ, ਤਸ਼ਤਰੀ, ਸਿਰੋਪਾਓ ਅਤੇ ਸ੍ਰੀ ਸਾਹਿਬ ਨਾਲ ਗਿਆਨੀ ਜੀ ਦੀ ਧਰਮ ਪਤਨੀ ਬੀਬੀ ਸੁੰਦਰੀ ਕੌਰ ਜੀ ਨੂੰ ਸਨਮਾਨਿਤ ਕੀਤਾ ਗਿਆ।


ਗਿਆਨੀ ਜੀ 17 ਫ਼ਰਵਰੀ 2005 ਸ਼ਾਮ ਨੂੰ ਲਾਵਾਂ ਦੀ ਕਥਾ ਕਰਕੇ ਕਹਿੰਦੇ ਮੇਰਾ ਸਮਾਂ ਸਮਾਪਤ, ਮੇਰੀ ਕਥਾ ਸ਼ਕਤੀ ਸਮਾਪਤ,ਮੇਰੀ ਸੋਚਣ ਸ਼ਕਤੀ ਦੀ ਸਮਾਪਤੀ ਪਰ ਇਹਨਾਂ ਚਾਰ ਲਾਵਾਂ ਦੇ ਵਿਚਾਰਾਂ ਦੀ ਸਮਾਪਤੀ ਨਹੀਂ ਹੈ ਗੁਰੂ ਦਾ ਸ਼ਬਦ ਸਮਾਪਤ ਨਹੀਂ ਹੁੰਦਾ ਇਹਨਾਂ ਬੋਲਾਂ ਨਾਲ ਮਸਕੀਨ ਜੀ ਕਥਾ ਸਮਾਪਤ ਕਰ ਗਏ। ਇਸ ਤੋਂ ਅਗਲੇ ਦਿਨ 18 ਫ਼ਰਵਰੀ 2005 ਨੂੰ ਸਵੇਰ ਦੇ 8 ਵਜੇ ਇਟਾਵਾ(ਉੱਤਰ ਪ੍ਰਦੇਸ਼) ਵਿਖੇ 71 ਸਾਲ ਦੀ ਆਯੂ ਭੋਗ ਕੇ ਸੱਚਖੰਡ ਜਾ ਬਿਰਾਜੇ।

# ਚਿੱਤਰ ਕਲਾ ਖੇਤਰ ਦੀ ਪ੍ਰਸਿੱਧ ਸ਼ਖ਼ਸੀਅਤ ਜਰਨੈਲ ਸਿੰਘ ਆਰਟਿਸਟ




ਡਾ. ਗੁਰਵਿੰਦਰ ਸਿੰਘ






ਪੰਜਾਬੀ ਕਲਾ ਅਤੇ ਸਾਹਿਤ ਖੇਤਰ ਦੇ ਪ੍ਰੇਮੀਆਂ ਲਈ ਇਹ ਦੁਖਦਾਈ ਖਬਰ ਹੈ ਕਿ ਸਰਦਾਰ ਜਰਨੈਲ ਸਿੰਘ ਆਰਟਿਸਟ ਵਿਛੋੜਾ ਦੇ ਗਏ ਹਨ। ਜਰਨੈਲ ਸਿੰਘ ਆਰਟਿਸਟ ਦੀ ਉਮਰ 69 ਸਾਲ ਦੀ ਸੀ। ਉਹ ਆਪਣੇ ਪਿੱਛੇ ਸੁਪਤਨੀ, ਪੁੱਤਰ, ਧੀ ਅਤੇ ਵੱਡਾ ਸਾਹਿਤਕ ਪਰਿਵਾਰ ਛੱਡ ਗਏ ਹਨ। ਜਰਨੈਲ ਸਿੰਘ ਮਹਾਨ ਚਿੱਤਰਕਾਰ ਸ੍ਰ. ਕਿਰਪਾਲ ਸਿੰਘ ਜੀ ਦੇ ਸਪੁੱਤਰ ਸਨ ਅਤੇ ਉਨ੍ਹਾਂ ਨੇ ਸਮੁੱਚੀ ਜ਼ਿੰਦਗੀ ਸਾਹਿਤ ਅਤੇ ਕਲਾ ਖੇਤਰ ਦੀ ਬੇਮਿਸਾਲ ਸੇਵਾ ਕੀਤੀ। ਆਪ ਦਾ ਜਨਮ ਸੰਨ 1956 ਵਿਖੇ ਜ਼ੀਰਾ ਸ਼ਹਿਰ 'ਚ ਹੋਇਆ ਅਤੇ ਆਪਣੇ ਪਿਤਾ ਕਿਰਪਾਲ ਸਿੰਘ ਤੋਂ ਪੇਂਟਿੰਗ ਦਾ ਗਿਆਨ ਹਾਸਲ ਕੀਤਾ। ਇਸ ਤੋਂ ਇਲਾਵਾ ਉਚਕੋਟੀ ਦੇ ਵਿਸ਼ਵ ਵਿਦਿਆਲੇ ਤੋਂ ਇਸ ਸਬੰਧੀ ਮੁਹਾਰਤ ਹਾਸਲ ਕੀਤੀ ਅਤੇ ਆਪਣੀ ਯੋਗਤਾ ਨਾਲ ਦੇਸ਼ ਵਿਦੇਸ਼ ਵਿੱਚ ਨਾਮਣਾ ਖੱਟਿਆ। ਆਪਣਾ ਜੀਵਨ ਦੇ 40 ਸਾਲਾਂ ਤੋਂ ਵੱਧ ਸਮਾਂ ਪੰਜਾਬ ਆਰਟ ਖੇਤਰ ਨੂੰ ਸਮਰਪਿਤ ਕੀਤਾ। ਸ. ਜਰਨੈਲ ਸਿੰਘ ਨੇ ਸੰਨ 2000 ਵਿੱਚ ਪਰਿਵਾਰ ਸਮੇਤ ਪੱਕੇ ਤੌਰ 'ਤੇ ਕੈਨੇਡਾ ਟਿਕਾਣਾ ਕੀਤਾ। ਕੈਨੇਡਾ ਵਿਖੇ ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ. ਦੇ ਮੁਢਲੇ ਮੈਂਬਰਾਂ ਵਿੱਚੋਂ ਸਨ ਅਤੇ ਇਸ ਦੇ ਪ੍ਰਧਾਨ ਰਹਿ ਚੁੱਕੇ ਸਨ ਤੇ ਅੱਜ-ਕੱਲ੍ਹ ਜਨਰਲ ਸਕੱਤਰ ਦੇ ਅਹੁਦੇ 'ਤੇ ਸਨ। ਇਸ ਤੋਂ ਇਲਾਵਾ ਪੰਜਾਬੀ ਲੇਖਕ ਮੰਚ, ਵੈਨਕੂਵਰ ਵਿਚਾਰ ਮੰਚ ਸਮੇਤ ਕਈ ਸਾਹਿਤਕ ਸੰਸਥਾਵਾਂ ਦੀ ਵੀ ਆਪ ਅਗਵਾਈ ਕਰਦੀ ਰਹੇ। ਆਪ ਸਰੀ ਤੋਂ ਪ੍ਰਕਾਸ਼ਤ ਹੁੰਦੇ ਹਫ਼ਤਾਵਾਰੀ ਪੰਜਾਬੀ ਅਖਬਾਰ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵੀ ਸਨ।








ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਅਨੇਕਾਂ ਚਿੱਤਰ ਬਣਾਏ। ਉਹਨਾਂ ਸਰੀ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਖੇ ਗਦਰੀ ਬਾਬਿਆਂ ਦੀਆਂ ਯਾਦਗਾਰੀ ਤਸਵੀਰਾਂ ਬਣਾਈਆਂ, ਜੋ ਪਿੱਛੇ ਜਿਹੇ ਦਰਬਾਰ ਸਾਹਿਬ ਅੰਮ੍ਰਿਤਸਰ ਸਥਿਤ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕੀਤੀਆਂ ਗਈਆਂ ਸਨ। ਉਹਨਾਂ ਦੀਆਂ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਸਬੰਧੀ ਬਣਾਈਆਂ ਪੇਂਟਿੰਗਾਂ ਦੀ ਕੈਨੇਡਾ ਵਿੱਚ ਥਾਂ ਥਾਂ ਪ੍ਰਦਰਸ਼ਨੀ ਅਤੇ ਉਹਨਾਂ ਨੂੰ ਬੇਹਦ ਸਤਿਕਾਰ ਮਿਲਿਆ। ਆਪ ਦੀਆਂ ਆਖਰੀ ਪੇਂਟਿੰਗਾਂ ਵਿੱਚੋਂ ਇੱਕ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਪੇਂਟਿੰਗ ਸੀ, ਜੋ ਮੂਲ ਨਿਵਾਸੀ ਭਾਈਚਾਰੇ ਦੇ ਦਿਹਾੜੇ 'ਤੇ ਰਿਲੀਜ਼ ਕੀਤੀ ਗਈ। ਆਪਣੇ ਕਈ ਕਿਤਾਬਾਂ ਲਿਖੀਆਂ ਜਿਹਨਾਂ ਵਿੱਚ 'ਏ ਜਰਨੀ ਵਿਦ ਦਾ ਐਂਡਲੈਸ ਆਈ', 'ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ ਸ਼ਾਹਕਾਰ' ਅਤੇ 'ਪੰਜਾਬੀ ਪੇਂਟਿੰਗਜ਼' ਆਦਿ ਸ਼ਾਮਿਲ ਹਨ। ਪ੍ਰਸਿੱਧ ਲਿਖਾਰੀ ਹਰਭਜਨ ਸਿੰਘ ਹੁੰਦਲ ਵੱਲੋਂ ਆਪ ਬਾਰੇ ਕਿਤਾਬ 'ਚਿਤਰਕਾਰ ਜਰਨੈਲ ਸਿੰਘ' ਲਿਖੀ ਗਈ।



ਸਰੀ ਵਿੱਚ ਜਰਨੈਲ ਸਿੰਘ ਆਰਟਿਸਟ ਦੀ ਜਰਨੈਲ ਆਰਟਸ ਅਕੈਡਮੀ ਸਾਹਿਤਕ ਇਕੱਠਾਂ ਦਾ ਕੇਂਦਰ ਹੁੰਦੀ, ਜਿੱਥੇ ਵੱਖ ਵੱਖ ਸ਼ਖ਼ਸੀਅਤਾਂ ਆਉਂਦੀਆਂ ਅਤੇ ਵਿਚਾਰ ਸਾਂਝੇ ਕਰਦੀਆਂ। ਉਨ੍ਹਾਂ ਦੇ ਮਿਲਾਪੜੇ ਸੁਭਾਅ ਨੇ ਸਾਰਿਆਂ ਦੇ ਦਿਲਾਂ ਨੂੰ ਜੋੜਿਆ ਅਤੇ ਬੇਪਨਾਹ ਮੁਹੱਬਤ ਹਾਸਲ ਕੀਤੀ। ਪੰਜਾਬ ਤੋਂ ਇਲਾਵਾ ਕੈਨੇਡਾ ਵਿੱਚ ਵੀ ਉਨਾਂ ਨੂੰ ਕਲਾ ਖੇਤਰ ਵਿੱਚ ਵੱਡੇ ਸਨਮਾਨ ਮਿਲ ਚੁੱਕੇ ਸਨ ਅਤੇ ਸਭ ਤੋਂ ਵੱਡਾ ਸਨਮਾਨ ਜਰਨੈਲ ਸਿੰਘ ਦਾ ਲੋਕ ਦਿਲਾਂ ਵਿੱਚ ਸਤਿਕਾਰ ਸੀ। ਆਪ ਨੂੰ ਕੈਨੇਡਾ ਸਰਕਾਰ ਵੱਲੋਂ ਕੁਇਨ ਅਲੈਜ਼ਾਬਿਥ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ, ਗਦਰੀ ਬਾਬਿਆਂ ਦੇ ਮੇਲੇ ਅਤੇ ਸਰੀ ਆਰਟਸ ਕੌਂਸਲ ਵੱਲੋਂ ਵੀ ਵਿਸ਼ੇਸ਼ ਅਵਾਰਡ ਦਿੱਤੇ ਗਏ। ਬੀ.ਸੀ. ਸਿੱਖ ਕੌਂਸਲ, ਕੈਨੇਡਾ ਵੱਲੋਂ ਸੰਨ 2001 ਵਿੱਚ ਕੌਮਾਂਤਰੀ ਸਿੱਖ ਕਾਨਫ਼ਰੰਸ ਮੌਕੇ ਉਹਨਾਂ ਨੂੰ ਵਿਸ਼ੇਸ਼ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ।

# ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ

ਡਾ. ਮਨਿੰਦਰ ਸਿੰਘ

ਅੰਮ੍ਰਿਤ ਨਾਲ ਭਰਪੂਰ ਸਾਗਰ ਰੂਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਹਿਰਾਈ ਵਿੱਚ ਅਜਿਹੇ ਅਨਮੋਲ ਮਾਣਕ ਮੋਤੀ ਪਏ ਹਨ ਜਿਨ੍ਹਾਂ ਨੂੰ ਗ੍ਰਹਿਣ ਕਰ ਕੇ ਸਿੱਖ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ਵਾਂਗ ਆਤਮਿਕ ਤੌਰ 'ਤੇ ਨਿਰਮਲ ਹੋ ਜਾਂਦੇ ਹਨ। ਅਸੰਖ ਪਦਾਰਥਾਂ ਨਾਲ ਭਰਪੂਰ ਇਹ ਗੁਰਬਾਣੀ ਅੰਮ੍ਰਿਤ ਬਾਣੀ ਤਤੁ ਵਖਾਣੀ ਪਾਰਬ੍ਰਹਮ, ਬ੍ਰਹਮ ਗਿਆਨ, ਭਗਤੀ, ਸ਼ਰਧਾ, ਉਪਕਾਰ, ਸੇਵਾ, ਸਿਮਰਨ ਆਦਿਕ ਦਾ ਪੂਰਨ ਗਿਆਨ ਹੈ। ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ਦੇ ਭਾਵ ਅਨੁਸਾਰ ਗੁਰਬਾਣੀ ਅਕਾਲ ਪੁਰਖ ਦਾ ਹੁਕਮ ਹੈ ਅਤੇ ਤਾ ਮੈ ਕਹਿਆ ਜਾ ਤੁਝੈ ਕਹਾਇਆ ਇਹ ਇਲਾਹੀ ਬਾਣੀ ਧੁਰ ਦਰਗਾਹ ਤੋਂ ਆਈ ਹੈ ਅਤੇ ਪੂਰੀ ਲੁਕਾਈ ਤੇ ਅੰਮ੍ਰਿਤ ਦੀ ਵਰਖਾ ਕਰ ਰਹੀ ਹੈ। 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਦੇ ਮੱਧ ਤੱਕ ਦੇ ਭਾਰਤੀ ਅਧਿਆਤਮਕ ਅਨੁਭਵ ਨੂੰ ਆਪਣੇ ਵਿੱਚ ਸਮੋਈ ਬੈਠੇ ਇਸ ਮਹਾਨ ਗ੍ਰੰਥ ਨੇ ਅਧਿਆਤਮਕ ਮਾਰਗ ਦੇ ਪਾਂਧੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ ਮਾਰਗ ਦਿਖਾਇਆ ਹੈ।



ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਨਾ ਗੁਰਦੇਵ ਗੁਰੂ ਅਮਰਦਾਸ ਜੀ ਦੇ ਬਚਨਾਂ ਦੋਹਿਤਾ ਬਾਣੀ ਕਾ ਬੋਹਿਥਾ ਨੂੰ ਸਾਕਾਰ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪਹਿਲਾਂ ਆਦਿ ਗ੍ਰੰਥ) ਦਾ ਸੰਪਾਦਨ ਕੀਤਾ ਅਤੇ ਇਸ ਮਹਾਨ ਗ੍ਰੰਥ ਦੀ ਕੁੱਲ ਬਾਣੀ ਦਾ ਅੱਧ ਧੁਰ ਦਰਗਾਹ ਤੋਂ ਸਵੀਕਾਰ ਕਰ 'ਮਹਲਾ 5' ਦੇ ਅਧੀਨ ਦਰਜ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਕਾਲ ਪੁਰਖ ਦੇ ਹੁਕਮ ਅਧੀਨ ਹੋਈ ਅਤੇ ਕੱਚੀ ਬਾਣੀ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ਦਾ ਪ੍ਰਚਲਣ ਦੁਨਿਆਵੀ ਤੌਰ 'ਤੇ ਇਸ ਦਾ ਪ੍ਰਮੁੱਖ ਕਾਰਨ ਬਣਿਆ। ਬਾਬਾ ਮਿਹਰਵਾਨ ਜੀ ਅਤੇ ਬਾਬਾ ਹਰੀ ਜੀ ਕੱਚੀ ਬਾਣੀ ਪ੍ਰਚਾਰਣ ਵਾਲਿਆਂ ਵਿੱਚੋਂ ਪ੍ਰਮੁੱਖ ਸਨ। ਇਸ ਬਾਰੇ ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ;

ਮਿਹਰਵਾਨ ਪੁੱਤ੍ਰ ਪ੍ਰਿਥੀਏ ਕਾ ਕਬੀਸਰੀ ਪੜ੍ਹੇ ॥
ਪਰਸੀ ਹਿੰਦਵੀ ਸਹੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ ॥
ਤਿਨ ਭੀ ਬਾਣੀ ਬਹੁਤ ਬਣਾਈ ॥
ਭੋਗ ਗੁਰੂ ਨਾਨਕ ਜੀ ਦਾ ਹੀ ਪਾਈ ॥

ਇਸੇ ਪ੍ਰਸੰਗ ਨੂੰ ਅੱਗੇ ਤੋਰਦਿਆਂ ਕੇਸਰ ਸਿੰਘ ਛਿੱਬਰ ਆਪਣੀ ਰਚਨਾ 'ਬੰਸਾਵਲੀਨਾਮਾ' ਵਿੱਚ ਲਿਖਦੇ ਹਨ ਕਿ ਇੱਕ ਵਾਰ ਕਿਸੇ ਸਿੱਖ ਨੇ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿੱਚ ਗੁਰਬਾਣੀ ਦਾ ਸ਼ਬਦ ਸਮਝ ਕੇ ਸੋਢੀ ਮਿਹਰਬਾਨ ਦਾ ਇੱਕ ਸ਼ਬਦ ਪੜ੍ਹਿਆ ਜਿਸ 'ਤੇ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਮਿਲਾਵਟਾਂ ਨੂੰ ਰੋਕਣ ਲਈ ਗੁਰਬਾਣੀ ਦਾ ਇੱਕ ਪ੍ਰਮਾਣਿਕ ਸੰਗ੍ਰਹਿ ਤਿਆਰ ਕਰਨ ਦੀ ਵਿਚਾਰ ਕੀਤੀ। ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ;

ਬਚਨ ਕੀਤਾ-ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ ॥
ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ ॥
ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ ॥
ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ ॥

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ਅਨੁਸਾਰ ਇਲਾਹੀ ਬਾਣੀ ਦਾ ਭੰਡਾਰ ਗੁਰੂ ਅਰਜਨ ਦੇਵ ਜੀ ਕੋਲ ਮੌਜੂਦ ਸੀ ਪਰ ਇਸ ਸਭ ਦੇ ਬਾਵਜੂਦ ਆਪ ਨੇ ਇੱਕ ਸੰਪਾਦਕ ਦੇ ਦ੍ਰਿਸ਼ਟੀਕੋਣ ਤੋਂ ਇਸ ਸੰਦਰਭ ਵਿੱਚ ਪਹਿਲਾਂ ਹੋਏ ਕਾਰਜਾਂ ਨੂੰ ਧਿਆਨ ਨਾਲ ਵਿਚਾਰ ਗੁਰਬਾਣੀ ਅਤੇ ਭਗਤਬਾਣੀ ਨੂੰ ਇਕੱਠਾ ਕੀਤਾ ਅਤੇ ਸਾਰੀ ਪੁਣ-ਛਾਣ ਉਪਰੰਤ ਚਾਰ ਲਿਖਾਰੀਆਂ ਭਾਈ ਸੰਤ ਰਾਮ, ਭਾਈ ਸੁੱਖਾ, ਭਾਈ ਮਨਸਾ ਰਾਮ ਅਤੇ ਭਾਈ ਹਰੀਆ ਨੂੰ ਬਾਣੀ ਦੀ ਵਰਗ ਵੰਡ ਦਾ ਕਾਰਜ ਸੌਂਪਿਆ। ਇਸ ਕਾਰਜ ਉਪਰੰਤ ਆਪ ਨੇ ਅਤਿ ਸੁੰਦਰ ਗੁਰਮੁਖੀ ਦੇ ਲਿਖਾਰੀ, ਗੁਰਬਾਣੀ ਗਿਆਤਾ ਅਤੇ ਗੁਰੂ ਘਰ ਦੇ ਵਿਸ਼ਵਾਸ-ਪਾਤਰ ਭਾਈ ਗੁਰਦਾਸ ਜੀ ਨੂੰ ਬੀੜ ਦਾ ਲਿਖਾਰੀ ਨੀਯਤ ਕੀਤਾ।

ਸੰਪਾਦਨਾ ਦ੍ਰਿਸ਼ਟੀ ਤੋਂ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ 32 ਭਾਗਾਂ ਵਿੱਚ ਵੰਡਿਆ ਗਿਆ ਹੈ। ਮੂਲ ਮੰਤ੍ਰ ਤੋਂ ਆਰੰਭ ਹੋਇਆ ਪਹਿਲਾ ਭਾਗ 13 ਪੰਨਿਆਂ ਤੱਕ ਸੀਮਿਤ ਹੈ ਜਿਸ ਵਿੱਚ ਬਾਣੀ 'ਜਪੁ', 'ਸੋ ਦਰੁ', 'ਸੋ ਪੁਰਖੁ' ਅਤੇ 'ਸੋਹਿਲਾ' ਬਾਣੀ ਹੈ। ਪਹਿਲੇ ਭਾਗ ਉਪਰੰਤ 30 ਭਾਗ ਰਾਗਾਂ ਦੇ ਹਨ ਜਿਨ੍ਹਾਂ ਵਿੱਚ (ਰਾਗ ਜੈਜਾਵੰਤੀ ਤੋਂ ਬਿਨਾ) ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰਗ, ਮਲਾਰ, ਕਾਨੜਾ, ਕਲਿਆਣ ਅਤੇ ਪਰਭਾਤੀ ਸ਼ਾਮਿਲ ਹਨ। ਆਖ਼ਰੀ ਭਾਗ ਵਿੱਚ ਸਲੋਕ ਸਹਸਕ੍ਰਿਤੀ ਮਹਲਾ 1 ਅਤੇ ਮਹਲਾ 5, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ, ਸਲੋਕ ਸੇਖ ਫਰੀਦ, ਸਵਯੇ ਸ੍ਰੀ ਮੁਖਬਾਕ, ਭੱਟਾਂ ਦੇ ਸਵਈਏ, ਸਲੋਕ ਵਾਰਾਂ ਤੇ ਵਧੀਕ, ਮੁੰਦਾਵਣੀ ਅਤੇ ਸਲੋਕ ਮਹਲਾ 5 ਉਪਰੰਤ ਰਾਗ ਮਾਲਾ ਹੈ।

ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਦੋ ਤਰ੍ਹਾਂ ਦੇ ਵਿਸ਼ੇਸ ਕ੍ਰਮਾਂ ਅਨੁਸਾਰ ਰੱਖਿਆ ਹੈ। ਪਹਿਲਾ ਹੈ ਮਹਲਾ ਪਹਿਲਾ ਤੋਂ ਮਹਲਾ ਪੰਜਵਾਂ ਤੱਕ ਦਾ ਕ੍ਰਮ ਅਤੇ ਉਪਰੰਤ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵੀਦਾਸ ਜੀ ਅਤੇ ਉਪਰੰਤ ਹੋਰਨਾਂ ਭਗਤਾਂ ਦੀ ਬਾਣੀ ਹੈ। ਦੂਸਰਾ ਕ੍ਰਮ ਹੈ ਕਾਵਿ ਰੂਪ ਦਾ ਜਿਸ ਵਿੱਚ ਪਹਿਲਾਂ ਪਦੇ (ਸ਼ਬਦ) ਹਨ ਜਿਨ੍ਹਾਂ ਵਿੱਚ ਚਾਰ ਪਦੇ ਵਿਸ਼ੇਸ਼ ਹਨ, ਉਪਰੰਤ ਪਦੀਆਂ ਹਨ ਜਿੰਨ੍ਹਾਂ ਵਿੱਚ ਅਸ਼ਟਪਦੀਆਂ ਵਿਸ਼ੇਸ਼ ਹਨ, ਉਪਰੰਤ ਛੰਤ ਅਤੇ ਵਿਸ਼ੇਸ਼ ਸਿਰਲੇਖ ਦੀਆਂ ਬਾਣੀਆਂ, ਉਪਰੰਤ ਵਾਰ/ਵਾਰਾਂ ਅਤੇ ਭਗਤਾਂ ਦੀ ਬਾਣੀ ਹੈ।

ਹਰ ਕਾਵਿ-ਰੂਪ ਵਿੱਚ ਮਹਲਾ 1 ਤੋਂ ਮਹਲਾ 5 ਦਾ ਕ੍ਰਮ ਹੈ ਅਤੇ ਭਗਤ ਬਾਣੀ ਰਾਗ ਦੇ ਅੰਤ ਵਿੱਚ ਦਰਜ ਹੈ। ਸੰਪਾਦਨ ਪ੍ਰਕਿਰਿਆ ਵਿੱਚ ਅੰਕ ਪ੍ਰਬੰਧ ਵੀ ਆਪਣੀ ਖ਼ਾਸ ਮਹੱਤਤਾ ਰੱਖਦਾ ਹੈ। ਇਹ ਅੰਕ ਪ੍ਰਬੰਧ ਦੋ ਪ੍ਰਕਾਰ ਦਾ ਹੈ ਪਹਿਲਾ ਉਹ ਜੋ ਸੰਬੰਧਿਤ ਕਾਵਿ-ਰੂਪ ਦੇ ਬੰਦਾਂ ਦੀ ਗਿਣਤੀ ਦੱਸਦਾ ਹੈ ਅਤੇ ਦੂਜਾ ਉਹ ਜੋ ਅੰਤ ਵਿਚ ਸ਼ਬਦਾਂ ਆਦਿ ਦੀ ਗਿਣਤੀ ਲਈ ਕਾਰਜਸ਼ੀਲ ਹੈ। ਵੰਨਗੀ ਵਜੋਂ ਅੰਗ 1409 ਦੇ ਅੰਤ ਵਿੱਚ ਅੰਕ ਪ੍ਰਬੰਧ ॥2 ॥21 ॥9 ॥11 ॥10 ॥10 ॥22 ॥60 ॥ 143 ॥ ਹੈ। ਇਹ ਅੰਕ ਪ੍ਰਬੰਧ ਸਵੱਈਏ ਵਰਗ ਨਾਲ ਸਬੰਧ ਰੱਖਦਾ ਹੈ। ਸਵੱਈਆਂ ਦੀ ਗਿਣਤੀ 143 ਹੈ, ਜੋ ਅੰਤ ਵਿੱਚ ਅੰਕਿਤ ਹੈ। ਸਭ ਤੋਂ ਪਹਿਲਾ ਅੰਕ 2 ਹੈ ਜੋ ਹਰਿਬੰਸ ਭੱਟ ਦੇ ਸਵੱਈਆਂ ਦੀ ਗਿਣਤੀ ਦੱਸਦਾ ਹੈ, ਇਸ ਤੋਂ ਪਹਿਲਾਂ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਵਿੱਚ 19 ਸਵੱਈਏ ਹਨ। ਸੋ ਅੰਕ 21 ਗੁਰੂ ਅਰਜਨ ਦੇਵ ਜੀ ਲਈ ਭੱਟਾਂ ਦੁਆਰਾ ਕਹੇ ਗਏ ਸਵੱਈਆਂ ਦੀ ਗਿਣਤੀ ਹੈ। ਇਸ ਤੋਂ ਬਾਅਦ ਦੇ ਅੰਕ 9 ਅਤੇ 11 ਸਵੱਈਏ ਸ੍ਰੀ ਮੁੱਖਵਾਕ ਮਹਲਾ 5 ਦੀ ਗਿਣਤੀ ਨੂੰ ਦਰਸਾਉਂਦੇ ਹਨ ਜੋ ਇਸ ਵਰਗ ਦੀ ਪਹਿਲੀ ਅਤੇ ਦੂਜੀ ਰਚਨਾ ਹੈ। ਬਾਅਦ ਦੇ ਅੰਕ 10, 10, 22 ਅਤੇ 60 ਕ੍ਰਮਵਾਰ ਸਵੱਈਏ ਮਹਲੇ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਦੀ ਗਿਣਤੀ ਨੂੰ ਦਰਸਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਇਹ ਮਹਾਨ ਕਾਰਜ 1604 ਈਸਵੀ ਨੂੰ ਭਾਦਰੋਂ ਸੁਦੀ 1 ਨੂੰ ਸੰਪੂਰਨ ਹੋਇਆ।

### ਭਗਤ ਸਾਹਿਬਾਨ ਦੀ ਬਾਣੀ ਦਰਜ

ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਵਿੱਚ 5 ਗੁਰੂ ਸਾਹਿਬਾਨ (ਗੁਰੂ ਤੇਗ ਬਹਾਦਰ ਜੀ ਨਾਲ 6) ਤੋਂ ਬਿਨਾਂ ਕਬੀਰ, ਨਾਮਦੇਵ, ਰਵਿਦਾਸ (ਸਤਿਗੁਰੂ), ਫ਼ਰੀਦ (ਸੂਫ਼ੀ ਕਵੀ), ਤ੍ਰਿਲੋਚਨ, ਬੇਣੀ, ਧੰਨਾ, ਜੈ ਦੇਵ, ਭੀਖਣ, ਸੈਣ, ਪੀਪਾ, ਸਧਨਾ, ਰਾਮਾਨੰਦ, ਪਰਮਾਨੰਦ ਅਤੇ ਸੂਰਦਾਸ (ਸਾਰੇ ਸਤਿਕਾਰਯੋਗ 15 ਭਗਤ ਸਾਹਿਬਾਨ) 4 ਗੁਰੂ ਘਰ ਦੇ ਨਿਕਟਵਰਤੀ ਸਤਿਕਾਰਯੋਗ ਸਿੱਖਾਂ ਸੁੰਦਰ, ਭਾਈ ਮਰਦਾਨਾ (ਭਾਈ ਮਰਦਾਨਾ ਜੀ ਦੀ ਰਚਨਾ ਬਾਰੇ ਵਿਦਵਾਨ ਇਕਮਤ ਨਹੀਂ ਹਨ), ਸੱਤਾ ਅਤੇ ਬਲਵੰਡ ਅਤੇ 11 ਸਤਿਕਾਰਯੋਗ ਭੱਟਾਂ ਕਲ ਸਹਾਰ, ਜਾਲਪ, ਕੀਰਤ, ਸਲ, ਭਲ, ਨਲ, ਭਿਖਾ, ਗਯੰਦ, ਬਲ, ਹਰਬੰਸ ਅਤੇ ਮਥਰਾ ਦੀ ਬਾਣੀ ਦਰਜ ਕੀਤੀ ਗਈ ਹੈ।

### ਗੁਰਬਾਣੀ ਜਾਪ ਦਾ ਸੰਦੇਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕਰ ਕੇ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਨੀਯਤ ਕਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਨਮਸਕਾਰ ਕੀਤਾ। ਉਨ੍ਹਾਂ ਇਸ ਦੇ ਮਹਾਤਮ ਨੂੰ ਇਤਿਹਾਸ ਦੇ ਪੰਨਿਆਂ 'ਚ ਦਰਜ ਕਰਵਾਇਆ ਤੇ ਇਸ ਦਾ ਜਾਪ ਕਰਨ ਦਾ ਸੰਦੇਸ਼ ਦਿੱਤਾ-ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥(ਅੰਗ 1340)

# ਸਾਹਿਬਜ਼ਾਦਾ ਅਜੀਤ ਸਿੰਘ ਜੀ



ਡਾ.ਚਰਨਜੀਤ ਸਿੰਘ ਗੁਮਟਾਲਾ
9417533060

ਵਿਸ਼ਵ ਕੋਸ਼ ਅਨੁਸਾਰ ਸਾਹਿਬਜ਼ਾਦਾ ਅਜੀਤ ਸਿੰਘ ਜੀ, (1687-1705), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸਪੁੱਤਰ, 26 ਜਨਵਰੀ 1687 ਨੂੰ ਪਾਉਂਟਾ ਸਾਹਿਬ ਵਿਖੇ ਮਾਤਾ ਸੁੰਦਰੀ ਜੀ ਦੇ ਉਦਰ ਤੋਂ ਜਨਮੇ ਸਨ। ਇਸ ਤੋਂ ਅਗਲੇ ਸਾਲ 1688 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਅਨੰਦਪੁਰ ਵਾਪਸ ਆ ਗਏ, ਜਿੱਥੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਸਿੱਖੀ ਭਰਪੂਰ ਵਾਤਾਵਰਣ ਵਿੱਚ ਪਾਲਣ ਪੋਸ਼ਣ ਹੋਇਆ। ਇਹਨਾਂ ਨੂੰ ਧਾਰਮਿਕ ਗ੍ਰੰਥ, ਫ਼ਲਸਫੇ ਅਤੇ ਇਤਿਹਾਸ ਦੀ ਪੜ੍ਹਾਈ ਕਰਵਾਈ ਗਈ ਅਤੇ ਘੋੜ ਸਵਾਰੀ, ਤਲਵਾਰ ਚਲਾਉਣੀ ਅਤੇ ਤੀਰ ਅੰਦਾਜ਼ੀ ਦੀ ਸਿੱਖਿਆ ਵੀ ਦਿੱਤੀ ਗਈ। ਗੱਭਰੂ ਹੋ ਕੇ ਇਹ ਇੱਕ ਸੁੰਦਰ ਤਕੜੇ, ਬੁੱਧੀਮਾਨ ਨੌਜਵਾਨ ਬਣੇ ਅਤੇ ਸੁਭਾਵਿਕ ਹੀ ਸਾਰਿਆਂ ਦੇ ਲਾਡਲੇ ਆਗੂ ਬਣ ਗਏ। 30 ਮਾਰਚ 1699 ਨੂੰ ਖ਼ਾਲਸਾ ਸਾਜਣ ਦੀ ਘਟਨਾ ਤੋਂ ਛੇਤੀ ਹੀ ਪਿੱਛੋਂ ਆਪ ਜੀ ਨੂੰ ਆਪਣੀ ਲਿਆਕਤ ਦਾ ਪਹਿਲਾ ਇਮਤਿਹਾਨ ਪਾਸ ਕਰਨਾ ਪਿਆ। ਪੰਜਾਬ ਦੇ ਉੱਤਰ-ਪੱਛਮ ਵਿੱਚ ਪੋਠੋਹਾਰ ਇਲਾਕੇ ਤੋਂ ਆਉਂਦੀ ਸਿੱਖ ਸੰਗਤ ਨੂੰ ਸਤਲੁਜ ਦਰਿਆ ਦੇ ਪਾਰ ਅਨੰਦਪੁਰ ਤੋਂ ਥੋੜ੍ਹੀ ਹੀ ਦੂਰ ਨੂਹ ਦੇ ਰੰਘੜਾਂ ਨੇ ਹਮਲਾ ਕਰਕੇ ਲੁੱਟ ਲਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਕੇਵਲ 12 ਸਾਲ ਦੀ ਅਵਸਥਾ ਵਾਲੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਇੱਕ ਸੌ ਸਿੱਖਾਂ ਨਾਲ 23 ਮਈ 1699 ਨੂੰ ਉਸ ਪਿੰਡ ਭੇਜਿਆ, ਜਿੱਥੇ ਜਾ ਕੇ ਉਨ੍ਹਾਂ ਨੇ ਰੰਘੜਾਂ ਨੂੰ ਮਾਰ ਭਜਾਇਆ ਅਤੇ ਨਾਲ ਹੀ ਰੰਘੜਾਂ ਦੁਆਰਾ ਲੁੱਟਿਆ ਹੋਇਆ ਮਾਲ ਵਾਪਸ ਪ੍ਰਾਪਤ ਕੀਤਾ।

ਇਸ ਤੋਂ ਅਗਲੇ ਸਾਲ ਇਸ ਤੋਂ ਔਖਾ ਕਾਰਜ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਉਸ ਵੇਲੇ ਸੌਂਪਿਆ ਗਿਆ ਜਦੋਂ ਪਹਾੜੀ ਰਾਜਿਆਂ ਨੇ ਸ਼ਾਹੀ ਫ਼ੌਜਾਂ ਦੀ ਸਹਾਇਤਾ ਨਾਲ ਅਨੰਦਪੁਰ ਉਪਰ ਹਮਲਾ ਕਰ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਤਾਰਾਗੜ੍ਹ ਕਿਲ੍ਹੇ ਦੀ ਰੱਖਿਆ ਦਾ ਕੰਮ ਸੌਂਪਿਆ ਗਿਆ, ਜਿਸ ਉੱਪਰ ਪਹਿਲਾਂ ਹਮਲਾ ਹੋਇਆ ਸੀ। ਭੱਟ ਵਹੀਆਂ ਅਨੁਸਾਰ ਇਹ ਹਮਲਾ 29 ਅਗਸਤ 1700 ਨੂੰ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਇੱਕ ਤਜਰਬੇਕਾਰ ਸਿਪਾਹੀ, ਭਾਈ ਉਦੈ ਸਿੰਘ ਦੀ ਸਹਾਇਤਾ ਨਾਲ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਅਕਤੂਬਰ 1700 ਵਿੱਚ ਨਿਰਮੋਹਗੜ੍ਹ ਦੀਆਂ ਲੜਾਈਆਂ ਵਿੱਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਬਹਾਦਰੀ ਨਾਲ ਜੰਗਾਂ ਲੜੀਆਂ। 15 ਮਾਰਚ 1701 ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲ੍ਹੇ ਸਿਆਲਕੋਟ ਦੇ ਦੜਪ ਖੇਤਰ ਦੀ ਅਨੰਦਪੁਰ ਵੱਲ ਆਉਂਦੀ ਸੰਗਤ ਨੂੰ ਬਜਰੂੜ ਦੇ ਗੁੱਜਰਾਂ ਅਤੇ ਰੰਘੜਾਂ ਨੇ ਲੁੱਟ ਲਿਆ। ਸਾਹਿਬਜ਼ਾਦਾ ਅਜੀਤ ਸੰਿਘ ਨੇ ਇਹਨਾਂ ਰੰਘੜਾਂ ਅਤੇ ਗੁੱਜਰਾਂ ਵਿਰੁੱਧ ਮੁਹਿੰਮ ਦੀ ਅਗਵਾਈ ਕੀਤੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਇਹ 7 ਮਾਰਚ 1703 ਨੂੰ 100 ਘੋੜਸਵਾਰਾਂ ਨਾਲ ਹੁਸ਼ਿਆਪੁਰ ਦੇ ਨੇੜੇ ਬੱਸੀ ਪਹੁੰਚੇ ਅਤੇ ਇੱਕ ਨੌਜਵਾਨ ਬ੍ਰਾਹਮਣ ਦੀ ਸੱਜ ਵਿਆਹੀ ਵਹੁਟੀ ਨੂੰ ਸਥਾਨਿਕ ਪਠਾਣ ਮੁਖੀ ਤੋਂ ਰਿਹਾ ਕਰਵਾਇਆ।

1705 ਵਿੱਚ ਅਨੰਦਪੁਰ ਦੇ ਲੰਮੇ ਘੇਰੇ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਫਿਰ ਆਪਣੇ ਸਾਹਸ ਅਤੇ ਦਲੇਰੀ ਦਾ ਸਬੂਤ ਦਿੱਤਾ। 5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਜੀ ਨੇ ਅਨੰਦਪੁਰ ਖਾਲੀ ਕਰਨ ਦਾ ਫੈਸਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪਿਛਲੀ ਫ਼ੌਜ ਦੀ ਕਮਾਨ ਸੌਂਪੀ ਗਈ। ਜਦੋਂ ਘੇਰਾ ਪਾਉਣ ਵਾਲੇ ਫ਼ੌਜੀਆਂ ਨੇ ਕਿਲ੍ਹਾ ਖ਼ਾਲੀ ਕਰਨ ਸਮੇਂ ਸੁਰੱਖਿਅਤ ਰਸਤਾ ਦੇਣ ਦੇ ਆਪਣੇ ਦਿੱਤੇ ਭਰੋਸਿਆਂ ਨੂੰ ਛਿੱਕੇ ਟੰਗ ਕੇ ਸਾਹਿਬਜ਼ਾਦੇ ਦੀ ਫ਼ੌਜੀ ਟੁਕੜੀ ਉਪਰ ਧਾਵਾ ਬੋਲ ਦਿੱਤਾ ਤਾਂ ਇਹਨਾਂ ਨੇ ਦਲੇਰੀ ਨਾਲ ਵੈਰੀ ਫ਼ੌਜ ਨੂੰ ਉਤਨੀ ਦੇਰ ਸ਼ਾਹੀ ਟਿੱਬੀ ਕੋਲ ਰੋਕੀ ਰੱਖਿਆ ਜਦੋਂ ਤੱਕ ਭਾਈ ਉਦੈ ਸਿੰਘ ਉਹਨਾਂ ਦੀ ਸਹਾਇਤਾ ਲਈ ਆ ਨਾ ਪੁੱਜੇ। ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਪਿਤਾ, ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਪੰਝਾਹ ਕੁ ਸਿੱਖਾਂ ਨਾਲ ਚੜ੍ਹੀ ਹੋਈ ਸਰਸਾ ਨਦੀ ਨੂੰ ਪਾਰ ਕਰ ਗਏ। ਇਸ ਤੋਂ ਅੱਗੇ ਰੋਪੜ ਨੇੜੇ ਪਿੱਛਾ ਕਰਦੇ ਦਲਾਂ ਨਾਲ ਮੁੱਠ-ਭੇੜ ਹੋਣ ਕਾਰਨ ਗਿਣਤੀ ਹੋਰ ਵੀ ਘਟ ਗਈ ਪਰੰਤੂ ਸਾਹਿਬਜ਼ਾਦਾ ਅਜੀਤ ਸਿੰਘ ਦਾ ਇਹ ਦਸਤਾ 6 ਦਸੰਬਰ 1705 ਦੀ ਸ਼ਾਮ ਨੂੰ ਚਮਕੌਰ ਪੁੱਜ ਗਿਆ ਜਿੱਥੇ ਇਸ ਨੇ ਇੱਕ ਕੱਚੀ ਗੜ੍ਹੀ (ਉੱਚੀਆਂ ਕੰਧਾਂ ਵਾਲੀ ਹਵੇਲੀ) ਵਿੱਚ ਆਪਣੇ ਮੋਰਚੇ ਸੰਭਾਲ ਲਏ।

ਉੱਧਰ ਵੈਰੀ ਫ਼ੌਜਾਂ ਦੀ ਗਿਣਤੀ ਮਾਲੇਰਕੋਟਲਾ, ਸਰਹਿੰਦ ਦੇ ਸ਼ਾਸਕਾਂ ਅਤੇ ਸਥਾਨਿਕ ਰੰਘੜਾਂ ਅਤੇ ਗੁੱਜਰਾਂ ਦੀਆਂ ਵਹੀਰਾਂ ਵੱਲ ਵੱਧ ਰਹੀ ਸੀ ਅਤੇ ਇਹਨਾਂ ਸਾਰਿਆਂ ਨੇ ਚਮਕੌਰ ਦੀ ਗੜ੍ਹੀ ਨੂੰ ਸਖ਼ਤ ਘੇਰਾ ਪਾ ਲਿਆ। ਇਹ ਬੇਮੇਲ ਅਤੇ ਭਿਆਨਕ ਲੜਾਈ 7 ਦਸੰਬਰ 1705 ਨੂੰ ਸੂਰਜ ਚੜ੍ਹਦੇ ਸਾਰ ਸ਼ੁਰੂ ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫ਼ਰਨਾਮਾ ਅਨੁਸਾਰ ਕੇਵਲ ਚਾਲੀ ਸਿੱਖਾਂ ਨੇ ਦੁਸ਼ਮਣਾਂ ਦਾ ਡੱਟਵਾਂ ਮੁਕਾਬਲਾ ਕੀਤਾ। ਜਦੋਂ ਘਿਰੇ ਹੋਇਆਂ ਕੋਲ ਜੋ ਥੋੜ੍ਹਾ ਬਹੁਤਾ ਅਸਲਾ ਅਤੇ ਤੀਰ ਸਨ, ਉਹ ਵੀ ਖ਼ਤਮ ਹੋ ਗਏ ਤਾਂ ਉਹਨਾਂ ਨੇ ਪੰਜ ਪੰਜ ਦੇ ਦਸਤੇ ਬਣ ਕੇ ਤਲਵਾਰ ਅਤੇ ਭਾਲਿਆਂ ਨਾਲ ਘੇਰਾ ਪਾਈ ਬੈਠੇ ਫ਼ੌਜੀਆਂ ਨਾਲ ਝਪਟਾਂ ਲੈਣ ਦੀ ਯੁੱਧ-ਨੀਤੀ ਅਪਣਾਈ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਇਸ ਕਿਸਮ ਦੇ ਇੱਕ ਧਾਵੇ ਦੀ ਅਗਵਾਈ ਕੀਤੀ ਅਤੇ ਘਮਸਾਣ ਦੀ ਲੜਾਈ ਵਿੱਚ ਲੜਦੇ ਹੋਇਆਂ ਆਪਣੇ ਪਿਤਾ ਜੀ ਦੀਆਂ ਅੱਖਾਂ ਦੇ ਸਾਹਮਣੇ ਹੀ ਸ਼ਹਾਦਤ ਪ੍ਰਾਪਤ ਕੀਤੀ।

ਸਾਹਿਬਜ਼ਾਦਾ ਅਜੀਤ ਸਿੰਘ ਜਿੱਥੇ ਸ਼ਹੀਦ ਹੋਏ ਸਨ, ਅੱਜ ਕੱਲ੍ਹ ਇਸ ਥਾਂ ਉੱਤੇ ਗੁਰਦੁਆਰਾ ਕਤਲਗੜ੍ਹ ਬਣਿਆ ਹੋਇਆ ਹੈ। ਪਿੱਛੋਂ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਇਸੇ ਪ੍ਰਕਾਰ ਜੰਗ ਦੇ ਮੈਦਾਨ ਵਿੱਚ ਜੂਝਦੇ ਹੋਏ ਸ਼ਹੀਦ ਹੋ ਗਏ। ਬਿਕਰਮੀ ਮਹੀਨੇ ਦੇ 8 ਪੋਹ ਨੂੰ ਹਰ ਸਾਲ ਉਹਨਾਂ ਦੀ ਸ਼ਹੀਦੀ ਮਨਾਉਣ ਲਈ ਇਸ ਥਾਂ 'ਤੇ ਭਾਰੀ ਦੀਵਾਨ ਸਜਾਏ ਜਾਂਦੇ ਹਨ। ਚਮਕੌਰ ਦੀ ਜੰਗ ਵਿੱਚ ਦੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਪੱਕੀ ਗਵਾਹੀ ਇੱਕ ਸਮਕਾਲੀ ਲਿਖਤ ਤੋਂ ਵੀ ਮਿਲਦੀ ਹੈ। ਬਾਦਸ਼ਾਹ ਔਰੰਗਜ਼ੇਬ ਦੇ ਸਰਕਾਰੀ ਪੱਤਰ ਲੇਖਕ ਮਿਰਜ਼ਾ ਇਨਾਯਤ ਉੱਲਾ ਖ਼ਾਨ ਇਸਮੀ (1653-1725) ਦੇ ਅਹਿਕਾਮ-ਇ-ਆਲਮਗੀਰੀ (ਮੂਲ ਫ਼ਾਰਸੀ) ਖਰੜੇ ਵਿੱਚ ਇਹ ਲਿਖਤ ਇਸ ਪ੍ਰਕਾਰ ਹੈ, ਫੁਟਕਲ ਮਾਮਲਿਆਂ ਸੰਬੰਧੀ ਇੱਕ ਪੱਤਰ ਪ੍ਰਾਪਤ ਹੋਇਆ ਜਿਸ ਵਿੱਚ ਨਾਨਕ ਦੇ ਪੁਜਾਰੀ ਗੋਬਿੰਦ ਦੇ ਸਰਹਿੰਦ ਤੋਂ 12 ਕੋਹ (ਲਗਭਗ 29 ਕਿਲੋਮੀਟਰ) ਇੱਕ ਜਗ੍ਹਾ ਆਉਣ ਦਾ 700 ਸਿਪਾਹੀਆਂ ਦੇ ਤੋਪਖਾਨੇ ਸਮੇਤ ਇੱਕ ਦਸਤੇ ਅਤੇ ਹੋਰ ਸਾਜ਼ ਸਾਮਾਨ ਦੇ ਭੇਜੇ ਜਾਣ ਦਾ, ਉਸ ਦੇ ਪਿੰਡ ਚਮਕੌਰ ਵਿੱਚ ਇੱਕ ਜਿੰਮੀਦਾਰ ਦੀ ਹਵੇਲੀ ਵਿੱਚ ਘੇਰੇ ਜਾਣ ਦੇ ਹਾਰ ਜਾਣ, ਅਤੇ ਉਸ ਦੇ ਦੋ ਪੁਤਰਾਂ ਅਤੇ ਹੋਰ ਸਾਥੀਆਂ ਦੇ ਮਾਰੇ ਜਾਣ ਦਾ, ਅਤੇ ਉਸ ਦੀ ਮਾਤਾ ਅਤੇ ਇੱਕ ਹੋਰ ਪੁਤਰ ਦੇ ਪਕੜੇ ਜਾਣ ਦਾ ਵਰਣਨ ਮਿਲਦਾ ਹੈ।

# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 21 ਫ਼ਰਵਰੀ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਸ਼ਾ ਦੀਆਂ ਪਰਿਭਾਸ਼ਾਵਾਂ ਵਿੱਚ: ਭਾਸ਼ਾ ਸ਼ਬਦ ਸੰਸਕ੍ਰਿਤ ਦੇ ਧਾਤ ਤੋਂ ਬਣਿਆ ਹੈ। ਜਿਸ ਦਾ ਮਤਲਬ ਹੈ ਬੋਲਣਾ ਜਾਂ ਕਹਿਣਾ। ਅਰਥਾਤ ਭਾਸ਼ਾ ਉਹ ਹੈ ਜਿਸ ਨੂੰ ਬੋਲਿਆ ਜਾਵੇ। ਪਲੈਟੋ ਅਨੁਸਾਰ ਕਿ ਵਿਚਾਰ ਅਤੇ ਭਾਸ਼ਾ ਵਿੱਚ ਥੋੜ੍ਹਾ ਹੀ ਅੰਤਰ ਹੈ। ਵਿਚਾਰ ਆਤਮਾ ਦੀ ਮੂਕ ਜਾਂ ਅਧੁਨੀਰੂਪ ਗੱਲਬਾਤ ਹੈ ਪਰ ਉਹ ਹੀ ਜਦੋਂ ਧੁਨੀ ਰੂਪ ਹੋ ਕੇ ਬੁੱਲ੍ਹੀਆਂ ਉੱਤੇ ਜ਼ਾਹਿਰ ਹੁੰਦੀ ਹੈ, ਉਸ ਨੂੰ ਭਾਸ਼ਾ ਦੀ ਸੰਗਿਆ ਦਿੰਦੇ ਹਨ। ਭਾਸ਼ਾ ਅੰਦਰੂਨੀ ਪ੍ਰਕਾਸ਼ਨ ਦਾ ਸਭ ਤੋਂ ਜਿਆਦਾ ਭਰੋਸੇਯੋਗ ਸਾਧਨ ਹੈ। ਇਹੀ ਨਹੀਂ ਉਹ ਸਾਡੇ ਅੰਦਰੂਨੀ ਦੇ ਉਸਾਰੀ, ਵਿਕਾਸ, ਸਾਡੀ ਅਸਮਤਾ, ਸਮਾਜਿਕ ਸਾਂਸਕ੍ਰਿਤਿਕ ਪਹਿਚਾਣ ਦਾ ਵੀ ਸਾਧਨ ਹੈ। ਭਾਸ਼ਾ ਦੇ ਬਿਨਾ ਮਨੁੱਖ ਸਰਵਥਾ ਅਪੂਰਵ ਅਤੇ ਇਤਿਹਾਸ ਆਦਿ ਪ੍ਰਸੰਗ ਨਾਲੋਂ ਵੱਖ ਹੁੰਦਾ ਹੈ।

ਇਹ ਦਿਹਾੜਾ ਲੋਕਾਂ ਦੇ ਆਪਣੀਆਂ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ, ਮੁੜ ਸੁਰਜੀਤ ਕਰਨ, ਭਾਸ਼ਾਈ ਸੱਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਅਤੇ ਬਹੁ ਭਾਸ਼ਾਈਵਾਦ ਨੂੰ ਉਤਸ਼ਾਹਿਤ ਕਰਨ ਦੇ ਅਧਿਕਾਰ ਨੂੰ ਯਕੀਨੀ ਬਨਾਉਣਾ ਹੈ। ਇਹ ਨੀਤੀ ਵਿਕਾਸ ਦੇ ਖੇਤਰਾਂ ਵਿੱਚ ਸਹਿਯੋਗ ਕਰਨ ਅਤੇ ਇੱਕ ਵਿਸ਼ਵ ਵਿਆਪੀ ਵਾਰਤਾਲਾਪ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਹ ਦਿਨ ਚਿੰਤਾ ਦੇ ਮੁੱਦਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਨ ਵਿਸ਼ਵ ਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜਨੀਤਕ ਇੱਛਾ ਸ਼ਕਤੀ ਅਤੇ ਸਰੋਤਾਂ ਨੂੰ ਜੁਟਾਉਣ ਅਤੇ ਮਨੁੱਖਤਾ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਮਜ਼ਬੂਤ ਕਰਨ ਦੇ ਮੌਕੇ ਹੈ। ਅੰਤਰਰਾਸ਼ਟਰੀ ਦਿਨਾਂ ਦੀ ਹੋਂਦ ਸੰਯੁਕਤ ਰਾਸ਼ਟਰ ਦੀ ਸਥਾਪਨਾ ਤੋਂ ਪਹਿਲਾਂ ਹੈ ਪਰ ਸੰਯੁਕਤ ਰਾਸ਼ਟਰ ਨੇ ਇਨ੍ਹਾਂ ਨੂੰ ਇੱਕ ਸ਼ਕਤੀਸ਼ਾਲੀ, ਵਕਾਲਤ ਸਾਧਨ ਵਜੋਂ ਅਪਣਾਇਆ ਹੈ। ਜਿਵੇਂ ਅੰਤਰਰਾਸ਼ਟਰੀ ਸਿੱਖਿਆ ਦਿਵਸ 24 ਜਨਵਰੀ, ਸੱਭਿਆਚਾਰਕ ਵਿਭਿੰਨਤਾ ਲਈ ਵਿਸ਼ਵ ਦਿਵਸ 21 ਮਈ, ਸ਼ਿਵ ਦੇ ਆਦਿਵਾਸੀ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ 30 ਸਤੰਬਰ, 21 ਫ਼ਰਵਰੀ ਨੂੰ ਆਯੋਜਿਤ ਇੱਕ ਵਿਸ਼ਵ-ਵਿਆਪੀ ਸਾਲਾਨਾ ਸਮਾਰੋਹ ਹੈ। ਪਹਿਲੀ ਵਾਰ ਯੂਨੈਸਕੋ ਵੱਲੋਂ 17 ਨਵੰਬਰ 1999 ਨੂੰ ਆਯੋਜਿਤ ਕੀਤਾ ਗਿਆ ਸੀ। ਇਸ ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ 2002 ਵਿੱਚ ਸੰਯੁਕਤ ਰਾਸ਼ਟਰ ਦੇ ਮਤੇ 56/262 ਨੂੰ ਅਪਨਾਉਣ ਦੇ ਨਾਲ ਰਸਮੀ ਤੌਰ 'ਤੇ ਮਾਨਤਾ ਦਿੱਤੀ ਗਈ। ਜਿਵੇਂ ਕਿ

ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ 16 ਮਈ 2007 ਨੂੰ ਸੰਯੁਕਤ ਰਾਸ਼ਟਰ ਦੇ ਮਤੇ 61/266 ਵਿੱਚ ਅਪਣਾਇਆ ਗਿਆ ਸੀ। ਜਿਸ ਨੇ 2008 ਨੂੰ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਵਜੋਂ ਸਥਾਪਿਤ ਕੀਤਾ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਵਿਚਾਰ ਬੰਗਲਾਦੇਸ਼ ਦੀ ਪਹਿਲ ਸੀ। ਯੂਨੈਸਕੋ ਨੂੰ ਸਾਲ ਲਈ ਪ੍ਰਮੁੱਖ ਏਜੰਸੀ ਵਜੋਂ ਸੇਵਾ ਕਰਨ ਦਾ ਨਾਮ ਦਿੱਤਾ। ਬੰਗਲਾ ਦੇਸ਼ ਵਿੱਚ 21 ਫ਼ਰਵਰੀ ਉਸ ਦਿਨ ਦੀ ਵਰ੍ਹੇ ਗੰਢ ਹੈ, ਜਦੋਂ ਬੰਗਲਾ ਦੇਸ਼, ਉਸ ਸਮੇਂ ਪੂਰਬੀ ਪਾਕਿਸਤਾਨ ਦੇ ਲੋਕਾਂ ਨੇ ਬੰਗਲਾ ਭਾਸ਼ਾ ਨੂੰ ਮਾਨਤਾ ਦਿਵਾਉਣ ਲਈ ਲੜਾਈ ਲੜੀ ਸੀ। ਇਹ ਪੱਛਮੀ ਬੰਗਾਲ ਭਾਰਤ ਵਿੱਚ ਵੀ ਮਨਾਇਆ ਜਾਂਦਾ ਹੈ।

ਬੰਗਾਲੀ ਭਾਸ਼ਾ ਅੰਦੋਲਨ 1952 ਤਤਕਾਲੀਨ ਪੂਰਬੀ ਪਾਕਿਸਤਾਨ ਵਰਤਮਾਨ ਬੰਗਲਾਦੇਸ਼ ਵਿੱਚ ਚਲਿਆ ਇੱਕ ਸੱਭਿਆਚਾਰਕ ਅਤੇ ਰਾਜਨੀਤਿਕ ਅੰਦੋਲਨ ਸੀ, ਜਿਸ ਨੂੰ ਭਾਸ਼ਾ ਅੰਦੋਲਨ ਵੀ ਕਹਿੰਦੇ ਹਨ। ਇਸ ਅੰਦੋਲਨ ਦੀ ਮੰਗ ਸੀ ਕਿ ਬੰਗਲਾ ਭਾਸ਼ਾ ਨੂੰ ਪਾਕਿਸਤਾਨ ਦੀ ਇੱਕ ਦਫ਼ਤਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ। ਇਸ ਦੀ ਵਰਤੋਂ ਸਰਕਾਰੀ ਕੰਮ ਕਾਰ, ਧੰਦੇ, ਸਿੱਖਿਆ ਦੇ ਮਾਧਿਅਮ ਵਜੋਂ ਸੰਚਾਰ ਮਾਧਿਆਮਾਂ ਵਿੱਚ ਮੁਦਰਾ ਅਤੇ ਮੁਹਾਰ ਆਦਿ ਉੱਤੇ ਜਾਰੀ ਰਖਿਆ ਜਾਵੇ। ਇਹ ਮੰਗ ਪੂਰਬੀ ਪਾਕਿਸਤਾਨ ਦੇ ਧੀਰੇਂਦਰ ਦੰਤਾਂ ਵੱਲੋਂ 23 ਫ਼ਰਵਰੀ 1948 ਨੂੰ ਉਠਾਈ ਗਈ। ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਮੁਜ਼ਾਹਰੇ ਕੀਤੇ ਜਾਣ ਲੱਗੇ। ਉਹਨਾਂ ਨੂੰ ਆਮ ਜਨਤਾ ਦਾ ਵੀ ਸਮਰਥਨ ਪ੍ਰਾਪਤ ਸੀ। 21 ਫ਼ਰਵਰੀ 1952 ਨੂੰ ਪੁਲਿਸ ਵੱਲੋਂ ਗੋਲੀ ਚਲਾ ਦਿੱਤੀ ਗਈ। ਜਿਸ ਵਿੱਚ ਅਨੇਕਾਂ ਲੋਕ ਜ਼ਖ਼ਮੀ ਹੋਏ ਪਰ ਚਾਰ ਵਿਦਿਆਰਥੀ ਮਾਰੇ ਗਏ, ਜਿਵੇਂ ਕਿ ਅਬਸ ਸਲਾਮ, ਅਬੁਲ ਬਰਕਤ, ਰਫੀਕ ਉਦੀਨ ਅਹਿਮਦ, ਅਬਦੁਲ ਜਬਰ ਅਤੇ ਸੀਨ ਰਹਿਮਾਨ ਇਹ ਦੁਨੀਆਂ ਵਿੱਚ ਇੱਕ ਵੱਖਰਾ ਦਰਦਨਾਕ ਅੰਦੋਲਨ ਸੀ, ਜਦੋਂ ਕਿਸੇ ਨੇ ਆਪਣੀ ਮਾਂ ਬੋਲੀ ਲਈ ਕੁਰਬਾਨੀਆਂ ਦਿੱਤੀਆਂ। ਉਦੋਂ ਤੋਂ ਬੰਗਲਾਦੇਸ਼ੀ ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਇਸ ਦਰਦਨਾਕ ਦਿਨ ਨੂੰ ਮਾਤ ਭਾਸ਼ਾ ਦਿਵਸ ਵਜੋਂ ਮਨਾਉਂਦੇ ਹਨ। ਸ਼ਹੀਦਾਂ ਦੀ ਯਾਦ ਵਿੱਚ ਉਸਰੇ ਸ਼ਹੀਦੀ ਮੀਨਾਰ 'ਤੇ ਜਾਂਦੇ ਹਨ। ਡੂੰਘੇ ਦੁੱਖ ਅਤੇ ਭਾਵਨਾ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹਨ। ਉਸ ਦਿਨ ਬੰਗਲਾਦੇਸ਼ ਵਿੱਚ ਛੁੱਟੀ ਘੋਸ਼ਿਤ ਹੈ। ਨਵੰਬਰ 17, 1992 ਨੂੰ ਯੂਨੈਸਕੋ ਦੀ 30ਵੀਂ ਮਹਾਂ ਸਭਾ ਵੱਲੋਂ 21 ਫ਼ਰਵਰੀ ਦਾ ਦਿਨ ਮਾਤ ਭਾਸ਼ਾ ਦਿਵਸ ਐਲਾਨ ਕੀਤਾ। ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਜਿਨ੍ਹਾਂ ਨੇ 21 ਫ਼ਰਵਰੀ 1952 ਨੂੰ ਕੁਰਬਾਨੀਆਂ ਦਿੱਤੀਆਂ।

ਅੱਜ ਇਹ ਜਾਗਰੂਕਤਾ ਵੱਧ ਰਹੀ ਹੈ ਕਿ ਭਾਸ਼ਾਵਾਂ ਵਿਕਾਸ ਵਿੱਚ ਸੱਭਿਆਚਾਰਕ ਵਿਭਿੰਨਤਾ ਅਤੇ ਅੰਤਰ ਸੱਭਿਆਚਾਰਕ ਸੰਵਾਦ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪਰ ਨਾਲ ਹੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਸਾਰਿਆਂ ਲਈ ਮਿਆਰੀ ਸਿੱਖਿਆ ਪ੍ਰਾਪਤ ਕਰਨ ਸੰਮਲਿਤ ਗਿਆਨ ਸਮਾਜ ਦੇ ਨਿਰਮਾਣ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਅਤੇ ਸਿਆਸੀ, ਲਾਮਬੰਦੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਟਿਕਾਊ ਵਿਕਾਸ ਲਈ ਵਿਗਿਆਨ ਅਤੇ ਤਕਨੀਕੀ ਲਾਭਾਂ ਨੂੰ ਲਾਗੂ ਕਰਨ ਦੀ ਇੱਛਾ।

ਭਾਸ਼ਾਵਾਂ ਸਿੱਖਿਆ ਅਤੇ ਟਿਕਾਊ ਵਿਕਾਸ ਲਈ ਜ਼ਰੂਰੀ ਹਨ। ਮੁੱਢਲੇ ਸਾਧਨਾਂ ਵਜੋਂ ਕੰਮ ਕਰਦੀਆਂ ਹਨ। ਜਿਸ ਰਾਹੀਂ ਗਿਆਨ ਦਾ ਆਦਾਨ ਪ੍ਰਦਾਨ, ਤਬਾਦਲਾ ਕੀਤਾ ਜਾਂਦਾ ਹੈ। ਸੱਭਿਆਚਾਰ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਅੱਜ ਦੁਨੀਆਂ ਵਿੱਚ ਲਗਭਗ 8324 ਭਾਸ਼ਾਵਾਂ ਦੇ ਨਾਲ ਬਹੁਤ ਸਾਰੀਆਂ ਵਿਸ਼ਵੀਕਰਨ ਅਤੇ ਸਮਾਜਿਕ ਤਬਦੀਲੀਆਂ ਕਾਰਨ ਅਲੋਪ ਹੋਣ ਦੇ ਜੋਖਮ ਵਿੱਚ ਹਨ। ਇਹ ਯਕੀਨੀ ਬਣਾਉਣਾ ਕਿ ਸਿੱਖਿਆ ਪ੍ਰਣਾਲੀਆਂ ਆਪਣੀ ਮਾਤ ਭਾਸ਼ਾ ਵਿੱਚ ਸਿੱਖਣ ਦੇ ਅਧਿਕਾਰ ਦਾ ਸਮਰਥਨ ਕਰਦੀਆਂ ਹਨ। ਸਿੱਖਿਆ ਦੇ ਨਤੀਜਿਆਂ ਨੂੰ ਬੇਹਤਰ ਬਨ੍ਹਾਉਣ ਲਈ ਮਹੱਤਵਪੂਰਨ ਹੈ ਕਿਉਂਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਅਜਿਹੀ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਹੈ ਜੋ ਉਹ ਪੂਰੀ ਤਰ੍ਹਾਂ ਸਮਝਦੇ ਹਨ। ਉਹ ਬੇਹਤਰ ਸਮਝ ਰੁਝੇਵਿਆਂ ਅਤੇ ਆਲੋਚਨਾਤਮਿਕ ਲੋਕਾਂ ਦੇ ਹੁਨਰ ਨੂੰ ਦਰਸਾਉਂਦੇ ਹਨ। ਬਹੁ ਭਾਸ਼ਾਈ ਸਿੱਖਿਆ ਖਾਸ ਤੌਰ ਤੇ ਘੱਟ ਗਿਣਤੀ ਅਤੇ ਸਵਦੇਸ਼ੀ ਭਾਸ਼ਾਵਾਂ ਲਈ ਨਾ ਸਿਫ਼ਰ ਸਿਖਿਆਰਥੀਆਂ ਦੀ ਮਦਦ ਕਰਦੀ ਹੈ, ਸਗੋਂ ਸਿੱਖਿਆ ਅਤੇ ਸੱਭਿਆਚਾਰ ਵਿਚਕਾਰ ਡੂੰਘੇ ਸੰਬੰਧਾਂ ਨੂੰ ਵੀ ਦਰਸਾਉਂਦੀ ਹੈ, ਜੋ ਵਧੇਰੇ ਸਮਾਵੇਸ਼ੀ ਅਤੇ ਬਰਾਬਰੀ ਵਾਲੇ ਸਮਾਜਾਂ ਵਿੱਚ ਯੋਗਦਾਨ ਪਾਉਂਦੀ ਹੈ।

ਅੰਤਰਰਾਸ਼ਟਰੀ ਭਾਸ਼ਾ ਦਿਵਸ ਦੀ ਚੌਥਾਈ ਸਦੀ ਵਰ੍ਹੇ ਗੰਢ ਭਾਸ਼ਾਈ ਵਿਭਿੰਨਤਾ ਨੂੰ ਸੁਰੱਖਿਅਤ ਰੱਖਣ ਅਤੇ ਮਾਤ ਭਾਸ਼ਾਵਾਂ ਨੂੰ ਸੁਰੱਖਿਅਤ ਕਰਨ ਦੇ ਜਸ਼ਨ ਮਨਾਉਂਦੀ ਏ। ਇਹ ਮੀਲ ਪੱਥਰ ਸੱਭਿਆਚਾਰਕ ਵਿਰਾਸਤ ਦੀ ਰਾਖੀ, ਸਿੱਖਿਆ ਵਿੱਚ ਸੁਧਾਰ ਅਤੇ ਸ਼ਾਂਤੀਪੂਰਨ ਸਮਾਜ ਨੂੰ ਉਤਸ਼ਾਹਿਤ ਕਰਨ ਵਿੱਚ ਭਾਸ਼ਾ ਦੀ ਸੰਭਾਲ ਦੇ ਮਹੱਤਵ ਉੱਤੇ ਜੋਰ ਦਿੰਦਾ ਹੈ।

ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਪਹਿਲਾਂ ਯੂਨੈਸਕੋ ਦੁਆਰਾ ਘੋਸ਼ਿਤ ਕੀਤਾ ਗਿਆ। ਬਾਅਦ ਵਿੱਚ ਸੰਯੁਕਤ ਜਨਰਲ ਅਸੈਂਬਲੀ ਦੁਆਰਾ ਅਪਣਾਇਆ ਗਿਆ, ਨੂੰ ਕਿਹਾ ਜਾ ਸਕਦਾ ਹੈ ਕਿ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਭਾਸ਼ਾਵਾਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਬਹੁ ਭਾਸ਼ਾਈ ਸਿੱਖਿਆ ਨਾ ਸਿਰਫ਼ ਸਮਾਵੇਸ਼ੀ ਸਮਾਜਾਂ ਨੂੰ ਉਤਸ਼ਾਹਿਤ ਕਰਦੀ ਹੈ ਬਲਕਿ ਗੈਰ ਪ੍ਰਭਾਵ ਸ਼ਾਲੀ ਘੱਟ ਗਿਣਤੀ ਅਤੇ ਸਵਦੇਸ਼ੀ ਭਾਸ਼ਾਵਾਂ ਨੂੰ ਸੁਰਖਿਅਤ ਰੱਖਣ ਵਿੱਚ ਵੀ ਸਹਾਇਤਾ ਕਰਦੀ ਹੈ। ਇਸ ਸਾਰੇ ਵਿਅਕਤੀਆਂ ਲਈ ਸਿੱਖਿਆ ਅਤੇ ਜੀਵਨ ਭਰ ਸਿੱਖਣ ਦੇ ਮੌਕਿਆਂ ਤੱਕ ਬਰਾਬਰ ਪਹੁੰਚ ਪ੍ਰਾਪਤ ਕਰਨ ਲਈ ਇੱਕ ਨੀਂਹ ਪੱਥਰ ਹੈ।






# ਵਾਤਾਵਰਣ ਸੰਭਾਲ: ਅਸੀਂ ਬਦਲਾਂਗੇ ਤਾਂ ਬਦਲੇਗਾ ਯੁੱਗ

## ਰੂਹਾਨੀ ਤੌਰ ’ਤੇ ਵਾਤਾਵਰਣ ਨਾਲ ਜੁੜਨ ਮਨੁੱਖ





ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ ’ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ ‘ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ’। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਨ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ ਕਿਉਂਕਿ ਅਸੀਂ ਕੁਦਰਤ ਦੇ ਮਾਲਕ ਨਹੀਂ ਸਗੋਂ ਬਾਕੀ ਜੀਵਾਂ ਵਾਂਗ ਇਸ ਦਾ ਹਿੱਸਾ ਹਾਂ। ਅਸੀਂ ਕੁਦਰਤ ਨੂੰ ਆਪਣੇ ਅਨੁਸਾਰ ਨਹੀਂ ਚਲਾ ਸਕਦੇ ਅਤੇ ਜੇਕਰ ਅਸੀਂ ਖੁਸ਼ਹਾਲ ਅਤੇ ਸੁਰੱਖਿਅਤ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ।

ਅੱਜ ਸਾਡੇ ਸਾਹਮਣੇ ਵਾਤਾਵਰਣ ਦੇ ਕਈ ਵੱਡੇ ਮੁੱਦੇ ਹਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਬਾਅ ਜਲਵਾਯੂ ਤਬਦੀਲੀ ਦਾ ਮੁੱਦਾ ਹੈ। ਇਹ ਸਮੱਸਿਆ ਮੁੱਖ ਤੌਰ ’ਤੇ ਮਨੁੱਖੀ ਗਤੀਵਿਧੀਆਂ ਤੋਂ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਇਹ ਸਮੱਸਿਆ ਵਧਦੇ ਗਲੋਬਲ ਤਾਪਮਾਨ, ਬਦਲਦੇ ਮੌਸਮ ਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ ਅਤੇ ਹੋਰ ਮਾੜੇ ਪ੍ਰਭਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ।

ਇਸ ਕਾਰਨ ਕੁਦਰਤੀ ਮੁਸੀਬਤਾਂ ਵਧ ਰਹੀਆਂ ਹਨ। ਖੇਤੀਬਾੜੀ, ਲੌਗਿੰਗ, ਸ਼ਹਿਰੀਕਰਨ ਅਤੇ ਹੋਰ ਉਦੇਸ਼ਾਂ ਲਈ ਵੱਡੇ ਪੱਧਰ ’ਤੇ ਜੰਗਲਾਂ ਦੀ ਕਟਾਈ ਕਾਰਨ ਆਕਸੀਜਨ ਦਾ ਸਭ ਤੋਂ ਵੱਡਾ ਭੰਡਾਰ, ਜੰਗਲਾਂ ਦਾ ਰਕਬਾ ਸੁੰਗੜਦਾ ਜਾ ਰਿਹਾ ਹੈ। ਨਤੀਜੇ ਵਜੋਂ ਜੰਗਲੀ ਜੀਵਾਂ ਦੇ ਨਿਵਾਸ ਸਥਾਨ ਦਾ ਨੁਕਸਾਨ, ਜੈਵ ਵਿਭਿੰਨਤਾ ਵਿੱਚ ਗਿਰਾਵਟ ਅਤੇ ਵਾਤਾਵਰਣ ਵਿੱਚ ਕਾਰਬਨ ਡਾਈਆਕਸਾਈਡ ਦੇ ਵਧੇ ਹੋਏ ਪੱਧਰ ਹਨ। ਜੈਵ ਵਿਭਿੰਨਤਾ ਦਾ ਤੇਜ਼ੀ ਨਾਲ ਨੁਕਸਾਨ ਵੀ ਇੱਕ ਗੰਭੀਰ ਮੁੱਦਾ ਹੈ। ਮਨੁੱਖੀ ਗਤੀਵਿਧੀਆਂ ਜਿਵੇਂ ਕਿ ਨਿਵਾਸ ਸਥਾਨਾਂ ਦਾ ਵਿਨਾਸ਼, ਪ੍ਰਦੂਸ਼ਣ, ਜ਼ਿਆਦਾ ਸ਼ੋਸ਼ਣ ਅਤੇ ਜਲਵਾਯੂ ਪਰਿਵਰਤਨ ਜੰਗਲੀ ਜੀਵਾਂ ਦੀ ਆਬਾਦੀ ਅਤੇ ਨਿਵਾਸ ਸਥਾਨਾਂ ਦੇ ਗਿਰਾਵਟ ਦਾ ਕਾਰਨ ਬਣ ਰਹੇ ਹਨ। ਇਹ ਵੀ ਮਨੁੱਖੀ-ਜੰਗਲੀ ਜੀਵ-ਜੰਤੂਆਂ ਦੇ ਵਧਦੇ ਸੰਘਰਸ਼ ਦਾ ਇੱਕ ਕਾਰਨ ਹੈ।

ਦੁਨੀਆ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ ’ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣੀ ਹੋਈ ਹੈ। ਇਸ ਦਾ ਮਨੁੱਖੀ ਸਿਹਤ, ਵਾਤਾਵਰਣ ਅਤੇ ਜੰਗਲੀ ਜੀਵਣ ’ਤੇ ਮਾੜਾ ਪ੍ਰਭਾਵ ਪੈਂਦਾ ਹੈ।

ਉਦਯੋਗਿਕ ਗਤੀਵਿਧੀਆਂ, ਆਵਾਜਾਈ ਅਤੇ ਜੈਵਿਕ ਈਂਧਨ ਦੇ ਜਲਣ ਦੇ ਕਾਰਨ ਹਵਾ ਦੀ ਮਾੜੀ ਗੁਣਵੱਤਾ ਮਨੁੱਖੀ ਸਿਹਤ ’ਤੇ ਨੁਕਸਾਨਦੇਹ ਪ੍ਰਭਾਵ ਪਾਉਂਦੀ ਹੈ ਅਤੇ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾ ਰਹੀ ਹੈ।

ਉਚਿਤ ਪ੍ਰਬੰਧਨ ਅਤੇ ਸੰਭਾਲ ਤੋਂ ਬਿਨਾਂ, ਜੈਵਿਕ ਈਂਧਨ, ਖਣਿਜ ਅਤੇ ਤਾਜ਼ੇ ਪਾਣੀ ਸਮੇਤ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਖਪਤ, ਸਰੋਤਾਂ ਦੀ ਕਮੀ ਸਾਨੂੰ ਭਵਿੱਖ ਦੇ ਸੰਕਟ ਵੱਲ ਲੈ ਜਾ ਰਹੀ ਹੈ।

ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਬਦਲੀਏ ਤਾਂ ਵਾਤਾਵਰਣ ਦੇ ਅਸੰਤੁਲਨ ਕਾਰਨ ਅਸੀਂ ਜਿਸ ਗੰਭੀਰ ਸੰਕਟ ਵੱਲ ਵਧ ਰਹੇ ਹਾਂ, ਉਸ ਨੂੰ ਰੋਕਿਆ ਜਾ ਸਕਦਾ ਹੈ ਅਤੇ ਅਸੀਂ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ। ਉਦਾਹਰਣ ਲਈ, ਜੇਕਰ ਅਸੀਂ ਊਰਜਾ-ਕੁਸ਼ਲ ਉਪਕਰਨਾਂ ਦੀ ਵਰਤੋਂ ਕਰਦੇ ਹਾਂ, ਵਰਤੋਂ ਵਿੱਚ ਨਾ ਹੋਣ ’ਤੇ ਲਾਈਟਾਂ ਅਤੇ ਇਲੈਕਟ੍ਰੋਨਿਕਸ ਬੰਦ ਕਰਦੇ ਹਾਂ ਅਤੇ ਹੀਟਿੰਗ ਅਤੇ ਕੂਲਿੰਗ ਸਿਸਟਮ ਨੂੰ ਅਨੁਕੂਲਿਤ ਕਰਕੇ ਊਰਜਾ ਦੀ ਬਚਤ ਕਰਦੇ ਹਾਂ, ਜਾਂ ਸੂਰਜੀ ਜਾਂ ਪੌਣ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਵਾਤਾਵਰਨ ਦੀ ਰੱਖਿਆ ਕਰ ਸਕਦੇ ਹਾਂ।

ਇਸੇ ਤਰ੍ਹਾਂ ਜੇਕਰ ਅਸੀਂ ਸਾਈਕਲ ਚੁਣਦੇ ਹਾਂ ਜਾਂ ਜਦੋਂ ਵੀ ਸੰਭਵ ਹੋਵੇ ਆਉਣ-ਜਾਣ ਲਈ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਕਰਦੇ ਹਾਂ। ਜੇਕਰ ਤੁਹਾਨੂੰ ਕਾਰ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਾਰਪੂਲਿੰਗ ਜਾਂ ਇਲੈਕਟ੍ਰਿਕ ਜਾਂ ਹਾਈਬ੍ਰਿਡ ਵਾਹਨਾਂ ਦੀ ਵਰਤੋਂ ਕਰਨਾ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਪਾਣੀ ਦੇ ਲੀਕ ਨੂੰ ਠੀਕ ਕਰਕੇ, ਛੋਟੇ ਸ਼ਾਵਰ ਲੈ ਕੇ ਅਤੇ ਪਾਣੀ ਬਚਾਉਣ ਵਾਲੇ ਉਪਕਰਨਾਂ ਦੀ ਵਰਤੋਂ ਕਰਕੇ ਪਾਣੀ ਦੀ ਸੰਭਾਲ ਕਰੋ। ਬਾਰਿਸ਼ ਦੇ ਪਾਣੀ ਨੂੰ ਇਕੱਠਾ ਕਰਕੇ ਅਤੇ ਤੁਪਕਾ ਸਿੰਚਾਈ ਵਰਗੀਆਂ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰਕੇ ਬਾਗਬਾਨੀ ਕੀਤੀ ਜਾ ਸਕਦੀ ਹੈ। ਵਾਤਾਵਰਨ ਨੂੰ ਬਚਾਉਣ ਲਈ, ਅਸੀਂ ਮੁੜ ਵਰਤੋਂ ਵਾਲੀਆਂ ਵਸਤੂਆਂ ਅਤੇ ਰੀਸਾਈਕਲ ਕੀਤੀਆਂ ਸਮੱਗਰੀਆਂ ਦੀ ਮਾਤਰਾ ਨੂੰ ਘਟਾ ਕੇ ਕੂੜਾ ਪ੍ਰਬੰਧਨ ਲੜੀ ਅਪਣਾ ਸਕਦੇ ਹਾਂ। ਸਿੰਗਲ-ਯੂਜ਼ ਪਲਾਸਟਿਕ ਤੋਂ ਬਚੋ ਅਤੇ ਮੁੜ ਵਰਤੋਂ ਯੋਗ ਵਿਕਲਪ ਚੁਣੋ। ਲੈਂਡਫਿਲ ਯੋਗਦਾਨ ਨੂੰ ਘਟਾਉਣ ਲਈ ਜੈਵਿਕ ਰਹਿੰਦ-ਖੂੰਹਦ ਨੂੰ ਖਾਦ ਬਣਾਇਆ ਜਾ ਸਕਦਾ ਹੈ। ਅਸੀਂ ਵਾਤਾਵਰਨ ਨੂੰ ਬਚਾਉਣ ਲਈ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਵੀ ਬਦਲ ਸਕਦੇ ਹਾਂ। ਸਥਾਨਕ ਤੌਰ ’ਤੇ ਉਗਾਏ ਗਏ, ਜੈਵਿਕ ਅਤੇ ਮੌਸਮੀ ਉਤਪਾਦਾਂ ਦੀ ਚੋਣ ਕਰਕੇ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਓ। ਤੁਸੀਂ ਸੰਤੁਲਨ ਬਣਾ ਕੇ ਅਤੇ ਭੋਜਨ ਦੀ ਯੋਜਨਾ ਬਣਾ ਕੇ, ਬਚੇ ਹੋਏ ਖਾਦ ਬਣਾ ਕੇ, ਅਤੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਭੋਜਨ ਦੀ ਬਰਬਾਦੀ ਨੂੰ ਘਟਾ ਸਕਦੇ ਹੋ। ਈਕੋ-ਅਨੁਕੂਲ ਉਤਪਾਦਾਂ, ਨੈਤਿਕ ਅਤੇ ਟਿਕਾਊ ਬ੍ਰਾਂਡਾਂ ਅਤੇ ਵਾਤਾਵਰਣ ਸੰਭਾਲ ਨੂੰ ਤਰਜੀਹ ਦੇਣ ਵਾਲੇ ਕਾਰੋਬਾਰਾਂ ਦਾ ਸਮਰਥਨ ਕਰਕੇ ਸੂਚਿਤ ਚੋਣਾਂ ਕਰੋ।

ਦੁਨੀਆਂ ਪਾਣੀ ਦੇ ਸੰਕਟ ਵੱਲ ਵਧ ਰਹੀ ਹੈ। ਇਸ ਲਈ ਸਾਨੂੰ ਪਾਣੀ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਕਾਗਜ਼ ਦੀ ਵਰਤੋਂ ਨੂੰ ਸੀਮਤ ਕਰਕੇ ਅਤੇ ਬਿਜਲੀ ਦੀ ਖਪਤ ਪ੍ਰਤੀ ਸੁਚੇਤ ਰਹਿ ਕੇ ਜ਼ੁੰਮੇਵਾਰੀ ਨਾਲ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਘੱਟੋ-ਘੱਟ ਪੈਕੇਜਿੰਗ ਵਾਲੇ ਉਤਪਾਦਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਬੇਲੋੜੀ ਖਰੀਦਦਾਰੀ ਤੋਂ ਬਚਣਾ ਚਾਹੀਦਾ ਹੈ। ਕੁਦਰਤ ਵਿੱਚ ਵਧੇਰੇ ਸਮਾਂ ਬਿਤਾਓ, ਇਸਦੀ ਸੁੰਦਰਤਾ ਦੀ ਕਦਰ ਕਰੋ ਅਤੇ ਵਾਤਾਵਰਣ ਨਾਲ ਰੂਹਾਨੀ ਤੌਰ ’ਤੇ ਜੁੜੋ।

# ਵਾਤਾਵਰਣ ਨੂੰ ਬਚਾਉਣ ਲਈ ਸਰਕਾਰ ਬਣਾਏ ਠੋਸ ਨੀਤੀਆਂ

ਅੱਜ ਹਵਾ ਤੋਂ ਲੈ ਕੇ ਪਾਣੀ, ਫਲ ਅਤੇ ਸਬਜ਼ੀਆਂ ਅਤੇ ਇੱਥੋਂ ਤੱਕ ਕਿ ਰੋਜ਼ਾਨਾ ਦੀਆਂ ਚੀਜ਼ਾਂ ਵੀ ਪ੍ਰਦੂਸ਼ਿਤ ਹੋ ਗਈਆਂ ਹਨ ਅਤੇ ਕਈ ਬਿਮਾਰੀਆਂ ਦਾ ਘਰ ਬਣ ਗਈਆਂ ਹਨ। ਪ੍ਰਦੂਸ਼ਿਤ ਹਵਾ ਸਾਹ ਲੈਣ ਨਾਲ ਨਾ ਸਿਰਫ਼ ਸਾਹ ਦੀਆਂ ਬਿਮਾਰੀਆਂ ਹੁੰਦੀਆਂ ਹਨ ਸਗੋਂ ਮੌਤ ਵੀ ਹੋ ਜਾਂਦੀ ਹੈ। ਜਦੋਂ ਹਵਾ ਵਿੱਚ ਪ੍ਰਦੂਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਜਾਂਦੀ ਹੈ ਤਾਂ ਸਾਹ ਲੈਣ ਵਿੱਚ ਤਕਲੀਫ਼ ਤੋਂ ਇਲਾਵਾ ਅੱਖਾਂ ਵਿੱਚ ਜਲਨ ਅਤੇ ਖੁਜਲੀ ਵੀ ਹੁੰਦੀ ਹੈ। ਦਮੇ ਤੋਂ ਇਲਾਵਾ ਸਾਹ ਦੀਆਂ ਕਈ ਬੀਮਾਰੀਆਂ ਹੋ ਜਾਂਦੀਆਂ ਹਨ। ਸਾਲ 2017 ਵਿੱਚ ਹਵਾ ਪ੍ਰਦੂਸ਼ਣ ਕਾਰਨ ਕਰੀਬ 12.4 ਲੱਖ ਮੌਤਾਂ ਹੋਈਆਂ।



ਅੱਜ ਲੋਕ ਤਣਾਅ, ਡਿਪਰੈਸ਼ਨ, ਸ਼ੂਗਰ ਅਤੇ ਹਾਰਟ ਅਟੈਕ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਹਨ, ਜੋ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਇਕ ਤਾਜ਼ਾ ਅਧਿਐਨ ਅਨੁਸਾਰ ਟ੍ਰੈਫਿਕ ਨਾਲ ਸਬੰਧਤ ਪ੍ਰਦੂਸ਼ਣ ਬੱਚਿਆਂ ਦੇ ਦਿਮਾਗ ’ਤੇ ਮਾੜਾ ਪ੍ਰਭਾਵ ਪਾਉਂਦਾ ਹੈ ਅਤੇ ਕਈ ਮਾਨਸਿਕ ਵਿਗਾੜਾਂ ਨੂੰ ਜਨਮ ਦਿੰਦਾ ਹੈ। ਇਕ ਹੋਰ ਅਧਿਐਨ ਮੁਤਾਬਕ ਪ੍ਰਦੂਸ਼ਣ ਕਾਰਨ ਗਰਭਪਾਤ ਦਾ ਵੀ ਖਤਰਾ ਰਹਿੰਦਾ ਹੈ।

ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਕਾਰਖਾਨਿਆਂ ਅਤੇ ਕਾਰਖਾਨਿਆਂ ਵਿੱਚੋਂ ਨਿਕਲਣ ਵਾਲਾ ਧੂੰਆਂ, ਸਸਪੈਂਡਡ ਪਾਰਟੀਕੁਲੇਟ ਮੈਟਰ, ਲੀਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ ਹਨ।

ਕੂੜਾ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਵੱਖ-ਵੱਖ ਥਾਵਾਂ ’ਤੇ ਕੂੜਾ ਸਾੜਨ ਅਤੇ ਸੁੱਟਣ ਨਾਲ ਬਹੁਤ ਸਾਰੀਆਂ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਜਦੋਂ ਸ਼ੁੱਧ ਹਵਾ ਵਿੱਚ ਰਲ ਜਾਂਦੀ ਹੈ, ਤਾਂ ਇਹ ਜ਼ਹਿਰੀਲੀ ਹੋ ਜਾਂਦੀ ਹੈ।

ਵੇਖਣ ਵਿੱਚ ਆਇਆ ਹੈ ਕਿ ਕੁਝ ਲੋਕ ਆਪਣੇ ਘਰਾਂ ਦੇ ਆਲੇ ਦੁਆਲੇ ਲੱਗੇ ਘਾਹ ਅਤੇ ਕੂੜੇ ਆਦਿ ਨੂੰ ਹਰ ਦਿਨ ਵਾਂਗ ਹੀ ਅੱਗ ਲਗਾ ਦਿੰਦੇ ਹਨ, ਜਿਸ ਨਾਲ ਬਹੁਤ ਧੂੰਆਂ ਪੈਦਾ ਹੁੰਦਾ ਹੈ, ਜੋ ਕਿ ਜ਼ਹਿਰੀਲਾ ਹੁੰਦਾ ਹੈ। ਇਹ ਜ਼ਹਿਰੀਲਾ ਧੂੰਆਂ ਮਨੁੱਖ ਦੇ ਸਾਹ ਲੈਣ ਵਿੱਚ ਰੁਕਾਵਟ ਪੈਦਾ ਕਰਦਾ ਹੈ ਅਤੇ ਮਨੁੱਖ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਜਿਵੇਂ ਸਿਹਤਮੰਦ ਜੀਵਨ ਜਿਊਣ ਲਈ ਸਾਫ਼ ਹਵਾ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਫ਼ ਪਾਣੀ ਦੀ ਵੀ ਲੋੜ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪਾਣੀ ਹੀ ਜੀਵਨ ਹੈ। ਪਰ ਅੱਜ ਇਹ ਪਾਣੀ ਕਈ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਇਸ ਦਾ ਕਾਰਨ ਪਾਣੀ ਦਾ ਪ੍ਰਦੂਸ਼ਣ ਹੈ।

ਫੈਕਟਰੀਆਂ ਵਿੱਚੋਂ ਨਿਕਲਣ ਵਾਲਾ ਕੂੜਾ ਦਰਿਆਵਾਂ ਵਿੱਚ ਸੁੱਟਿਆ ਜਾਂਦਾ ਹੈ। ਗੰਦੇ ਨਾਲਿਆਂ ਵਿੱਚੋਂ ਨਿਕਲਦਾ ਪਾਣੀ ਦਰਿਆਵਾਂ ਵਿੱਚ ਦਾਖਲ ਹੋ ਕੇ ਉਨ੍ਹਾਂ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਪ੍ਰਦੂਸ਼ਿਤ ਪਾਣੀ ਡਾਇਰੀਆ, ਟਾਈਫਾਈਡ ਅਤੇ ਹੈਜ਼ਾ ਵਰਗੀਆਂ ਕਈ ਬਿਮਾਰੀਆਂ ਫੈਲਾਉਂਦਾ ਹੈ। ਵਾਤਾਵਰਣ ਨੂੰ ਬਚਾਉਣ ਲਈ ਸਰਕਾਰ ਨੂੰ ਕੁਝ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਪਰ ਇਸ ਤੋਂ ਇਲਾਵਾ ਸਾਨੂੰ ਆਪਣੇ ਪੱਧਰ ’ਤੇ ਵੀ ਕੁਝ ਕਦਮ ਚੁੱਕਣੇ ਚਾਹੀਦੇ ਹਨ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# 'ਉੱਡਦੇ ਬੱਦਲ ਦੀ ਛਾਂ'



**ਪਰਮਜੀਤ ਕੌਰ ਸਰਹਿੰਦ**

ਜਦੋਂ ਬਚਪਨ ਤੋਂ ਬਾਅਦ ਫੱਗਣ ਚੇਤ ਦੀ ਰੁੱਤ ਵਰਗੀ ਉਮਰ ਹੁੰਦੀ ਹੈ ਤਾਂ ਉਹ ਜਿਵੇਂ ਝੱਟ ਹੀ ਲੰਘ ਜਾਂਦੀ ਹੈ ਤੇ ਜਦੋਂ ਜਵਾਨੀ ਦੀ ਸੰਦਲੀ ਦਹਿਲੀਜ਼ 'ਤੇ ਪੈਰ ਧਰੀਦੇ ਹਨ ਤਾਂ ਦੁਨੀਆਂ ਸਤਰੰਗੀ ਪੀਂਘ ਵਰਗੀ ਜਾਪਦੀ ਹੈ। ਬਲਵਿੰਦਰ ਨੂੰ ਵੀ ਇਸ ਉਮਰੇ ਇਹ ਦੁਨੀਆਂ ਇੰਦਰਧਨੁਸ਼ੀ ਰੰਗਾਂ ਵਿੱਚ ਰੰਗੀ ਲੱਗਦੀ ਸੀ ਪਰ ਉਸ ਦੀ ਜ਼ਿੰਦਗੀ 'ਚ ਇਹ ਕੇਹਾ ਮੋੜ ਆਇਆ ਕਿ ਉਸ ਦੇ ਮਨ ਦੀਆਂ ਸੇਜਲ ਅੱਖਾਂ ਨੂੰ ਇਹ ਰੰਗ ਧੁੰਦਲੇ ਜਾਪਣ ਲੱਗੇ ਬੇਰੰਗ ਜਾਪਣ ਲੱਗੇ...। ਜਿਸ ਕੁੜੀ ਦੀ ਚੁੰਨੀ ਬਲਵਿੰਦਰ ਨੂੰ ਸਤਰੰਗੀ ਪੀਂਘ ਵਰਗੀ ਜਾਪਦੀ ਸੀ, ਉਸ ਦਾ ਨਾਂ ਪਾਲੀ ਸੀ ਤੇ ਉਹ ਬਲਵਿੰਦਰ ਨੂੰ 'ਬਿੰਦ' ਕਹਿ ਕੇ ਸੱਦਦੀ ਜਿਵੇਂ ਕਿਤੇ ਬਹੁਤ ਮਮਤਾ 'ਚ ਡੁੱਬੀ ਉਹਦੀ ਮਾਂ ਉਹਨੂੰ ਸੱਦਦੀ ਸੀ ਮੇਰਾ 'ਬਿੰਦ' ਪੁੱਤ।

ਅੱਜ ਬਿੰਦ ਵਰ੍ਹਿਆਂ ਪਿੱਛੋਂ ਯਾਦਾਂ ਦੀ ਕਿਤਾਬ ਫੋਲ ਬੈਠਾ ਸੀ, ਜਿਸ ਨੂੰ ਉਸ ਨੇ ਆਪਣੇ ਮਨ ਦੇ ਸੰਦੂਕ ਵਿੱਚ ਕਿਸੇ ਕੀਮਤੀ ਵਸਤ ਵਾਂਗ ਸਾਂਭ ਰੱਖਿਆ ਸੀ। ਜਿਸ ਦੀ ਚੁੰਨੀ ਉਸ ਨੂੰ ਸਤਰੰਗੀ ਪੀਂਘ ਵਰਗੀ ਲੱਗਦੀ ਸੀ, ਉਹ ਦੇ ਦਿਲ ਨੇ ਉਸ ਕੁੜੀ ਨੂੰ ਆਪਣੀ ਮੁਹੱਬਤ ਦਾ ਸੂਹਾ ਸਾਲੂ ਦੇਣਾ ਚਾਹਿਆ। ਉਹਨੇ ਹੱਸ ਕੇ ਜਿਵੇਂ ਬਿੰਦ ਨੂੰ ਸੂਹਾ ਸਾਲੂ ਰੰਗਾਉਣ ਲਈ ਹਾਮੀ ਭਰ ਦਿੱਤੀ। ਉਹਦੇ ਮਨ ਵਿੱਚ ਵੀ ਜਵਾਨੀ ਦੇ ਜਜ਼ਬੇ ਸਨ, ਜੋ ਹਰ ਗੱਭਰੂ ਦੇ ਮਨ ਵਿੱਚ ਇਸ ਉਮਰੇ ਹੁੰਦੇ ਹਨ ਪਰ ਉਨ੍ਹਾਂ ਵਿੱਚ ਸੂਝ ਤੇ ਸਿਆਣਪ ਰਲੀ ਹੋਈ ਸੀ ਕਿਉਂਕਿ ਉਹ ਮੱਧ ਵਰਗੀ ਕਿਸਾਨ ਪਰਿਵਾਰ ਦਾ ਪੁੱਤ ਸੀ। ਜਿੱਥੇ ਕਿਰਤ ਤੇ ਕਿਰਸ ਵਿਰਾਸਤ ਵਿੱਚ ਮਿਲਦੀ ਹੈ ਤੇ ਇਹ ਦੋਵੇਂ ਚੀਜ਼ਾਂ ਸੂਝ ਤੇ ਸਿਆਣਪ ਵਿੱਚੋਂ ਹੀ ਜਨਮਦੀਆਂ ਹਨ। ਬਿੰਦ ਪੜ੍ਹਦਾ ਰਿਹਾ ਤੇ ਪ੍ਰਾਈਵੇਟ ਨੌਕਰੀ ਵੀ ਕਰਦਾ ਰਿਹਾ। ਪਾਲੀ ਜਦ ਵੀ ਉਹਨੂੰ ਮਿਲਦੀ ਉਹਨੂੰ ਕਹਿੰਦੀ, 'ਤੂੰ ਵੱਧ ਤੋਂ ਵੱਧ ਪੜ੍ਹਾਈ ਕਰ, ਡਿਗਰੀ ਲੈ, ਕਿਸੇ ਚੰਗੀ ਜਿਹੀ ਨੌਕਰੀ 'ਤੇ ਲੱਗ। ਮੈਂ ਵੀ ਨਰਸਿੰਗ ਕਰਾਂਗੀ ਤੇ ਕਮਾਉਣ ਜੋਗੀ ਹੋ ਜਵਾਂਗੀ ਤੇ ਆਪਾਂ ਦੋਵੇਂ ਸੋਹਣਾ ਜਿਹਾ, ਛੋਟਾ ਜਿਹਾ ਘਰ ਬਣਾਵਾਂਗੇ ਤੇ ਆਪਣੀ ਸਬਰ ਸੰਤੋਖ ਵਾਲੀ ਦੁਨੀਆ ਉੱਥੇ ਵਸਾਵਾਂਗੇ।' ਸਮਾਜਿਕ ਨਾ ਬਰਾਬਰੀ ਨੂੰ ਉਹ ਕੁਝ ਨਾ ਸਮਝਦੇ। ਬਿੰਦ ਜਿਵੇਂ ਉੱਡਿਆ ਫਿਰਦਾ ਤੇ ਮਿੱਠੀ ਜਿਹੀ ਮੁਸਕਰਾਹਟ ਉਹਦੇ ਹੋਠਾਂ ਨੂੰ ਤਰ ਕਰੀ ਰੱਖਦੀ। ਖਲੀਲ ਜਿਬਰਾਨ ਦੀਆਂ ਲਿਖੀਆਂ ਕਿਤਿਓਂ ਪੜ੍ਹੀਆਂ ਸਤਰਾਂ 'ਸਵਰਗਾਂ ਤੋਂ ਉਚੇਰਾ, ਮਹਾਸਾਗਰਾਂ ਤੋਂ ਡੂੰਘਾ, ਜ਼ਿੰਦਗੀ ਤੋਂ ਅਨੋਖਾ ਮੌਤ ਤੇ ਵਕਤ ਤੋਂ ਵੱਖਰਾ ਵੀ ਕੁਝ ਹੈ' ਉਹਨੂੰ ਸੱਚੀਆਂ-ਸੁੱਚੀਆਂ ਤੇ ਖਰੀਆਂ ਜਾਪਦੀਆਂ। ਉਹ ਆਪ ਇਹ ਸਾਰਾ ਕੁਝ ਮਹਿਸੂਸ ਕਰਦਾ। ਉਹ ਕਦੇ-ਕਦੇ ਉਸ ਦੇ ਪਿੰਡ ਜਾਂਦਾ। ਉੱਥੇ ਬਿੰਦ ਦੀ ਕੋਈ ਦੂਰ-ਨੇੜੇ ਦੀ ਰਿਸ਼ਤੇਦਾਰੀ ਸੀ ਤੇ ਉਸ ਘਰ ਦੀ ਧੀ ਪਾਲੀ ਦੀ ਸਹੇਲੀ ਸੀ ਤੇ ਬਿੰਦ ਦੀ ਭੈਣਾਂ ਤੋਂ ਵੱਧ ਭੈਣ। ਉਹਦੇ ਘਰ ਹੀ ਬਿੰਦ ਉਸ ਨੂੰ ਪਹਿਲੀ ਵਾਰ ਮਿਲਿਆ ਸੀ। ਉਹ ਸਹੇਲੀ ਭੈਣ ਉਨ੍ਹਾਂ ਦਾ ਸੁੱਖ ਸੁਨੇਹਾ ਇੱਕ-ਦੂਜੇ ਨੂੰ ਪਹੁੰਚਾਉਂਦੀ ਤੇ ਉਨ੍ਹਾਂ ਦੀ ਮੁਹੱਬਤ ਦਾ ਪ੍ਰਵਾਨ ਚੜ੍ਹਨਾ ਲੋਚਦੀ।

ਪਾਲੀ ਤੇ ਬਿੰਦ ਇਉਂ ਮਿਲਦੇ, ਜਿਵੇਂ ਫੁੱਲ ਨੂੰ ਤ੍ਰੇਲ ਤੇ ਰੁੱਖ ਨੂੰ ਚਾਨਣੀ। ਉਹ ਸੱਚੀ-ਸੁੱਚੀ ਵਾਸਨਾ ਰਹਿਤ ਮੁਹੱਬਤ ਕਰਨ ਵਾਲੇ ਜਿਊੜੇ ਸਨ। ਬਿੰਦ ਨੂੰ ਜਾਪਦਾ ਪਾਲੀ ਉਹਦੇ ਦਿਲ ਦਾ ਕੋਈ ਅਜਬ ਜਿਹਾ ਖ਼ਿਆਲ ਤੇ ਰੂਹ ਦਾ ਕੋਈ ਟੁੰਬਵਾਂ ਜਿਹਾ ਜਜ਼ਬਾਤ ਬਣ ਗਈ ਹੈ। ਉਨ੍ਹਾਂ ਦੇ ਮਨ ਮਿਲਣ ਪਿੱਛੋਂ ਜਿਵੇਂ ਸੁੱਚੇ ਸੁੱਚੇ, ਰੋਸ਼ਨ ਹੋ ਜਾਂਦੇ। ਇੱਕ-ਦੂਜੇ ਤੋਂ ਵੱਖ ਹੁੰਦੇ ਹੋਏ ਵੀ ਉਹ ਸਦਾ ਇੱਕ-ਦੂਜੇ ਦੇ ਕੋਲ ਹੁੰਦੇ। ਇੱਕ ਦਿਨ ਵਿਛੋੜੇ ਦੀ ਬੱਦਲੀ ਪਾਲੀ ਦੇ ਨੈਣਾਂ 'ਚੋਂ ਵਰ੍ਹਦੀ ਰਹੀ ਤੇ ਉਹ ਬਿੰਦ ਨੂੰ ਖ਼ਤ ਲਿਖਦੀ ਰਹੀ। ਇਹ ਖ਼ਤ ਜਦੋਂ ਬਿੰਦ ਨੇ ਪੜ੍ਹਿਆ, ਜੋ ਉਹਦੇ ਹੰਝੂਆਂ ਦੇ ਪਾਣੀ ਨੇ ਪਵਿੱਤਰ ਕੀਤਾ ਹੋਇਆ ਸੀ, ਉਸ ਵਿੱਚ ਹੰਝੂਆਂ ਦੀਆ ਚੂਸੀਆਂ ਕੁਝ ਗੱਲਾਂ ਉਹਨੂੰ ਸਮਝ ਵੀ ਨਾ ਆਈਆਂ। ਉਸ ਦੀ ਉਦਾਸੀ ਨੂੰ ਭਾਂਪਦਾ ਬਿੰਦ ਉਹਦੇ ਪਿੰਡ ਆਪਣੇ ਰਿਸ਼ਤੇਦਾਰਾਂ ਦੇ ਘਰ ਜਾ ਪੁੱਜਾ। ਉਹਦੇ ਦਿਲ ਦੀ ਦਰਦਣ ਭੈਣ ਪਾਲੀ ਦੀ ਸਹੇਲੀ ਨੇ ਭਰੇ ਮਨ ਨਾਲ ਜਦੋਂ ਉਹਨੂੰ ਆਖਿਆ, 'ਵੀਰ ਤੂੰ ਹੁਣ ਇਸ ਪਿੰਡ ਨਾ ਆਇਆ ਕਰ।' ਬਿੰਦ ਨੇ ਜਿਵੇਂ ਸਾਹ ਰੋਕਦਿਆਂ ਉਹਨੂੰ ਪੁੱਛਿਆ, 'ਕਿਉਂ'? ਜਿਹੜਾ ਜਵਾਬ ਉਹਨੂੰ ਮਿਲਿਆ, ਉਹ ਬਿੰਦ ਦੀ ਜਿਵੇਂ ਜਿੰਦ ਕੱਢ ਕੇ ਲੈ ਗਿਆ। ਪਾਲੀ ਕਿਸੇ ਹੋਰ ਨਾਲ ਮੰਗ ਦਿੱਤੀ ਸੀ ਤੇ ਮਹੀਨੇ ਵੀਹ ਦਿਨ ਨੂੰ ਉਹਦੇ ਨਾਲ ਵਿਆਹੀ ਜਾਣੀ ਸੀ। ਉਹ ਟੁੱਟੇ ਦਿਲ ਤੇ ਥਿੜਕਦੇ ਪੈਰਾਂ ਨਾਲ ਵਾਪਸ ਆ ਗਿਆ। ਉਹਦੀ ਸੰਦਲੀ ਜਵਾਨੀ ਦਾ ਨੂਰ ਦਿਨਾਂ ਵਿੱਚ ਧੁਆਂਖਿਆ ਗਿਆ। ਉਹਦੇ ਹੋਠਾਂ 'ਤੇ ਸਿੱਕੜੀ ਆ ਆ ਜਾਂਦੀ।

ਬਿੰਦ ਨੇ ਹਰ ਪਲ, ਹਰ ਸਾਹ ਨਾਲ ਪਾਲੀ ਦਾ ਖ਼ਤ ਉਡੀਕਿਆ। ਸੁਨੇਹੇ ਉਡੀਕੇ ਪਰ ਉਹ ਤਾਂ ਬਿੰਦ ਨੂੰ ਜਿਵੇਂ ਜਾਣਦੀ ਹੀ ਨਹੀਂ ਸੀ। ਪਾਲੀ ਦਾ ਵਿਆਹ ਹੋ ਗਿਆ ਸੀ। ਉਹ ਰੰਗੀਂ ਵਸਦੀ ਸੀ ਪਰ ਬਿੰਦ ਤਾਂ ਜਿਵੇਂ ਭਰੇ ਜਹਾਨ 'ਚ ਉੱਜੜ ਗਿਆ ਸੀ। ਉਹ ਕਿਸੇ ਕਿਤਾਬ 'ਚ ਪੜ੍ਹੀਆਂ ਸਤਰਾਂ ਦੇ ਠੁੰਮਣੇ ਆਪਣੇ ਡੋਲਦੇ ਮਨ ਨੂੰ ਦਿੰਦਾ ਕਿ ਸੀਮਤ ਪਿਆਰ ਹੀ ਮਹਿਬੂਬ ਨੂੰ ਕਾਬਜ਼ ਕਰਨਾ ਚਾਹੁੰਦਾ ਹੈ ਪਰ ਅਸੀਮਤ ਪਿਆਰ ਤਾਂ ਸਿਰਫ਼ ਪਿਆਰ ਦੀ ਹੀ ਮੰਗ ਕਰਦਾ ਹੈ ਪਰ ਉਹਦੇ ਭਾਗੀਂ ਪਿਆਰ ਵੀ ਨਾ ਰਿਹਾ। ਪਾਲੀ ਨੇ ਮੁੜ ਕਦੇ ਉਹਨੂੰ ਨਾ ਖ਼ਤ, ਨਾ ਸੁਨੇਹਾ ਘੱਲਿਆ। ਉਹ ਤਾਂ ਪਤਾ ਨਹੀਂ ਕਿਹੜੇ ਅੰਬਰਾਂ 'ਤੇ ਜਾ ਬੈਠੀ ਸੀ ਜਾਂ ਪਤਾਲਾਂ 'ਚ ਜਾ ਛੁਪੀ। ਦਿਨ ਮਹੀਨੇ ਬੀਤਦੇ ਗਏ। ਪਾਲੀ ਦੇ ਬੋਲ ਉਹਦੇ ਜ਼ਿਹਨ 'ਚ ਗੂੰਜਦੇ ਰਹਿੰਦੇ, 'ਤੂੰ ਡਿਗਰੀ ਕਰ ਪੜ੍ਹਾਈ ਕਰ...' ਪਾਲੀ ਦੀ ਮੁਹੱਬਤ ਤਾਂ ਜਿਵੇਂ ਉਸ ਲਈ ਇਬਾਦਤ ਸੀ। ਉਸ ਨੇ ਟੁੱਟੇ ਦਿਲ ਪਰ ਸਾਬਤ ਸਿਦਕ ਨਾਲ ਉਸ ਦੀ ਆਖੀ ਪੁਗਾਈ ਤੇ ਡਿਗਰੀ ਕਰ ਕਿਸੇ ਉੱਚ ਅਹੁਦੇ 'ਤੇ ਜਾ ਬੈਠਿਆ ਪਰ ਉਸ ਦੇ ਹਾਸੇ ਸਰਾਪੇ ਗਏ ਸਨ। ਉਹ ਤਾਂ ਜਿਵੇਂ ਮੁੱਲ ਦਾ ਹੀ ਬੋਲਦਾ। ਬਿੰਦ ਦੀ ਉਦਾਸੀ ਨੂੰ ਦੇਖਦਿਆਂ ਉਸ ਦੇ ਇਸ ਦਰਦ ਦੇ ਭੇਤੀ ਦੋਸਤਾਂ ਤੇ ਮਾਪਿਆਂ ਉਸ ਨੂੰ ਵਿਆਹ ਕਰਾਉਣ ਲਈ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ। ਉਹ ਸੋਚਦੇ ਸਨ ਕਿ ਬਿੰਦ ਆਪਣੀ ਦੁਨੀਆ ਵਸਾਵੇ ਪਰ ਉਹ ਸੋਚਦਾ ਰਹਿੰਦਾ ਤਾਰੇ ਭਾਵੇਂ ਲੱਖ ਚੜ੍ਹ ਪੈਣ ਚੰਨ ਤਾਂ ਕਿਸੇ ਨਹੀਂ ਬਣ ਜਾਣਾ। ਦੀਵੇ ਜੋਤਾਂ ਲੱਖ ਬਲੀ ਜਾਣ ਉਹ ਸੂਰਜ ਤਾਂ ਨਹੀਂ ਬਣ ਸਕਦੇ ਪਰ ਮਾਪਿਆਂ ਤੇ ਮਿੱਤਰ ਪਿਆਰਿਆਂ ਦੀ ਜ਼ਿੱਦ ਅੱਗੇ ਉਹ ਹਾਰ ਗਿਆ ਤੇ ਸਿਰ ਸੁੱਟ ਕੇ ਉਹਨੇ ਹਾਂ ਕਰ ਦਿੱਤੀ ਪਰ ਉਹ ਆਪਣੀ ਪਤਨੀ ਬਣ ਜਾਣ ਵਾਲੀ ਨੂੰ ਨਾ ਮਿਲਿਆ, ਨਾ ਉਹਨੇ ਉਹ ਕੁੜੀ ਵੇਖੀ ਤੇ ਬਿੰਦ ਦਾ ਵਿਆਹ ਹੋ ਗਿਆ! ਉਹਦੀ ਪਤਨੀ ਨਾ ਰੰਗ ਰੂਪ ਵਿੱਚ, ਨਾ ਅਕਲ ਸੂਝ ਵਿੱਚ ਉਹਦੇ ਹਾਣ ਦੀ ਸੀ ਪਰ ਬਿੰਦ ਨੇ ਇਸ ਗੱਲ ਦੀ ਕੋਈ ਪਰਵਾਹ ਨਾ ਕੀਤੀ। ਉਸ ਨੇ ਤਾਂ ਸੋਚਿਆ ਸੀ ਸ਼ਾਇਦ ਉਹਦੇ ਮਨ ਦਾ ਰੋਂਦਾ ਬਾਲ ਕਿਸੇ ਦੀਆਂ ਚੂੜੀਆਂ ਦੀ ਖਣਕ ਜਾਂ ਝਾਂਜਰ ਦੀ ਛਣਕ ਨਾਲ ਪਰਚ ਜਾਵੇਗਾ ਪਰ ਇਹ ਨਾ ਹੋ ਸਕਿਆ। ਉਹਦੀ ਅਵੈੜੀ ਜਿਹੀ ਪਤਨੀ ਉਸ ਨੂੰ ਮਨ ਦਾ ਮਹਿਰਮ ਤਨ ਦਾ ਸਾਥੀ ਨਹੀਂ, ਪੈਸੇ ਦੀ ਮਸ਼ੀਨ ਸਮਝਦੀ ਸੀ। ਉਸ ਦੀ ਸ਼ਰਾਫਤ ਤੇ ਨਰਮਾਈ ਕਾਰਨ ਉਹ ਹੋਰ ਵੀ ਚੌੜ ਚਾਣਨ ਹੋ ਗਈ ਸੀ। ਉਹ ਪਤਨੀ ਲਈ ਬਣਦੇ ਸਾਰੇ ਫ਼ਰਜ਼ ਨਿਭਾਉਂਦਾ ਤੇ ਉਸ ਨੂੰ ਹਰ ਸੁੱਖ ਸਹੂਲਤ ਦੇਂਦਾ ਪਰ ਉਸ ਦੀ ਪਤਨੀ ਹਰਜੀਤ ਨੇ ਕਦੇ ਉਸ ਦੇ ਦੁਖਦੇ ਮਨ 'ਤੇ ਆਪਣੇ ਮੋਹ ਦਾ ਹੱਥ ਰੱਖ ਕੇ ਉਹਦੀ ਥਾਹ ਨਾ ਪਾਈ। ਉਸ ਦੀ ਸੋਹਣੀ ਸੂਰਤ ਤੇ ਸੋਹਣੀ ਸੀਰਤ ਦੀ ਕਦਰ ਨਾ ਪਾਈ। ਕਦੇ ਉਸ ਦੀਆਂ ਉਨੀਂਦੀਆਂ ਅੱਖਾਂ ਨੂੰ ਪਿਆਰ ਭਰੀ ਤੱਕਣੀ ਨਾਲ ਨਾ ਤੱਕਿਆ, ਕਦੇ ਉਹਦੀ ਪਿਆਸੀ ਜਿਹੀ ਰੂਹ ਨੂੰ ਆਪਣੇ ਮਨ ਦੇ ਚਸ਼ਮੇ 'ਚੋਂ ਪ੍ਰੇਮ ਦੇ ਪਾਣੀ ਦਾ ਬੁੱਕ ਭਰ ਕੇ ਨਾ ਪਿਆਇਆ। ਉਸ ਦੇ ਪਿਆਸੇ ਜਿਹੇ ਹੋਂਠ ਇਸ ਹਾਲ 'ਚ ਸੁੱਕ-ਸੁੱਕ ਜਾਂਦੇ ਬਿਨਾ ਸੋਚੇ ਸਮਝੇ, ਬਿਨਾਂ ਦੇਖੇ ਭਾਲੇ ਵਿਆਹ ਕਰ ਕੇ ਕਿੱਡਾ ਜ਼ੁਲਮ ਉਸ ਨੇ ਆਪਣੇ ਆਪ ਨਾਲ ਕਮਾਇਆ ਲਿਆ ਸੀ।

ਉਹ ਸੋਚਦਾ ਰਹਿੰਦਾ ਤੇ ਉਸ ਦੀ ਤੀਖਣ ਸੂਝ ਜਿਵੇਂ ਸੁੰਨ੍ਹ ਜਿਹੀ ਹੋ ਗਈ ਸੀ। ਉਹ ਜਿਵੇਂ ਕਿਸੇ ਮਾਰੂਥਲ ਦਾ ਜੀਵ ਹੋ ਗਿਆ ਸੀ। ਉਸ ਦੀ ਮੁਹੱਬਤ ਦਾ ਚਸ਼ਮਾ ਤਾਂ ਕਿਸੇ ਹੋਰ ਸਮੁੰਦਰ ਵਿੱਚ ਜਾ ਰਲਿਆ ਸੀ ਤੇ ਉਹ ਕਿਨਾਰੇ 'ਤੇ ਖੜ੍ਹਾ ਦੇਖਦਾ ਰਹਿ ਗਿਆ ਸੀ। ਪਾਲੀ ਕਹਿੰਦੀ ਹੁੰਦੀ ਸੀ, 'ਬਿੰਦ ਆਪਾਂ ਸੋਹਣਾ ਜਿਹਾ ਛੋਟਾ ਜਿਹਾ ਘਰ ਬਣਾਵਾਂਗੇ, ਲੋਕਾਂ ਵਾਂਗ ਵੱਡੀਆਂ-ਵੱਡੀਆਂ ਕੋਠੀਆਂ ਨਹੀਂ", ਇਹ ਬੋਲ ਉਹਦੇ ਜ਼ਿਹਨ 'ਚ ਗੂੰਜਦੇ ਰਹਿੰਦੇ। ਉਨ੍ਹਾਂ ਰਲ ਕੇ ਤਸੱਵਰ 'ਚ ਜੋ ਘਰ ਬਣਾਇਆ ਸੀ, ਉਹ ਬਿੰਦ ਦੀ ਰੂਹ ਉੱਤੇ ਉਸਰਿਆ ਹੋਇਆ ਸੀ। ਉਸ ਨੂੰ ਲੱਗਦਾ ਪਾਲੀ ਦੀ ਸਿੱਕ ਅਧੂਰੀ ਹੈ ਤੇ ਫਿਰ ਉਸ ਨੇ ਵੱਡੇ ਸਾਰੇ ਸ਼ਹਿਰ ਵਿਚ ਸੋਹਣਾ ਜਿਹਾ ਛੋਟਾ ਜਿਹਾ ਘਰ ਬਣਾ ਲਿਆ...। ਉਸ ਨੂੰ ਲੱਗਦਾ ਆਪਣੇ ਤਸੱਵਰ ਵਾਲੇ ਘਰ ਨੂੰ, ਆਪਣੇ ਸੁਪਨੇ ਨੂੰ ਹਕੀਕਤ 'ਚ ਬਦਲਿਆ ਦੇਖਣ ਕਿਧਰਿਓਂ ਪਾਲੀ ਜ਼ਰੂਰ ਆਵੇਗੀ ਤੇ ਕਹੇਗੀ, 'ਬਿੰਦ ਇਹ ਤਾਂ ਉਹੀ ਘਰ ਹੈ, ਜੋ ਆਪਾਂ ਸੋਚਿਆ ਸੀ, ਖ਼ਿਆਲਾਂ 'ਚ ਉਸਾਰਿਆ ਸੀ। ਇਹ ਤਾਂ ਮੇਰਾ ਘਰ ਹੈ ਹੁਣ ਮੈਂ ਇੱਥੇ ਹੀ ਰਹਾਂਗੀ ਤੇਰੇ ਕੋਲ' ਪਰ ਇਹ ਨਾ ਹੋਣਾ ਸੀ, ਨਾ ਹੋਇਆ।

ਪਾਲੀ ਤਾਂ ਖੌਰੇ ਕਿਹੜੀ ਅਣਕੀਤੀ ਗ਼ਲਤੀ ਦੀ ਸਜ਼ਾ ਉਸ ਨੂੰ ਦੇ ਗਈ ਸੀ ਤੇ ਆਪ ਉਸ ਨੂੰ ਭੁਲਾ ਬੈਠੀ ਸੀ ਪਰ ਬਿੰਦ ਦੇ ਸਾਹੀਂ ਰਚੀ ਰਹਿੰਦੀ ਸੀ। ਫਿਰ ਬਿੰਦ ਦੇ ਘਰ ਪੁੱਤ ਜੰਮਿਆ ਪਰ ਬਿੰਦ ਨੂੰ ਲੱਗਦਾ ਇਹਦੀ ਮਾਂ ਤਾਂ ਪਾਲੀ ਹੈ, ਇਹ ਹਰਜੀਤ ਤਾਂ ਇਹਦੀ ਮਤਰੇਈ ਮਾਂ ਹੈ। ਇਹ ਤਾਂ ਪਾਲੀ ਦਾ ਪੁੱਤ ਹੈ ਤੇ ਉਹ ਪੁੱਤਰ ਨੂੰ ਅੰਤਾਂ ਦਾ ਮੋਹ ਕਰਦਾ ਉਸ ਦੀ ਹਰ ਖ਼ੁਸ਼ੀ ਪੂਰੀ ਕਰਦਾ। ਉਸ ਨੂੰ ਸੌ-ਸੌ ਚੀਜ਼ਾਂ ਲਿਆ ਕੇ ਦਿੰਦਾ ਪਰ ਉਹ ਤਾਂ ਹਰਜੀਤ ਦਾ ਪੁੱਤ ਸੀ। ਉਸੇ ਵਰਗਾ ਅਵੈੜਾ ਤੇ ਨਿਰਮੋਹਾ। ਉਹ ਕਦੇ ਭੱਜ ਕੇ ਬਿੰਦ ਦੇ ਵਿਲਕਦੇ ਸੀਨੇ ਨਾਲ ਨਾ ਲੱਗਦਾ। ਕਦੇ ਦਫ਼ਤਰੋਂ ਆਉਂਦੇ-ਜਾਂਦੇ ਦੀਆਂ ਲੱਤਾਂ ਨੂੰ ਭੱਜ ਕੇ ਨਾ ਚਿੰਬੜਦਾ। ਉਹ ਵੀ ਪਿਓ ਨੂੰ ਪੈਸੇ ਦੀ ਮਸ਼ੀਨ ਸਮਝਦਾ ਤੇ ਲੋੜ ਸਮੇਂ ਡੈਡੀ-ਡੈਡੀ ਕਰਦਾ। ਉਹ ਸੋਲਾਂ ਵਰ੍ਹਿਆਂ ਦਾ ਹੋ ਗਿਆ ਸੀ। ਸਭ ਕੁਝ ਸਮਝ ਦੇਖ ਸਕਦਾ ਸੀ ਪਰ ਕਦੇ ਉਸ ਨੂੰ ਵੀ ਪਿਉ ਦਾ ਓਦਰਿਆ ਉਤਰਿਆ ਮੂੰਹ ਨਾ ਦਿੱਸਦਾ। ਬਿੰਦ ਦੇ ਘਰ ਹੋਰ ਬੱਚਾ ਨਹੀਂ ਸੀ ਹੋਇਆ। ਬਿੰਦ ਦਾ ਇਸ ਘਰ ਤੋਂ ਮਨ ਉਖੜਣ ਲੱਗ ਪਿਆ ਸੀ। ਉਸ ਜਾਣਬੁੱਝ ਕੇ ਰਾਤ ਦੀ ਡਿਊਟੀ ਲੈ ਲਈ। ਉਹ ਰਾਤੀਂ ਕਦੇ ਬਾਰ੍ਹਾਂ, ਕਦੇ ਇਕ-ਦੋ ਵਜੇ ਘਰ ਮੁੜਦਾ। ਉਸ ਕਦੇ ਕੋਈ ਨਸ਼ਾ ਜਾਂ ਸ਼ਰਾਬ ਨੂੰ ਛੂਹਿਆ ਤਕ ਨਹੀਂ ਸੀ। ਉਹ ਸੱਤ-ਅੱਠ ਵਜੇ ਦੀਆਂ ਪੱਕੀਆਂ ਰੋਟੀਆਂ ਤੱਤੀਆਂ ਠੰਢੀਆਂ ਜਿਹੋ ਜਿਹੀਆਂ ਹੁੰਦੀਆਂ, ਸੰਘੋਂ ਉਤਾਰ ਲੈਂਦਾ ਤੇ ਆਪਣੇ ਹੀ ਘਰ ਵਿੱਚ ਪਰਾਇਆਂ ਵਾਂਗ ਸੌਂ ਜਾਂਦਾ। ਕਦੇ ਜਾਗਦਾ ਰਹਿੰਦਾ। ਉਹ ਕਦੇ ਭੁੱਖਾ ਪਿਆਸਾ ਹੀ ਸੌਂ ਜਾਂਦਾ ਜਾਂ ਜਾਗਦਾ ਰਹਿੰਦਾ। ਉਸ ਨੂੰ ਲੱਗਦਾ ਪਾਲੀ ਆਵੇਗੀ ਕਿਉਂਕਿ ਇਹ ਉਸ ਦਾ ਘਰ ਹੈ। ਮੈਨੂੰ ਗਰਮ-ਗਰਮ ਫੁਲਕੇ ਬਣਾ ਕੇ ਖੁਆਵੇਗੀ ਤੇ ਨਿੱਕੀਆਂ-ਨਿੱਕੀਆਂ, ਮਿੱਠੀਆਂ-ਮਿੱਠੀਆਂ ਗੱਲਾਂ ਕਰੇਗੀ ਪਰ ਪਾਲੀ ਕਦੇ ਨਾ ਆਈ ਕਿਉਂਕਿ ਉਹ ਸਰਦਾਰਾਂ ਦੀ ਧੀ ਸੀ ਮਹਿਲਾਂ ਵਿੱਚ ਜੰਮੀ ਪਲੀ....। ਬਿੰਦ ਦੀਆਂ ਸੋਹਣੀਆਂ ਪਰ ਓਦਰੀਆਂ ਅੱਖਾਂ ਵਿੱਚੋਂ ਸੁੱਚੇ ਮੋਤੀਆਂ ਵਰਗੇ ਕਿਰਦੇ ਅੱਥਰੂ ਉਹਦਾ ਸਰਾਹਣਾ ਭਿਉਂਦੇ ਰਹਿੰਦੇ। ਉਹ ਭਿੱਜੀਆਂ ਪਲਕਾਂ ਨਾਲ ਕਦੇ ਸੌਂ ਜਾਂਦਾ...ਕਦੇ ਜਾਗਦਾ ਰਹਿੰਦਾ। ਫਿਰ ਖੌਰੇ ਬਿੰਦ ਦੇ ਮਨ ਵਿੱਚ ਕੀ ਆਈ ਕਿ ਉਸ ਨੇ ਉਹ ਘਰ ਵੇਚ ਦਿੱਤਾ 'ਸੋਹਣਾ ਜਿਹਾ ਛੋਟਾ ਜਿਹਾ ਘਰ'। ਉਸ ਨੇ ਆਪਣੇ ਸੁਪਨਿਆਂ ਦਾ ਮਹਿਲ ਵੇਚ ਦਿੱਤਾ...ਦਿਲ ਦੇ ਕਿਸੇ ਦੁੱਖ ਹੱਥੋਂ ਪਤਨੀ ਦੇ ਪਿਆਰ ਦੀ ਥੁੜ੍ਹ ਹੱਥੋਂ..। ਉਸ ਦੀ ਪਤਨੀ ਹਰਜੀਤ ਜਿਹੜੀ ਕਦੇ ਉਹਦੀ ਬਹੁਤੀ ਪ੍ਰਵਾਹ ਨਹੀਂ ਸੀ ਕਰਦੀ, ਜਿਸ ਨੇ ਉਸ ਨੂੰ ਨਾ ਮਨ ਦਾ ਮਾਲਕ ਸਮਝਿਆ, ਨਾ ਹੀ ਬਹੁਤਾ ਤਨ ਦਾ ਉਸ ਲਈ ਬਿੰਦ ਬਸ ਪੈਸੇ ਦਾ ਜ਼ਰੀਆ ਸੀ।

ਸੁੱਖ ਸਹੂਲਤਾਂ ਦਾ ਜ਼ਰੀਆ ਸੀ ਪਰ ਇਸ ਵਿਕ ਗਏ ਘਰ ਦੀ ਮਾਲਕਣ ਜ਼ਰੂਰ ਉਹ ਆਪਣੇ ਆਪ ਨੂੰ ਸਮਝਦੀ ਸੀ। ਘਰ ਵੇਚ ਦੇਣ 'ਤੇ ਉਹ ਹੋਰ ਅਵੈੜੀ, ਹੋਰ ਬੇਮੁਹਾਰੀ ਹੋ ਗਈ। ਪਰ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੇ ਦੇਖਿਆ ਕਿ ਬਿੰਦ ਨੇ ਜਿਸ ਨੂੰ ਲੋਕ ਉਸ ਦਾ 'ਮਾਲਕ' ਕਹਿੰਦੇ ਸਨ, ਇੱਕ ਛੋਟੇ ਜਿਹੇ ਸ਼ਹਿਰ ਵਿੱਚ ਵੱਡਾ ਸਾਰਾ ਘਰ ਖ਼ਰੀਦ ਲਿਆ ਸੀ ਤੇ ਉਹਨੇ ਉਹ ਘਰ ਹਰਜੀਤ ਦੇ ਆਪਣੀ ਬੇਮੁਹਾਰੀ ਪਤਨੀ ਦੇ ਨਾਂ ਕਰਵਾਇਆ ਸੀ। ਯਾਦਾਂ ਦੀ ਕਿਤਾਬ ਜਿਸ ਨੂੰ ਬਿੰਦ ਨੇ ਆਪਣੇ ਦਿਲ ਦੇ ਸੰਦੂਕ ਵਿੱਚ ਕੀਮਤੀ ਵਸਤੂ ਵਾਂਗ ਸਾਂਭ ਰੱਖਿਆ ਸੀ, ਬੰਦ ਕਰਦਿਆਂ ਉਸ ਨੂੰ ਯਾਦ ਆਇਆ।

ਉਹ ਅੱਜ ਆਪਣੇ ਘਰ ਦੀ, ਪਾਲੀ ਦੇ ਘਰ ਦੀ ਜਾਂ ਫਿਰ ਉਸ ਘਰ ਦੀ ਜਿਸ ਨੂੰ ਉਸ ਦੀ ਪਤਨੀ ਕਦੇ ਘਰ ਨਾ ਬਣਾ ਸਕੀ ਉਹ ਵੇਚ ਆਇਆ ਸੀ, ਕਿਸੇ ਦੇ ਨਾਂ ਰਜਿਸਟਰੀ ਕਰਵਾ ਆਇਆ ਸੀ...। ਘਰ ਦੀ ਰਜਿਸਟਰੀ ਕਿਸੇ ਹੋਰ ਦੇ ਨਾਂ ਕਰਵਾ ਕੇ ਜਿਵੇਂ ਅੱਜ ਉਸ ਨੂੰ ਆਪ ਆਪਣੀ ਜ਼ਿੰਦਗੀ ਉੱਡਦੇ ਬੱਦਲ ਦੀ ਛਾਂ ਵਰਗੀ ਜਾਪਦੀ ਸੀ। ਉਹ ਸੋਚਦਾ ਕਿ ਉਹ ਹੁਣ ਇਸ ਨਵੇਂ ਘਰ ਵਿੱਚ ਪਾਲੀ ਨੂੰ ਨਹੀਂ ਉਡੀਕੇਗਾ। ਉਹ ਬਸ ਹੁਣ ਪਤਨੀ ਤੇ ਪੁੱਤ ਨਾਲ ਜਿਨ੍ਹਾਂ ਲਈ ਬੇਸ਼ੱਕ ਉਹ ਪੈਸੇ ਦੀ ਮਸ਼ੀਨ ਸੀ, ਇਸ ਘਰ ਵਿੱਚ ਰਹੇਗਾ। ਬੇਸ਼ੱਕ ਉਵੇਂ ਹੀ ਉਦਾਸ, ਉਵੇਂ ਹੀ ਸੁੱਕ-ਸੁੱਕ ਜਾਂਦੇ ਹੋਠਾਂ ਨਾਲ, ਓਵੇਂ ਹੀ ਪਾਲੀ ਦੀ ਯਾਦ ਨੂੰ ਹਿੱਕ ਨਾਲ ਲਾਈ ਇਹ ਸੋਚਦਾ ਪਤਾ ਨਹੀਂ ਉਹ ਕਦੋਂ ਸੌਂ ਗਿਆ। ਨਵੇਂ ਘਰ ਵਿੱਚ ਅੱਜ ਉਹ ਜਿਵੇਂ ਨਿਸ਼ਚਿੰਤ ਚੈਨ ਨਾਲ ਸੁੱਤਾ ਪਿਆ ਸੀ। ਉਸ ਦੇ ਸੋਹਣੇ ਪਰ ਉਦਾਸ ਵੈਰਾਗੇ ਜਿਹੇ ਮੂੰਹ 'ਤੇ ਕੋਈ ਸੰਤੋਖ ਜਿਹਾ ਸੀ ਜਾਂ ਫਿਰ ਇਹ ਉੱਡਦੇ ਬੱਦਲ ਦੀ ਛਾਂ ਸੀ।

## ਮਿੰਨੀ ਕਹਾਣੀ

## ਸੱਚਾ ਧਾਮ

**ਜਗਦੇਵ ਸ਼ਰਮਾ ਬੁਗਰਾ**

ਕੌਣ ਕਹਿੰਦਾ ਹੈ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਰਵਣ ਪੁੱਤਰ ਨਹੀਂ ਜੰਮਦੇ? ਜਗਦੀਪ ਤਿੰਨ ਕੁ ਮਹੀਨਿਆਂ ਦਾ ਹੀ ਹੋਵੇਗਾ ਜਦੋਂ ਉਸ ਦੀ ਮਾਂ ਸੀਤੋ ਖੇਤਾਂ ਵਿੱਚ ਮਜ਼ਦੂਰੀ ਕਰਨ ਜਾਣ ਵੇਲੇ ਉਸ ਨੂੰ ਨਾਲ ਲੈ ਕੇ ਜਾਂਦੀ ਸੀ। ਆਪਣੀ ਚੁੰਨੀ ਵਿੱਚ ਜਗਦੀਪ ਨੂੰ ਪਾ ਕੇ, ਬਿੱਲੀ ਕੁੱਤੇ ਤੋਂ ਬਚਾਅ ਲਈ, ਚੁੰਨੀ ਦੇ ਦੋਵੇਂ ਲੜ ਟਾਹਲੀ ਦੇ ਟਾਹਣੇ ਨਾਲ ਉੱਚੀ ਥਾਵੇਂ ਬੰਨ੍ਹ ਦਿੰਦੀ ਅਤੇ ਆਪ ਸਾਰਾ ਸਾਰਾ ਦਿਨ ਸਾਥਣ ਮਜ਼ਦੂਰ ਔਰਤਾਂ ਨਾਲ ਝੋਨਾ ਝਾੜਦੀ। ਜਗਦੀਪ ਦਾ ਪਿਤਾ ਗਾਮਾ ਹੋਰ ਮਜ਼ਦੂਰਾਂ ਨਾਲ ਝੋਨੇ ਦੀ ਕਟਾਈ ਕਰਦਾ। ਜਦੋਂ ਸਾਰੇ ਮਜ਼ਦੂਰ ਰੋਟੀ ਤੇ ਚਾਹ ਪਾਣੀ ਛਕਣ ਲਈ ਬੈਠਦੇ ਤਾਂ ਸੀਤੋ ਛੇਤੀ ਵਿਹਲੀ ਹੋ ਕੇ ਜਗਦੀਪ ਨੂੰ ਦੁੱਧ ਚੁੰਘਾ ਆਉਂਦੀ। ਚੁੰਨੀ ਵਿੱਚ ਪਿਆ ਜਗਦੀਪ ਖੇਡਦਾ ਖੇਡਦਾ ਹੀ ਸੌਂ ਜਾਂਦਾ।

ਛੇ ਕੁ ਸਾਲਾਂ ਦਾ ਹੋ ਕੇ ਜਗਦੀਪ ਸਕੂਲ ਜਾਣ ਲੱਗ ਪਿਆ। ਪੜ੍ਹਾਈ ਵਿੱਚ ਉਹ ਹੁਸ਼ਿਆਰ ਸੀ। ਵਧੀਆ ਨੰਬਰਾਂ ਨਾਲ ਦਸਵੀਂ ਕਰ ਗਿਆ। ਮਾਂ ਬਾਪ ਦਿਨ ਰਾਤ ਮਿਹਨਤ ਮਜ਼ਦੂਰੀ ਕਰਦੇ ਅਤੇ ਉਸ ਨੂੰ ਕਿਸੇ ਕਿਸਮ ਦੀ ਘਾਟ ਮਹਿਸੂਸ ਨਾ ਹੋਣ ਦਿੰਦੇ। ਜਗਦੀਪ ਨੇ ਨੇੜੇ ਦੇ ਕਾਲਜ ਤੋਂ ਸਿਵਿਲ ਇੰਜੀਨੀਅਰਿੰਗ ਦਾ ਡਿਪਲੋਮਾ ਵੀ ਕਰ ਲਿਆ ਸੀ।

ਵਧੀਆ ਪੜ੍ਹਾਈ ਦੇ ਸਿਰ 'ਤੇ ਸਰਕਾਰੀ ਮਹਿਕਮੇ ਵਿੱਚ ਡਰਾਫਟਸਮੈਨ ਦੀ ਨੌਕਰੀ ਮਿਲ ਗਈ। ਮਨਜੀਤ ਦੇ ਰੂਪ ਵਿੱਚ ਪੜ੍ਹੀ ਲਿਖੀ ਸਰਕਾਰੀ ਨੌਕਰੀ 'ਤੇ ਲੱਗੀ ਹੋਈ ਪਤਨੀ ਮਿਲ ਗਈ। ਹੋਰ ਪੰਜ ਸਾਲਾਂ ਬਾਅਦ ਜਗਦੀਪ ਨੇ ਸ਼ਹਿਰ ਵਿੱਚ ਕੋਠੀ ਬਣਾ ਲਈ।

ਅੱਜ ਕੋਠੀ ਦਾ ਉਦਘਾਟਨ ਸੀ। ਸਾਰੇ ਆਏ ਗਿਆਂ ਨੂੰ ਵਿਦਾ ਕਰਨ ਤੋਂ ਬਾਅਦ ਜਗਦੀਪ ਆਪਣੇ ਮਾਤਾ ਪਿਤਾ ਨੂੰ ਇੱਕ ਕਮਰੇ ਅੱਗੇ ਲਿਜਾ ਕੇ ਕਹਿਣ ਲੱਗਿਆ, "ਤੁਸੀਂ ਦੋਵਾਂ ਨੇ ਮੇਰੀ ਜ਼ਿੰਦਗੀ ਬਣਾਉਣ ਲਈ ਦਿਨ ਰਾਤ ਮਿਹਨਤ ਕਰਦਿਆਂ ਆਪਣੀ ਜ਼ਿੰਦਗੀ ਗਾਲ ਲਈ ਅਤੇ ਮੈਨੂੰ ਕੋਈ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਹੁਣ ਤੁਹਾਡੀ ਆਰਾਮ ਕਰਨ ਦੀ ਉਮਰ ਹੈ। ਇਸ ਲਈ ਅੱਜ ਤੋਂ ਤੁਹਾਡਾ ਦਿਹਾੜੀ ਜਾਣਾ ਬੰਦ। ਤੁਸੀਂ ਹੁਣ ਮੇਰੇ ਨਾਲ ਰਹੋਗੇ, ਇੱਥੇ, ਆਹ ਕਮਰਾ ਹੈ ਤੁਹਾਡਾ।"

ਸਾਰੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਕਮਰੇ ਦੇ ਬਾਹਰ ਲਿਖਿਆ ਹੋਇਆ ਸੀ, 'ਸੱਚਾ ਧਾਮ'।

****

## ਪੰਜਾਬ ਦਾ ਫ਼ਿਕਰ ਕੌਣ ਕਰੂ

**ਰਜਵਿੰਦਰ ਪਾਲ ਸ਼ਰਮਾ**

ਬਲਦੇਵ ਸ਼ਰਮਾ ਸ਼ਾਮੀ ਡੇਅਰੀ 'ਤੇ ਦੁੱਧ ਪਾਉਣ ਆਇਆ ਤਾਂ ਉੱਥੇ ਉਸ ਦੇ ਖੇਤ ਦਾ ਗੁਆਂਢੀ ਸੀਰਾ ਸੰਧੂ ਮਿਲ ਗਿਆ। ਬਲਦੇਵ ਨੇ ਸੰਧੂ ਦੀ ਖ਼ੈਰ ਸੁੱਖ ਪੁੱਛਦੇ ਹੋਏ ਕਿਹਾ, "ਹੋਰ ਸੁਣਾਓ ਸੰਧੂ ਸਾਬ੍ਹ, ਘਰ ਪਰਿਵਾਰ ਸਭ ਠੀਕ ਠਾਕ ਹੈ।" "ਠੀਕ ਹੈ ਸ਼ਰਮਾ ਜੀ, ਵਧੀਆ, ਮੌਜਾਂ। ਆਪਾਂ ਨੂੰ ਕਿਹੜਾ ਕੋਈ ਫ਼ਿਕਰ ਐ। ਦੋ ਮੁੰਡੇ ਨੇ ਤੇ ਦੋਵੇਂ ਕੈਨੇਡਾ ਪੀ ਆਰ ਨੇ। ਜ਼ਮੀਨ ਠੇਕੇ 'ਤੇ ਦਿੱਤੀ ਐ। ਠੇਕਾ ਆਪਾਂ ਨੂੰ ਮੁੱਕਦਾ ਨਹੀਂ। ਆਪਾਂ ਹੁਣ ਬੇਫ਼ਿਕਰ ਆਂ।" ਦੁੱਧ ਪਾ ਕੇ ਵਾਪਸ ਜਾ ਰਿਹਾ ਬਲਦੇਵ ਸੋਚ ਰਿਹਾ ਸੀ ਜੇਕਰ ਸੰਧੂ ਵਾਂਗ ਪੰਜਾਬ ਦੇ ਸਾਰੇ ਹੀ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਕੇ ਬੇਫ਼ਿਕਰ ਹੁੰਦੇ ਰਹੇ ਤਾਂ ਫਿਰ ਪੰਜਾਬ ਦਾ ਫ਼ਿਕਰ ਕਰਨ ਵਾਲਾ ਕੌਣ ਰਹੂ।

# ਮੇਰੀ ਕਲਮ



## ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ

ਸੁਰਜੀਤ ਪਾਤਰ

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ
ਚੰਨ ਏਕਮ ਦਾ, ਫੁੱਲ ਗੁਲਾਬ ਦਾ, ਸਾਜ਼ ਦੇ ਕੰਬਦੇ ਤਾਰ
ਕਿੰਨੇ ਖ਼ੰਜਰ ਅੱਖਾਂ ਸਾਂਹਵੇਂ ਲਿਸ਼ਕਣ ਵਾਰੋ ਵਾਰ
ਦਿਲ ਨੂੰ ਬੋਝਲ ਜਿਹੀਆਂ ਲੱਗਣ ਤੇਰੀਆਂ ਕੋਮਲ ਯਾਦਾਂ
ਪੱਥਰਾਂ ਕੋਲੋਂ ਚੁੱਕ ਨਾ ਹੁੰਦਾ ਹੁਣ ਫੁੱਲਾਂ ਦਾ ਭਾਰ
ਲੱਖਾਂ ਗੀਤਾਂ ਦੇ ਲਈ ਖੁੱਲ੍ਹੇ ਮੁਕਤੀ ਦਾ ਦਰਵਾਜ਼ਾ
ਦਿਲ ਵਿੱਚ ਕੋਈ ਐਸੀ ਖੁੱਭੇ ਚਾਨਣ ਦੀ ਤਲਵਾਰ
ਪੱਥਰ ਹੇਠਾਂ ਅੰਕੁਰ ਤੜਪੇ, ਹਰ ਅੰਕੁਰ ਵਿੱਚ ਫੁੱਲ
ਪੱਥਰ ਵਿੱਚ ਤਰੇੜਾਂ ਪਾ ਗਈ ਹਿੰਸਕ ਰੁੱਤ ਬਹਾਰ
ਮਿੱਟੀ ਉੱਤੇ, ਫੁੱਲ ਦੇ ਉੱਤੇ, ਤੇ ਸ਼ਾਇਰ ਦੇ ਦਿਲ 'ਤੇ
ਇੱਕ ਮੋਈ ਤਿਤਲੀ ਦਾ ਹੁੰਦਾ ਵੱਖੋ ਵੱਖਰਾ ਭਾਰ
ਚੜ੍ਹਦਾ ਚੰਦ, ਸਮੁੰਦਰ, ਵਜਦਾ ਸਾਜ਼ ਤੇ ਤੇਰੀ ਯਾਦ
ਮੈਂ ਵੀ ਸ਼ਾਮਲ ਹੋ ਜਾਵਾਂ ਤਾਂ ਚੀਜ਼ਾਂ ਹੋਵਣ ਚਾਰ
ਲੇਟੇ ਲੇਟੇ ਪੜ੍ਹਦੇ ਪੜ੍ਹਦੇ ਸੌਂ ਜਾਂਦੇ ਨੇ ਲੋਕ
ਰੋਜ਼ ਤਕਾਲੀਂ ਛਪ ਜਾਂਦਾ ਹੈ ਇੱਕ ਨੀਲਾ ਅਖ਼ਬਾਰ

## ਗ਼ਜ਼ਲ

ਜਗਤਾਰ ਪੱਖੋ

ਵੇਖ ਤੇਰੇ ਇਸ਼ਕ ਦੀ ਜਾਦੂਗਰੀ।
ਮੰਤਰਾਂ ਨੂੰ ਭੁੱਲ ਗਏ ਨੇ ਮਾਂਦਰੀ।
ਭੌਰ ਇਹ ਸਭ ਵੇਖ ਕੇ ਭੈਅਭੀਤ ਹੈ,
ਵਾਸ਼ਨਾ ਦੀ ਹੋ ਰਹੀ ਹੈ ਤਸਕਰੀ।
ਇਹ ਸਮੇਂ ਦਾ ਅੱਥਰਾ ਬਦਲਾਵ ਹੈ,
ਮੋਹ ਦੀ ਭਾਸ਼ਾ ਹੋ ਰਹੀ ਹੈ ਖੁਰਦਰੀ।
ਡੇਰਿਆਂ ਦੀ ਨੀਤ ਹੁਣ ਬਦਰੰਗ ਹੈ,
ਆਸਥਾ ਦੀ ਸੋਚ ਹੋਈ ਜਰਜਰੀ।
ਨੇਰ੍ਹਿਆਂ ਦਾ ਪਸਤ ਹੋਇਆ ਹੌਸਲਾ,
ਵੇਖ ਵਧਦੀ ਦੀਵਿਆਂ ਦੀ ਹਾਜ਼ਰੀ।
ਹਰ ਘੜੀ ਨੂੰ ਰੁੱਤ ਵਾਂਗੂੰ ਮਾਣਦੇ,
ਸ਼ਾਇਰ ਕਰਦੇ ਜਜ਼ਬਿਆਂ ਦੀ ਪਰਵਰੀ।

## ਗ਼ਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਨਾ ਕਿਸੇ ਤੋਂ ਜਿਤਦੀ ਨਾ ਹਾਰਦੀ।
ਜ਼ਿੰਦਗੀ ਜਾਂਦੀ ਛਲਾਂਗਾਂ ਮਾਰਦੀ।
ਯੁੱਧ 'ਚ ਵੱਡੇ-ਵੱਡੇ ਯੋਧੇ ਹਰ ਜਾਂਦੇ,
ਧਾਰ ਖੁੰਢੀ ਹੋਵੇ ਜੇ ਤਲਵਾਰ ਦੀ।
ਗਿਆਨ ਵਾਧੂ ਮਗਰ ਸ਼ਿਸ਼ਟਾਚਾਰ ਨਈਂ,
ਬਦਲ ਗਈ ਹੈ ਸੋਚ ਅੱਜ ਮੁਟਿਆਰ ਦੀ।
ਇੱਕ ਛਰਾਟੇ ਨਾਲ ਇਹ ਭੁਰ ਜਾਵਣੀ,
ਸਹੁੰ ਨਾ ਚੁੱਕੀਂ ਰੇਤ ਦੀ ਦੀਵਾਰ ਦੀ।
ਪਿਆਰ ਦੀ ਕਿਸ਼ਤੀ ਨਜ਼ਰ ਆਉਂਦੀ ਨਹੀਂ,
ਸੁੱਕ ਗਈ ਹੈ ਇੱਕ ਨਦੀ ਸਤਿਕਾਰ ਦੀ।
ਨ੍ਹੇਰੀਆਂ ਨਾਲ ਦੋਸਤੀ ਕੀ ਕਰ ਲਈ,
ਦੁਰਦਸ਼ਾ ਕੀ ਹੋ ਗਈ ਕਚਨਾਰ ਦੀ।
ਚੰਨ ਦੀ ਇੱਕ ਰਾਤ ਮੇਰੇ ਨਾਲ ਰਹੀ,
ਨਾ ਗਰਮ ਰੱਖਦੀ ਤੇ ਨਾ ਹੀ ਠਾਰਦੀ।
ਮਿਹਨਤਾਂ ਪਿੱਛੋਂ ਹੀ ਰੰਗਤ ਆ ਰਹੀ,
ਫੁੱਟ ਰਹੀ ਲਾਲੀ ਕਿਵੇਂ ਆਨਾਰ ਦੀ।
ਸ਼ਹਿਰ ਅੰਦਰ ਰੌਸ਼ਨੀ ਹੀ ਰੌਸ਼ਨੀ,
ਜ਼ਿਦ ਜਦੋਂ ਟੁੱਟੀ ਉਹਦੇ ਹੰਕਾਰ ਦੀ।
ਕੌਣ ਕਰਦਾ ਯਾਦ ਜਿਹੜੇ ਤੁਰ ਗਏ,
ਰੀਤ ਚਲਦੀ ਆ ਰਹੀ ਸੰਸਾਰ ਦੀ।
ਬੰਦ ਮੁੱਠੀ ਵਿੱਚ ਭਲਾ ਦੱਸ ਕੀ ਏ ?
ਬੁਝ ਲਵੇਂ ਤਾਂ ਸਾਰੀ ਦੁਨੀਆਂ ਪਿਆਰ ਦੀ।
ਕੌਣ ਲੰਘਿਆ ਆਹਟਾਂ ਵਿੱਚ ਸਿਸਕੀਆਂ,
ਇੱਕ ਮਾਮੂਲੀ ਭਿਣਕ ਹੈ ਦੀਦਾਰ ਦੀ।
ਕੌਣ ਹੈ ਉਹ ਜਿੱਤ ਦਾ ਪ੍ਰਤੀਕ ਹੈ,
ਰਾਹ ਨੁਮਾਈ ਕਰ ਰਿਹਾ ਤਲਵਾਰ ਦੀ।
ਜੀ ਲਵੇ ਦੂਜੇ ਦੇ ਹਿੱਤਾਂ ਵਾਸਤੇ,
ਹੋਂਦ ਬਣਦੀ ਤਾਂ ਹੀ ਇੱਕ ਸਰਦਾਰ ਦੀ।
ਬਾਲਮਾ ਬੇਸ਼ਕ ਜੁਦਾ ਉਹ ਹੋ ਗਿਆ,
ਹੋਂਦ ਜ਼ਖ਼ਮਾਂ ਵਿੱਚ ਰਹੀ ਇਕਰਾਰ ਦੀ।

## ਚਾਨਣ ਦੀ ਫੁਲਕਾਰੀ

ਅੰਮ੍ਰਿਤਾ ਪ੍ਰੀਤਮ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ
ਅੰਬਰ ਦਾ ਇੱਕ ਆਲਾ
ਸੂਰਜ ਬਾਲ ਦਿਆਂ
ਮਨ ਦੀ ਉੱਚੀ ਮੰਮਟੀ ਦੀਵਾ ਕੌਣ ਧਰੇ

ਅੰਬਰ ਗੰਗਾ ਹੁੰਦੀ
ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਓ ਕਿਹੜਾ ਘੁੱਟ ਭਰੇ

ਇਹ ਜੁ ਸਾਨੂੰ ਅੱਗ
ਰਾਖਵੀਂ ਦੇ ਚਲਿਓਂ
ਦਿਲ ਦੇ ਬੁੱਕਲ ਬਲਦੀ ਚਿਣਗਾਂ ਕੌਣ ਜਰੇ

ਆਪਣੇ ਵੱਲੋਂ
ਸਾਰੀ ਬਾਤ ਮੁਕਾ ਬੈਠੇ
ਹਾਲੇ ਵੀ ਇੱਕ ਹੌਕਾ ਤੇਰੀ ਗੱਲ ਕਰੇ
ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ

## ਮਾਂ ਬੋਲੀ ਦਾ ਬੂਟਾ

ਰਜਵਿੰਦਰ ਪਾਲ ਸ਼ਰਮਾ

ਆਉ ਸਾਰੇ ਮਾਂ ਬੋਲੀ ਦਾ ਬੂਟਾ,
ਘਰ ਘਰ ਲਾਈਏ।
ਸੱਭਿਆਚਾਰ ਦੀ ਖ਼ਾਦ ਤੇ ਪਾਣੀ,
ਉਸ ਬੂਟੇ ਵਿੱਚ ਪਾਈਏ।
ਲੋਕ ਗੀਤ ਤੇ ਲੋਕ ਰਵਾਇਤਾਂ,
ਫੁੱਲ ਤੇ ਫ਼ਲ ਬਣ ਜਾਣਾ।
ਹੌਲ਼ੀ ਹੌਲ਼ੀ ਹੁੰਦਾ ਬੂਟਾ,
ਰੁੱਖ ਇੱਕ ਦਿਨ ਬਣ ਜਾਣਾ।
ਓ, ਅ, ੲ, ਸ ਬਣ ਜਾਣੇ ਇਹਦੇ ਪੱਤੇ,
ਜੜ੍ਹਾਂ ਇਸਦੀਆਂ ਡੂੰਘੀਆਂ ਹੋਵਣ,
ਰੱਬ ਸਲਾਮਤ ਰੱਖੇ।
ਇਸ ਦੀਆਂ ਛਾਵਾਂ ਦੇ ਹੇਠਾਂ,
ਤ੍ਰਿੰਝਣ ਕੱਤਣ ਕੁੜੀਆਂ।
ਨਿੱਘ ਮਾਨਣ ਇਹਦੀ ਬੱਚੇ ਬੁੱਢੇ,
ਰਹਿਣ ਸਦਾ ਨਾਲ ਜੁੜੀਆਂ।
ਲੰਮੀ ਇਸਦੀ ਉਮਰ ਹੋਜੇ,
ਬਾਬਾ ਨਾਨਕ ਬਰਕਤ ਪਾਵੇ।
ਸਾਰੇ ਬੂਟੇ ਮੁਰਝਾਵਣ ਪਰ,
ਇਹ ਕਦੇ ਨਾ ਮੁਰਝਾਵੇ।
ਮਾਂ ਬੋਲੀ ਦਾ ਹੁੰਦਾ ਨਿਰਾਦਰ,
ਦਿਲ ਪਿਆ ਕੁਰਲਾਵੇ।
ਆਪਣਿਆਂ ਨੇ ਹੀ ਲੱਗੇ ਬਾਗ਼,
ਸਵਾਰਥ ਲਈ ਉਜਾੜੇ।
ਆਉ ਪੰਜਾਬੀ ਬੋਲੀ ਬਚਾਈਏ,
ਸ਼ਰਮਾ ਵਾਸਤਾ ਪਾਵੇ।

## ਗ਼ਜ਼ਲ

ਗੋਗੀ ਜ਼ੀਰਾ

ਸੋਚਾਂ ਤੰਗ ਕੋਈ ਨਾ ਸੰਗ,
ਚਿਹਰੇ ਲਾਲ ਦਿਲ ਬੇਰੰਗ।
ਪਰਖ ਨਾ ਪਾਵਾਂ ਵੈਰੀ, ਮਿੱਤਰ,
ਬਾਹਰ ਸ਼ਾਂਤੀ ਅੰਦਰ ਜੰਗ।
ਅਸੀਂ ਆਪਣੀ ਮਸਤੀ ਦੇ ਵਿੱਚ,
ਚਾਹੇ ਸਾਨੂੰ ਜਾਣ ਮਲੰਗ।
ਖ਼ਾਹਿਸ਼ਾਂ ਮਾਰ ਤੇ ਲੋੜਾਂ ਚੁਣ,
ਜਿੰਦ ਨਾ ਐਵੇਂ ਸੂਲੀ ਟੰਗ।
ਭਲਾ ਹੈ ਚੁੱਪ 'ਚ, ਸ਼ੋਰ ਤਬਾਹੀ,
ਸੱਚ ਕਹਿਣ ਵਿੱਚ ਕਾਹਦੀ ਸੰਗ।
ਮੌਤ ਹੈ ਸੱਪਣੀ ਲੁਕ ਕੇ ਬੈਠੀ,
ਖੌਰੇ ਕਦ ਇਹ ਮਾਰੇ ਡੰਗ।
ਸਭ ਦਾ ਆਪਣਾ-ਆਪਣਾ ਰਾਗ,
'ਗੋਗੀ' ਨਾ ਕੋਈ ਪਾਈਂ ਭੰਗ।
*****

## ਮਾਂ ਬੋਲੀ ਲਈ ਹਾੜ੍ਹੇ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਮਾਂ ਬੋਲੀ ਪੰਜਾਬੀ ਸਾਡੀ,
ਕੱਖੋਂ ਹੌਲੀ ਹੁੰਦੀ ਜਾਵੇ,
ਆਪਣੀ ਹੋਂਦ ਬਚਾਉਣ ਦੀ ਖ਼ਾਤਰ,
ਹਰ ਦਿਨ ਲੈਂਦੀ ਹੌਕੇ ਹਾਵੇ।
ਪੰਜਾਬ ਪੰਜਾਬੀਅਤ ਦਾ ਹਰ ਨਾਹਰਾ,
ਖੋਖਲਾ ਅਤੇ ਬੇ ਮਤਲਬ ਜਾਪੇ,
ਭੁੱਖ ਨੰਗ ਦਾ ਦੈਂਤ ਜਦ ਸਾਡੇ,
ਹਰ ਜਵਾਨ ਨੂੰ ਖਾਂਦਾ ਜਾਪੇ।
ਚੰਗੀ ਰੋਟੀ ਖਾਣ ਦੀ ਖਾਤਰ,
ਹਰ ਪੰਜਾਬੀ ਦੁਨੀਆ ਵਿੱਚ ਭਟਕੇ,
ਵਸਦੇ ਘਰ ਦੇ ਕੇ ਗੈਰਾਂ ਹੱਥ,
ਹਿੰਦੀਆਂ ਦੇ ਲਈ ਖੋਲ੍ਹੇ ਰਸਤੇ।
ਮਾਂ ਬੌਲੀ ਦੇ ਪਹਿਰੇਦਾਰ ਜਦੋਂ,
ਪੰਜਾਬੀ ਬੋਲਣ ਵਿੱਚ ਹੇਠੀ ਸਮਝਣ,
ਹੋਰ ਕਿਹੜੇ ਸਪੂਤ ਨਿੱਤਰਨਗੇ,
ਜੋ ਰੋਕਣਗੇ ਐਸੀ ਗਰਕਣ।
ਬੌਲੀ ਦੀ ਡਾਕਟਰੀ ਕਰਨੇ ਵਾਲੇ,
ਖ਼ੁਦ ਪੰਜਾਬੀ ਲਿਖਣੀ ਭੁੱਲ ਗਏ,
ਆਪਣੀਆਂ ਪ੍ਰਾਪਤੀਆਂ ਠੁੰਮਣ ਲਈ,
ਅੰਗਰੇਜ਼ੀਆਂ ਉੱਤੇ ਖ਼ੁਦ ਹੀ ਡੁੱਲ੍ਹ ਗਏ।
ਰਸਾਲੇ, ਅਖਬਾਰਾਂ, ਸੰਚਾਰ ਦੇ ਸਾਧਨ,
ਲਿਖਣ, ਬੋਲਣ ਗ਼ਲਤ ਪੰਜਾਬੀ,
ਚੰਗੀ ਸਲਾਹ ਤੇ ਤਿੜ ਫਿੜ ਕਰਦੇ,
ਗਲ਼ ਪੈਣ ਦੀ ਕਰਨ ਸ਼ਤਾਬੀ।
ਫੋਕੀਆਂ ਆਕੜਾਂ ਫੋਕੇ ਨਾਹਰੇ,
ਮਾਂ ਬੋਲੀ ਦਾ ਘਾਣ ਕਰਨਗੇ,
ਜਾਨਸ਼ੀਨ ਸਾਡੇ ਵਿਰਸੇ ਦੀ,
ਕਿਹੜੀ ਗੱਲ ਦਾ ਮਾਣ ਕਰਨਗੇ ?
ਕਰ ਲਓ ਹਿੰਮਤ ਜਾਂ ਕੋਈ ਹੀਲਾ,
ਸਹਿਕਦੀ ਮਾਂ ਮੂੰਹ ਪਾਣੀ ਪਾਓ,
ਸੰਜੀਦਾ ਸਿਰ ਜ਼ਰਾ ਜੋੜ ਕੇ ਬੈਠੋ,
ਮੌਤ ਦਾ ਕੋਈ ਲੱਭ ਲਓ ਉਪਾਓ।

## ਕੋਹਾਂ ਤੀਕ ਹਨ੍ਹੇਰਾ

ਡਾ. ਅਮਰਜੀਤ ਕੌਂਕੇ

ਮੈਂ ਜਿਸ ਰੌਸ਼ਨੀ 'ਚ ਬੈਠਾ ਹਾਂ
ਮੈਨੂੰ ਇਹ ਰੌਸ਼ਨੀ
ਮੇਰੀ ਨਹੀਂ ਲੱਗਦੀ
ਇਸ ਮਸਨੂਈ ਜਿਹੇ ਚਾਨਣ ਦੀ
ਕੋਈ ਵੀ ਕਿਰਨ
ਪਤਾ ਨਹੀਂ ਕਿਉਂ
ਮੇਰੀ ਰੂਹ 'ਚ
ਨਹੀਂ ਜਗਦੀ

ਜਗਮਗ ਕਰਦਾ
ਅੱਖਾਂ ਚੁੰਧਿਆਉਂਦਾ ਇਹ ਜੋ ਚਾਨਣ ਚੁਫ਼ੇਰਾ ਹੈ
ਅੰਦਰ ਝਾਕ ਕੇ ਵੇਖਾਂ
ਤਾਂ ਕੋਹਾਂ ਤੀਕ ਨ੍ਹੇਰਾ ਹੈ
ਕਦੇ ਜਦ ਸੋਚਦਾ ਹਾਂ ਬੈਠ ਕੇ
ਤਾਂ ਮਹਿਸੂਸ ਇਉਂ ਹੁੰਦਾ
ਕਿ ਅਸਲ ਵਿੱਚ
ਧੁਰ ਅੰਦਰ ਤੱਕ ਪੱਸਰਿਆ
ਹਨ੍ਹੇਰਾ ਹੀ ਮੇਰਾ ਹੈ

ਮੇਰੇ ਅੰਦਰ
ਹਨ੍ਹੇਰੇ ਵਿੱਚ
ਮੈਨੂੰ ਸੁਣਦਾ
ਅਕਸਰ ਹੁੰਦਾ ਵਿਰਲਾਪ ਜਿਹਾ
ਮੇਰੇ ਸੁਪਨਿਆਂ ਨੂੰ ਲਿਪਟਿਆ
ਜਿਹੜਾ ਸੰਤਾਪ ਜਿਹਾ
ਇਹ ਚਾਨਣ ਨੂੰ ਬਣਾ ਦਿੰਦਾ
ਮੇਰੇ ਲਈ ਇੱਕ ਪਾਪ ਜਿਹਾ

ਇਹ ਜਗਮਗਾਉਂਦੀ ਰੌਸ਼ਨੀ
ਇਹ ਜੋ ਚਾਨਣ ਚੁਫੇਰਾ ਹੈ
ਅੰਦਰ ਝਾਕ ਕੇ ਦੇਖਾਂ
ਤਾਂ ਕੋਹਾਂ ਤੀਕ 'ਨ੍ਹੇਰਾ ਹੈ...।

# ਨਾਰੀ ਸ਼ਕਤੀ ਦੀਆਂ ਪ੍ਰਤੀਕ ਬਣੀਆਂ ਭਾਰਤੀ ਖਿਡਾਰਨਾਂ

ਪ੍ਰੋ. ਹਰਦੀਪ ਸਿੰਘ ਸੰਗਰੂਰ



ਭਾਰ ਤੋਲਕ ਕਰਨਮ ਮਾਲੇਸ਼ਵਾਰੀ ਦੇ ਸੰਨ 2000 ਦੀ ਸਿਡਨੀ ਉਲੰਪਿਕ ਖੇਡਾਂ ਵਿੱਚ 69 ਕਿਲੋਗ੍ਰਾਮ ਭਾਰ ਵਰਗ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਨਾਲ ਭਾਰਤੀ ਖਿਡਾਰਨਾਂ ਦੀਆਂ ਉਲੰਪਿਕ ਖੇਡਾਂ ਵਿੱਚ ਖੇਡ ਪ੍ਰਾਪਤੀਆਂ ਦਾ ਆਗਾਜ਼ ਹੋਇਆ। ਕਰਨਮ ਮਾਲੇਸ਼ਵਰੀ ਵੱਲੋਂ ਜਿੱਤਿਆ ਇਹ ਤਗ਼ਮਾ ਭਾਰਤੀ ਔਰਤਾਂ ਵੱਲੋਂ ਉਲੰਪਿਕ ਖੇਡਾਂ ਵਿੱਚ ਹਾਸਿਲ ਕੀਤਾ ਪਹਿਲਾ ਵਿਅਕਤੀਗਤ ਮੈਡਲ ਸੀ। ਸਿਡਨੀ ਉਲੰਪਿਕਸ ਵਿੱਚ ਕਰਨਮ ਮਾਲੇਸ਼ਵਰੀ, ਜਦੋਂ ਚੁੱਕੇ ਭਾਰ ਦਾ ਬਾਲਾ ਕੱਢ ਕੇ ਮੰਚ ਤੋਂ ਉਤਰੀ ਤਾਂ ਉਹ ਭਾਰਤੀ ਨਾਰੀ ਦੀ ਸ਼ਕਤੀ ਦੇ ਪ੍ਰਤੀਕ ਵਜੋਂ ਉੱਭਰ ਕੇ ਸਾਹਮਣੇ ਆਈ। ਮੁਕਾਬਲੇ ਤੋਂ ਤੁਰੰਤ ਬਾਅਦ ਦਰਜਨਾਂ ਅਖ਼ਬਾਰਾਂ ਅਤੇ ਚੈਨਲਾਂ ਦੇ ਕੈਮਰਿਆਂ ਦੀਆਂ ਅੱਖਾਂ ਨੇ ਉਸਦੀਆਂ ਤਸਵੀਰਾਂ ਲੈਣ ਲਈ ਜਗ ਬੁਝ ਕੀਤੀ।

ਟੈਲੀਵਿਜ਼ਨ ਉੱਪਰ ਉਸਦਾ ਮੁਕਾਬਲਾ ਦੇਖ ਰਹੇ ਕਰੋੜਾਂ ਭਾਰਤੀਆਂ ਨੇ ਖੁਸ਼ੀ ਵਿੱਚ ਚਾਂਗਰਾਂ ਮਾਰੀਆਂ ਕਿਉਂਕਿ ਉਲੰਪਿਕ ਖੇਡਾਂ ਵਿੱਚ ਕਿਸੇ ਭਾਰਤੀ ਕੁੜੀ ਵੱਲੋਂ ਜਿੱਤਿਆ ਇਹ ਪਹਿਲਾ ਵਿਅਕਤੀਗਤ ਤਗ਼ਮਾ ਸੀ। ਇਨ੍ਹਾਂ ਉਲੰਪਿਕ ਵਿੱਚ ਭਾਰਤੀ ਖੇਡ ਦਲ ਦੇ 65 ਖਿਡਾਰੀਆਂ ਵਿੱਚ 21 ਔਰਤ ਖਿਡਾਰਨਾਂ ਸ਼ਾਮਿਲ ਹੋਈਆਂ ਸਨ। ਇਵੇਂ ਹੀ ਲੰਡਨ ਵਿਖੇ ਹੋਈਆਂ ਸੰਨ 2012 ਦੀਆਂ ਉਲੰਪਿਕ ਵਿੱਚ ਸਾਇਨਾ ਨੇਹਵਾਲ ਨੇ ਬੈਡਮਿੰਟਨ ਸਿੰਗਲ ਵਿਚੋਂ ਸਿਲਵਰ ਮੈਡਲ ਅਤੇ ਮੈਰੀ ਕੋਮ ਨੇ ਬਾਕਸਿੰਗ ਦਾ ਬਰੋਨਜ਼ ਮੈਡਲ ਜਿੱਤ ਕੇ ਚਾਰੇ ਪਾਸੇ ਕੁੜੀਆਂ ਦੀ ਬੱਲੇ-ਬੱਲੇ ਕਰਵਾ ਦਿੱਤੀ। ਇਸ ਤੋਂ ਇਲਾਵਾ ਮੇਰੀਕੋਮ ਨੇ ਛੇ ਵਾਰ ਵਿਸ਼ਵ ਬਾਕਸਿੰਗ ਮੁਕਾਬਲੇ ਵਿਚੋਂ ਗੋਲਡ ਮੈਡਲ , ਇੱਕ ਵਾਰੀ ਸਿਲਵਰ ਮੈਡਲ ਅਤੇ ਇੱਕ ਵਾਰੀ ਬਰੌਂਜ਼ ਮੈਡਲ ਜਿੱਤ ਕੇ ਬਾਕਸਿੰਗ ਖੇਡ ਵਿੱਚ ਆਪਣਾ ਸਿੱਕਾ ਜਮਾਇਆ। 2016 ਦੇ ਰਿਓ ਡੀ ਜਨੇਰਿਓ ਦੀ ਓਲੰਪਿਕਸ ਵਿੱਚ ਦੇਸ਼ ਦੀਆਂ ਦੋ ਬੇਟੀਆਂ ਪੀਵੀ. ਸਿੰਧੂ ਨੇ ਬੈਡਮਿੰਟਨ ਸਿੰਗਲ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਅਤੇ ਬੇਟੀ ਸਾਕਸ਼ੀ ਮਲਿਕ ਨੇ ਕੁਸ਼ਤੀ ਵਿੱਚ ਕਾਂਸੀ ਦਾ ਤਗ਼ਮਾ ਜਿੱਤ ਕੇ ਦੇਸ਼ ਦਾ ਸਿਰ ਉੱਚਾ ਕੀਤਾ। ਜਪਾਨ ਦੀ ਰਾਜਧਾਨੀ ਟੋਕਿਓ ਵਿਖੇ ਹੋਈਆਂ 2020 ਦੀਆਂ ਉਲੰਪਿਕ ਖੇਡਾਂ ਵਿੱਚ ਮੀਰਾਂ ਬਾਈ ਚਾਨੂੰ ਨੇ ਭਾਰ ਤੋਲਣ ਵਿੱਚ ਸਿਲਵਰ ਮੈਡਲ, ਪੀਵੀ. ਸਿੰਧੂ ਨੇ ਬੈਡਮਿੰਟਨ ਸਿੰਗਲ ਵਿੱਚ ਬਰੋਨਜ਼ ਮੈਡਲ (

ਦੂਸਰਾ ਉਲੰਪਿਕ ਮੈਡਲ) ਤੇ ਲਵਲੀਨਾ ਬੋਰਗੋਹਾਈਂਨ ਨੇ ਬਾਕਸਿੰਗ ਵਿਚੋਂ ਕਾਂਸੀ ਦਾ ਮੈਡਲ ਜਿੱਤ ਕੇ ਇਹ ਦਰਸਾ ਦਿੱਤਾ ਕਿ ਭਾਰਤੀ ਖਿਡਾਰਨਾਂ ਕਿਸੇ ਨਾਲੋਂ ਕਿਸੇ ਵੀ ਗੱਲ ਵਿੱਚ ਵੀ ਘੱਟ ਨਹੀਂ ਹਨ।

ਨਿਖਿਤ ਜ਼ਰੀਨ ਨੇ ਆਪਣੇ ਪ੍ਰਦਰਸ਼ਨ ਨੂੰ ਬਰਕਰਾਰ ਰੱਖਦਿਆਂ ਵਿਸ਼ਵ ਬਾਕਸਿੰਗ ਮੁਕਾਬਲੇ ਵਿਚੋਂ ਲਗਾਤਾਰ ਇਹ ਦੂਜਾ ਗੋਲਡ ਮੈਡਲ ਜਿੱਤਿਆ ਸੀ। ਜੇ ਅਸੀਂ ਪੈਰਿਸ ਉਲੰਪਿਕ ਖੇਡਾਂ 2024 ਦੀ ਗੱਲ ਕਰੀਏ ਤਾਂ ਇਨ੍ਹਾਂ ਖੇਡਾਂ ਵਿੱਚ ਸਾਡੇ ਦੇਸ਼ ਦੇ ਕੁੱਲ 117 ਖਿਡਾਰੀਆਂ ਨੇ ਭਾਗ ਲਿਆ ਸੀ ਜਿਨ੍ਹਾਂ ਵਿੱਚ 47 ਮਹਿਲਾ ਖਿਡਾਰਨਾਂ ਸਨ ਭਾਵ ਇਨ੍ਹਾਂ ਖੇਡਾਂ ਵਿੱਚ ਭਾਰਤੀ ਔਰਤ ਖਿਡਾਰਨਾਂ ਦੀ 40 ਪ੍ਰਤੀਸ਼ਤ ਹਿੱਸੇਦਾਰੀ ਰਹੀ। ਇਸ ਤੋਂ ਵੀ ਅਗਾਂਹ ਜਾਂਦਿਆਂ ਇਨ੍ਹਾਂ ਖੇਡਾਂ ਵਿੱਚ ਮਨੂ ਭਾਕਰ ਨੇ ਸ਼ੂਟਿੰਗ ਵਿੱਚ ਦੋ ਕਾਂਸੀ ਦੇ ਮੈਡਲ ਜਿੱਤ ਕੇ ਪਹਿਲੀ ਭਾਰਤੀ ਖਿਡਾਰਨ ਹੋਣ ਦਾ ਰਿਕਾਰਡ ਵੀ ਬਣਾਇਆ ਜਿਸ ਨੇ ਉਲੰਪਿਕ ਖੇਡਾਂ ਵਿੱਚੋ ਦੋ ਮੈਡਲ ਇਕੱਠੇ ਜਿੱਤੇ ਹੋਣ। ਭਾਰਤੀ ਖਿਡਾਰਨ ਸਮਾਜ ਵੱਲੋਂ ਲਾਈਆਂ ਬੰਦਿਸ਼ਾਂ ਦੇ ਕੰਡਿਆਲੇ ਰਾਹਾਂ ਨੂੰ ਸਰ ਕਰਦੀ ਹੋਈ ਵਿਸ਼ਵ ਅਤੇ ਉਲੰਪਿਕ ਖੇਡਾਂ ਦੇ ਜਿੱਤ ਮੰਚ 'ਤੇ ਅੱਪੜ ਚੁੱਕੀ ਹੈ।

ਭਾਰਤ ਦੀ ਜਨ ਸੰਖਿਆ ਮੁਤਾਬਿਕ ਔਰਤਾਂ ਦੀ ਪ੍ਰਤੀਸ਼ਤ ਬੇਸ਼ੱਕ 48.04 ਹੈ। ਪਰ ਬਰਾਬਰ ਦੀ ਜਨ-ਸੰਖਿਆ ਪ੍ਰਤੀਸ਼ਤ ਹੋਣ ਦੇ ਬਾਵਜੂਦ ਪੁਰਸ਼ ਖਿਡਾਰੀਆਂ ਦੇ ਮੁਕਾਬਲੇ ਉਨ੍ਹਾਂ ਨੂੰ ਮਿਲਦੀਆਂ ਖੇਡ ਸਹੂਲਤਾਂ ਨਿਗੂਣੀਆਂ ਨੇ। ਲੇਕਿਨ ਭਾਰਤੀ ਖਿਡਾਰਨ ਇਨ੍ਹਾਂ ਸਭ ਕਾਰਨਾਂ ਦੀ ਪ੍ਰਵਾਹ ਕੀਤੇ ਬਗ਼ੈਰ ਅਤੇ ਸਮਾਜ ਦੀਆਂ ਵੇਲਾ ਵਿਹਾ ਚੁੱਕੀਆਂ ਪ੍ਰੰਪਰਾਵਾਂ ਨੂੰ ਤੋੜ ਨਵੇਂ ਰਿਕਾਰਡ ਸਿਰਜ ਰਹੀ ਹੈ। ਜਿਸ ਨਾਲ ਉਹ ਭਾਰਤੀ ਨਾਰੀ ਸ਼ਕਤੀ ਦੇ ਪ੍ਰਤੀਕ ਵਜੋਂ ਉੱਭਰ ਕੇ ਸਾਹਮਣੇ ਆ ਚੁੱਕੀ ਹੈ। ਭਾਰਤੀ ਖਿਡਾਰਨਾਂ ਦੀਆਂ ਇਹ ਖੇਡ ਪ੍ਰਾਪਤੀਆਂ ਜਿਥੇ ਦੇਸ਼ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ ਉਥੇ ਇਹ ਦੇਸ਼ ਦੀਆਂ ਬੇਟੀਆਂ ਲਈ ਖੇਡ ਖੇਤਰ ਵੱਲ ਉਤਸ਼ਾਹਿਤ ਹੋਣ ਦੀਆਂ ਪ੍ਰੇਰਕ ਵੀ ਹਨ। ਰੱਬ ਕਰੇ ਇਹ ਭਵਿੱਖ ਵਿੱਚ ਹੋਰ ਤਰੱਕੀਆਂ ਕਰਨ ।

# ਭਾਰਤ ਕਰਨਾ ਚਾਹੁੰਦੈ ਉਲੰਪਿਕ 2036 ਖੇਡਾਂ ਦੀ ਮੇਜ਼ਬਾਨੀ: ਸ਼ਾਹ

## ਉੱਤਰਾਖੰਡ 'ਚ 38ਵੀਆਂ ਕੌਮੀ ਖੇਡਾਂ ਸਮਾਪਤ, ਅਗਲੀਆਂ ਕੌਮੀ ਖੇਡਾਂ ਮੇਘਾਲਿਆ ਵਿੱਚ ਕਰਵਾਉਣ ਦਾ ਐਲਾਨ

ਹਲਦਵਾਨੀ/ਏ.ਟੀ.ਨਿਊਜ਼: ਉੱਤਰਾਖੰਡ ਵਿੱਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੀਆਂ 38ਵੀਆਂ ਕੌਮੀ ਖੇਡਾਂ ਅੱਜ ਇੱਥੇ ਸਮਾਪਤ ਹੋ ਗਈਆਂ, ਜਿਨ੍ਹਾਂ ਵਿੱਚ ਐੱਸ.ਐੱਸ.ਸੀ.ਬੀ. ਸਭ ਤੋਂ ਵੱਧ ਤਗ਼ਮੇ ਜਿੱਤ ਕੇ ਮੋਹਰੀ ਰਿਹਾ। ਸਮਾਪਤੀ ਸਮਾਗਮ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਕਿਹਾ ਕਿ ਭਾਰਤ 2036 ਦੀਆਂ ਉਲੰਪਕ ਖੇਡਾਂ ਦੀ ਮੇਜ਼ਬਾਨੀ ਲਈ ਤਿਆਰ ਹੈ। ਭਾਰਤੀ ਉਲੰਪਿਕ ਐਸੋਸੀਏਸ਼ਨ (ਆਈ.ਓ.ਏ.) ਦੀ ਪ੍ਰਧਾਨ ਪੀ.ਟੀ. ਊਸ਼ਾ ਨੇ ਅਗਲੇ ਮੇਜ਼ਬਾਨ ਮੇਘਾਲਿਆ ਦੇ ਮੁੱਖ ਮੰਤਰੀ ਕੋਨਾਰਡ ਸੰਗਮਾ ਨੂੰ ਝੰਡਾ ਸੌਂਪਣ ਤੋਂ ਪਹਿਲਾਂ ਖੇਡਾਂ ਦੀ ਸਮਾਪਤੀ ਦਾ ਐਲਾਨ ਕੀਤਾ। ਕੌਮੀ ਖੇਡਾਂ 28 ਜਨਵਰੀ ਨੂੰ ਸ਼ੁਰੂ ਹੋਈਆਂ ਸਨ।

ਸਮਾਪਤੀ ਸਮਾਗਮ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 2036 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਭਾਰਤ ਦੀ ਦਾਅਵੇਦਾਰੀ ਦਾ ਜ਼ਿਕਰ ਕਰਦਿਆਂ ਕਿਹਾ, "ਮੈਂ



ਅੱਜ ਇਹ ਕਹਿ ਸਕਦਾ ਹੈ ਕਿ ਖੇਡਾਂ 'ਚ ਭਾਰਤ ਦਾ ਭਵਿੱਖ ਰੌਸ਼ਨ ਹੈ। ਅਸੀਂ 2036 ਦੀਆਂ ਉਲੰਪਕ ਖੇਡਾਂ ਦੀ ਮੇਜ਼ਬਾਨੀ ਲਈ ਤਿਆਰ ਹਾਂ।" ਇਸ ਤੋਂ ਪਹਿਲਾਂ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਅਮਿਤ ਸ਼ਾਹ ਦਾ ਸਵਾਗਤ ਕੀਤਾ। ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ, "ਇਹ ਭਾਰਤ ਦੇ ਖੇਡ ਕੇਂਦਰ ਬਣਨ ਦੀ ਸ਼ੁਰੂਆਤ ਹੈ।" ਪੀ.ਟੀ. ਊਸ਼ਾ ਨੇ ਆਖਿਆ, "ਸਫ਼ਰ ਹਾਲੇ ਖਤਮ ਨਹੀਂ ਹੋਇਆ, ਇਹ ਭਾਰਤੀ ਖੇਡਾਂ ਦੇ ਸਫ਼ਰ ਦਾ ਆਗਾਜ਼ ਹੈ।" ਇਸ ਮੌਕੇ ਉੱਤਰਾਖੰਡ ਦੀ ਖੇਡ ਮੰਤਰੀ ਰੇਖਾ ਆਰੀਆ, ਮੁੱਕੇਬਾਜ਼ ਐੱਮਸੀ ਮੇਰੀਕੋਮ, ਉਲੰਪੀਅਨ ਨਿਸ਼ਾਨੇਬਾਜ਼ ਗਗਨ ਨਾਰੰਗ ਆਦਿ ਮੌਜੂਦ ਸਨ। ਕੌਮੀ ਖੇਡਾਂ ਦੌਰਾਨ ਸਰਵਿਸਿਜ਼ ਸਪੋਰਟਸ ਕੰਟਰੋਲ ਬੋਰਡ (ਐੱਸ.ਐੱਸ.ਸੀ.ਬੀ.) 68 ਸੋਨੇ ਤਗ਼ਮਿਆਂ ਸਣੇ ਕੁੱਲ 121 ਤਗ਼ਮਿਆਂ ਨਾਲ ਪਹਿਲੇ ਸਥਾਨ 'ਤੇ ਰਿਹਾ ਜਦਕਿ ਮਹਾਰਾਸ਼ਟਰ (198 ਤਗ਼ਮੇ) ਦੂਜੇ ਤੇ ਹਰਿਆਣਾ (153 ਤਗ਼ਮੇ) ਤੀਜੇ ਸਥਾਨ 'ਤੇ ਰਹੇ।

# ਕੌਮਾਂਤਰੀ ਹਾਕੀ 'ਚ ਮੱਲਾਂ ਮਾਰਨ ਵਾਲੇ ਰੰਧਾਵਾ ਭਰਾ

ਸੁਖਵਿੰਦਰਜੀਤ ਸਿੰਘ ਮਨੌਲੀ

ਭਾਰਤੀ ਹਾਕੀ ਟੀਮ ਵੱਲੋਂ ਤਿੰਨ ਰੰਧਾਵਾ ਭਰਾਵਾਂ ਬਲਬੀਰ ਸਿੰਘ ਰੰਧਾਵਾ, ਬਲਦੇਵ ਸਿੰਘ ਰੰਧਾਵਾ ਤੇ ਬਲਜੀਤ ਸਿੰਘ ਰੰਧਾਵਾ ਨੂੰ ਕੌਮਾਂਤਰੀ ਹਾਕੀ ਦੇ ਮੈਦਾਨ 'ਚ ਨਿੱਤਰਨ ਦਾ ਹੱਕ ਹਾਸਿਲ ਹੋਇਆ। ਰੰਧਾਵਾ ਭਰਾਵਾਂ ਦੀ ਪਹਿਲੀ ਤਿਕੜੀ ਤੋਂ ਬਾਅਦ ਪਾਕਿਸਤਾਨ ਦੇ ਤਿੰਨ ਭਰਾਵਾਂ ਮਨਜ਼ੂਰ ਹੁਸੈਨ ਜੂਨੀਅਰ, ਮਕਸੂਦ ਹੁਸੈਨ ਤੇ ਮਹਿਮੂਦ ਹੁਸੈਨ 6ਵੀਂ ਸੰਸਾਰ ਹਾਕੀ ਚੈਂਪੀਅਨਜ਼ ਟਰਾਫ਼ੀ ਕਰਾਚੀ-1984 ਤੇ ਅਰਜਨਟੀਨਾ ਦੇ ਤਿੰਨ ਭਰਾਵਾਂ ਮਤਿਆਸ ਵਿਲਾ, ਰੋਡਰਿਗੋ ਵਿਲਾ ਤੇ ਲੂਕਾਸ ਵਿਲਾ ਨੂੰ ਤਿੰਨ ਵਿਸ਼ਵ ਹਾਕੀ ਕੱਪ ਜਰਮਨੀ-2006, ਨਵੀਂ ਦਿੱਲੀ-2010 ਤੇ ਹੇਗ-2014 ਤੇ ਉਲੰਪਿਕ ਹਾਕੀ ਲੰਡਨ-2012 ਵਿੱਚ ਇਕੱਠਿਆਂ ਕੌਮਾਂਤਰੀ ਹਾਕੀ ਖੇਡਣ ਦਾ ਰੁਤਬਾ ਹਾਸਿਲ ਹੋਇਆ ਹੈ।

ਕੌਮੀ ਤੇ ਕੌਮਾਂਤਰੀ ਹਾਕੀ ਖਿਡਾਰੀ ਸੀਨੀਅਰ ਬਲਦੇਵ ਸਿੰਘ ਰੰਧਾਵਾ ਦਾ ਜਨਮ 20 ਮਾਰਚ, 1943 'ਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਓਦੋਨੰਗਲ ਵਿਖੇ ਸ. ਪ੍ਰੀਤਮ ਸਿੰਘ ਰੰਧਾਵਾ ਦੇ ਗ੍ਰਹਿ ਵਿਖੇ ਸੁਖਵਿੰਦਰ ਕੌਰ ਰੰਧਾਵਾ ਦੀ ਕੁੱਖੋਂ ਹੋਇਆ। 1967 ਵਿੱਚ ਦੋਵੇਂ ਭਰਾਵਾਂ ਬਲਬੀਰ ਰੰਧਾਵਾ ਅਤੇ ਬਲਦੇਵ ਰੰਧਾਵਾ ਨੇ ਸ੍ਰੀਲੰਕਾ ਦੀ ਮੇਜ਼ਬਾਨੀ 'ਚ ਹਾਕੀ ਟੈਸਟ ਲੜੀ ਖੇਡਣ ਲਈ ਮੈਦਾਨ 'ਚ ਨਿੱਤਰਨ ਦਾ ਕ੍ਰਿਸ਼ਮਾ ਕੀਤਾ। ਸੀਨੀਅਰ ਬਲਦੇਵ ਸਿੰਘ ਰੰਧਾਵਾ ਤੇ ਬਲਦੇਵ ਸਿੰਘ ਰੰਧਾਵਾ ਹੁਰਾਂ ਦੇ ਤੀਜੇ ਭਰਾ ਬਲਜੀਤ ਸਿੰਘ ਰੰਧਾਵਾ ਵੀ ਕੌਮੀ ਤੇ ਕੌਮਾਂਤਰੀ ਹਾਕੀ ਦੇ ਮੈਦਾਨ 'ਚ ਨਾਮਣਾ ਖੱਟਿਆ। ਚੰਗਾ ਹਾਕੀ ਖਿਡਾਰੀ ਹੋਣ ਤੋਂ ਇਲਾਵਾ ਬਲਦੇਵ ਸਿੰਘ ਨੇ ਉੱਚ ਮਿਆਰੀ ਸਿੱਖਿਆ ਹਾਸਿਲ ਕਰਨ 'ਚ ਕੋਈ ਕੰਜੂਸੀ ਨਹੀਂ ਵਰਤੀ। ਫ਼ਿਜ਼ੀਕਲ ਐਜੂਕੇਸ਼ਨ 'ਚ ਐਮ.ਏ. ਤੇ ਐਲ.ਐਲ.ਬੀ. ਡਿਗਰੀ ਹੋਲਡਰ ਬਲਦੇਵ ਸਿੰਘ ਰੰਧਾਵਾ ਨੇ 1963-64 ਵਿੱਚ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦੀ ਨੁਮਾਇੰਦਗੀ ਕਰ ਕੇ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ 'ਚ ਚੈਂਪੀਅਨ ਬਣਨ ਦਾ ਜੱਸ ਖੱਟਿਆ। ਐਨ.ਆਈ.ਐਸ. ਤੋਂ ਫ਼ਿਜ਼ੀਕਲ ਐਜੂਕੇਸ਼ਨ 'ਚ ਡਿਪਲੋਮਾ ਹੋਲਡਰ ਬਲਦੇਵ ਸਿੰਘ ਰੰਧਾਵਾ ਨੂੰ 1965-66 ਦਾ ਖੇਡ ਸੀਜ਼ਨ ਪੰਜਾਬੀ ਯੂਨੀਵਰਸਿਟੀ ਵੱਲੋਂ ਖੇਡਣ ਦਾ ਮੌਕਾ ਨਸੀਬ ਹੋਇਆ। ਹਾਕੀ ਖੇਡਣ ਤੋਂ ਇਲਾਵਾ ਬਲਦੇਵ ਸਿੰਘ ਅਵਲਤਰੀਨ ਅਥਲੀਟ ਵੀ ਸੀ। ਅਥਲੈਟਿਕਸ 'ਚ ਇਸੇ ਕਾਰਗੁਜ਼ਾਰੀ ਸਦਕਾ ਬਲਦੇਵ ਸਿੰਘ ਰੰਧਾਵਾ 1962-63 'ਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ 1963-64 'ਚ ਡੀ.ਏ.ਵੀ. ਕਾਲਜ ਜਲੰਧਰ 'ਚ ਕ੍ਰਮਵਾਰ ਦੋ ਵਾਰ 'ਬੈਸਟ ਅਥਲੀਟ' ਦੇ ਪਾਏਦਾਨ 'ਤੇ ਬਿਰਾਜਮਾਨ ਹੋਇਆ। ਬਲਦੇਵ ਨੇ ਪੰਜਾਬ ਯੂਨੀਵਰਸਿਟੀ ਦੀ ਅਥਲੈਟਿਕਸ ਟੀਮ ਦੀ ਇੰਟਰ-ਯੂਨੀਵਰਸਿਟੀ ਅਥਲੈਟਿਕਸ ਖੇਡ ਸੀਜ਼ਨ 1965-66 'ਚ ਪ੍ਰਤੀਨਿਧਤਾ ਕੀਤੀ। 1965 ਵਿੱਚ ਬਲਦੇਵ ਸਿੰਘ ਰੰਧਾਵਾ ਨੂੰ ਦਿੱਲੀ ਸਟੇਟ ਹਾਕੀ ਟੀਮ ਨਾਲ ਸ੍ਰੀਲੰਕਾ ਵਿਰੁੱਧ ਖੇਡਣ ਦਾ ਮੌਕਾ ਹਾਸਿਲ ਹੋਇਆ। ਬਲਬੀਰ ਸਿੰਘ ਰੰਧਾਵਾ ਦਾ ਜਨਮ 1 ਜੂਨ, 1942 'ਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਓਦੋਨੰਗਲ 'ਚ ਹੋਇਆ। ਬਲਬੀਰ ਨੇ ਹਾਕੀ ਖੇਡਣ ਦੀ ਸ਼ੁਰੂਆਤ ਐਸ.ਡੀ. ਕਾਲਜ, ਅੰਬਾਲਾ ਵਿੱਚ ਪੜ੍ਹਦਿਆਂ ਕੀਤੀ। ਬਲਬੀਰ ਦੇ ਹਾਕੀ ਖੇਡਣ ਪਿੱਛੇ ਅੰਬਾਲਾ 'ਚ ਸਪੋਰਟਸ ਅਫ਼ਸਰ ਤਾਇਨਾਤ ਉਸ ਦੇ ਫ਼ੁੱਫੜ ਸਰਦੂਲ ਸਿੰਘ ਸੇਖੋਂ ਦਾ ਵੱਡਾ ਹੱਥ ਰਿਹਾ। ਹਾਕੀ ਖੇਡਣ ਸਦਕਾ 1958 'ਚ ਬਲਬੀਰ ਨੂੰ



ਇੰਡੀਅਨ ਨੇਵੀ ਵਾਲਿਆਂ ਨੇ ਭਰਤੀ ਕਰ ਲਿਆ। 11 ਸਾਲ ਨੇਵੀ ਵੱਲੋਂ ਹਾਕੀ ਖੇਡਣ ਵਾਲਾ ਬਲਬੀਰ ਚੀਫ਼ ਪੈਟੀ ਅਫ਼ਸਰ ਦਾ ਅਹੁਦਾ ਤਿਆਗ ਕੇ 1969 'ਚ ਇੰਡੀਅਨ ਰੇਲਵੇ 'ਚ ਸਪੈਸ਼ਲ ਟਿਕਟ ਚੈੱਕਰ ਦੀ ਪੋਸਟ 'ਤੇ ਭਰਤੀ ਹੋਇਆ। ਇੰਡੀਅਨ ਰੇਲਵੇ 'ਚ 33 ਸਾਲਾ ਸਰਵਿਸ ਤੋਂ ਬਾਅਦ ਚੀਫ਼ ਇੰਸਪੈਕਟਰ ਟਿਕਟ ਦੀ ਪੋਸਟ ਤੋਂ ਰਿਟਾਇਰ ਹੋਇਆ ਬਲਬੀਰ ਰੇਲਵੇ ਵੱਲੋਂ ਨੈਸ਼ਨਲ ਹਾਕੀ ਖੇਡਣ ਤੋਂ ਇਲਾਵਾ ਰੇਲਵੇ ਦੀਆਂ ਮਹਿਲਾ ਤੇ ਪੁਰਸ਼ ਦੋਵੇਂ ਹਾਕੀ ਟੀਮਾਂ ਨੂੰ ਟਰੇਂਡ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਂਦਾ ਰਿਹਾ। 1976 'ਚ ਬਲਬੀਰ ਨੇ ਐਨ.ਆਈ.ਐਸ., ਪਟਿਆਲਾ ਤੋਂ ਹਾਕੀ ਕੋਚਿੰਗ ਦਾ ਡਿਪਲੋਮਾ ਕੀਤਾ। ਬਲਬੀਰ ਸਿੰਘ ਰੰਧਾਵਾ ਅੱਜ-ਕੱਲ੍ਹ ਰਾਊਂਡ ਗਲਾਸ ਸਪੋਰਟਸ, ਮੋਹਾਲੀ ਦਾ ਸਪੋਰਟਸ ਅਡਵਾਈਜ਼ਰ ਹੈ। ਬਲਜੀਤ ਸਿੰਘ ਰੰਧਾਵਾ ਨੂੰ ਕੌਮੀ ਅਤੇ ਕੌਮਾਂਤਰੀ ਹਾਕੀ ਦੇ ਮੈਦਾਨ 'ਚ ਕੁੱਦਣ ਦਾ ਸੁਭਾਗ ਹਾਸਿਲ ਹੋਇਆ। ਐਸ.ਕੇ.ਡੀ. ਖ਼ਾਲਸਾ ਹਾਈ ਸਕੂਲ ਗੁਰਦਾਸਪੁਰ ਤੋਂ ਮੁੱਢਲੀ ਸਿੱਖਿਆ ਹਾਸਿਲ ਕਰਨ ਵਾਲੇ ਬਲਜੀਤ ਨੂੰ ਮਹਿੰਦਰਾ ਕਾਲਜ ਪਟਿਆਲਾ 'ਚ ਪੜ੍ਹਦਿਆਂ ਪੰਜਾਬੀ ਯੂਨੀਵਰਸਿਟੀ ਵੱਲੋਂ ਵੀ ਖੇਡਣ ਦਾ ਹੱਕ ਹਾਸਿਲ ਹੋਇਆ। ਬਲਜੀਤ ਦੀ ਚੋਣ ਕੰਬਾਇੰਡ ਯੂਨੀਵਰਸਿਟੀ ਦੀ ਟੀਮ ਲਈ ਕੀਤੀ। 1976 'ਚ ਬਲਜੀਤ ਸਿੰਘ ਰੰਧਾਵਾ ਨੇ ਯੂਰਪ ਹਾਕੀ ਟੂਰ ਖੇਡਣ ਲਈ ਇੰਡੀਅਨ ਯੂਨੀਵਰਸਿਟੀ ਦੀ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ। ਰੰਧਾਵਾ ਦਾ ਜਨਮ 1 ਅਪਰੈਲ, 1955 'ਚ ਗੁਰਦਾਸਪੁਰ ਦੇ ਪਿੰਡ ਤੁਗਲਵਾਲਾ 'ਚ ਹੋਇਆ। 1979 'ਚ ਕੌਮੀ ਹਾਕੀ ਟੀਮ ਦੇ ਸਿਲੈਕਟਰਾਂ ਵੱਲੋਂ ਬਲਜੀਤ ਦੀ ਚੋਣ ਭਾਰਤੀ ਹਾਕੀ ਟੀਮ 'ਚ ਖੇਡਣ ਲਈ ਕੀਤੀ। ਭਾਰਤੀ ਹਾਕੀ ਟੀਮ ਨੇ ਰੂਸੀ ਹਾਕੀ ਖਿਡਾਰੀਆਂ ਨੂੰ 2-1 ਨਾਲ ਜਿੱਤ ਹਾਸਿਲ ਕਰ ਕੇ ਹਾਕੀ ਲੜੀ 'ਤੇ ਕਬਜ਼ਾ ਜਮਾਇਆ। 1977 ਵਿੱਚ ਐਨ.ਆਈ.ਐਸ. ਕਰਨ ਤੋਂ ਬਾਅਦ ਬਲਜੀਤ ਨੇ ਪੰਜਾਬ ਪੁਲਿਸ 'ਚ ਨੌਕਰੀ ਸ਼ੁਰੂ ਕੀਤੀ।

ਭੋਲਾ ਸਿੰਘ ਸ਼ਮੀਰੀਆ

# ਅਖਾੜਾ ਸੱਭਿਆਚਾਰ ਦੀ ਜਿੰਦ-ਜਾਨ

# ਮੁਹੰਮਦ ਸਦੀਕ





ਲੈਅ-ਬੱਧ ਜਾਂ ਸੰਗੀਤਕ ਨਿਯਮਾਂ ਵਿੱਚ ਬੱਝੇ ਹੋਏ ਬੋਲਾਂ ਨੂੰ ਸੁਣਨਾ ਪੰਜਾਬੀਆਂ ਦਾ ਸ਼ੁਰੂ ਤੋਂ ਹੀ ਸੁਭਾਅ ਰਿਹਾ ਹੈ। ਪਹਿਲਾਂ ਤੋਂ ਹੀ ਪੰਜਾਬੀ 'ਗੌਣ-ਪ੍ਰਣਾਲੀ' ਦੇ ਸ਼ੌਕੀਨ ਰਹੇ ਹਨ। ਲੋਕਾਂ ਦਾ ਮੇਲਿਆਂ 'ਤੇ ਇਕੱਠੇ ਹੋਣ ਦਾ ਜ਼ਿਆਦਾ ਕਾਰਨ ਕਵੀਸ਼ਰਾਂ ਜਾਂ ਢਾਡੀਆਂ ਨੂੰ ਸੁਣਨਾ ਹੁੰਦਾ ਸੀ। ਕਵੀਸ਼ਰ ਜਾਂ ਢਾਡੀ ਤੁਰ ਫਿਰ ਕੇ ਗਾਇਆ ਕਰਦੇ ਸਨ। ਫਿਰ ਜਦੋਂ ਸਪੀਕਰਾਂ ਦਾ ਯੁੱਗ ਆਇਆ ਤਾਂ ਗੌਣ ਵਾਲਿਆਂ ਨੇ ਸਟੇਜਾਂ 'ਤੇ ਖੜ੍ਹ ਕੇ ਗਾਉਣਾ ਸ਼ੁਰੂ ਕੀਤਾ। ਲੋਕ ਕਿੱਸੇ ਜਾਂ ਜੁਝਾਰੂ ਰੰਗ ਸੁਣਦੇ। ਕੁਝ ਨਵੀਂ ਉਮਰ ਦੇ ਮੁੰਡੇ ਇਨ੍ਹਾਂ ਗਾਉਣ ਮੰਡਲੀਆਂ ਤੋਂ ਰੁਮਾਂਟਿਕ ਰਸ ਜਾਂ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਅਤੇ ਨਿਤਾਪ੍ਰਤੀ ਵਾਪਰਨ ਵਾਲੀਆਂ ਨੋਕਾਂ-ਝੋਕਾਂ ਸੁਣ ਕੇ ਸੁਆਦ ਲੈਣ ਲੱਗੇ। ਫਿਰ ਜ਼ਿੰਦਗੀ ਦੀਆਂ ਨਾਟਕਮਈ ਘਟਨਾਵਾਂ ਨੂੰ ਹੂਬਹੂ ਪੇਸ਼ ਕਰਨ ਦੇ ਮੰਤਵ ਨੂੰ ਮੁੱਖ ਰੱਖਦਿਆਂ ਅਖਾੜਾ-ਸੱਭਿਆਚਾਰ ਹੋਂਦ ਵਿੱਚ ਆਇਆ।

ਗਾਉਣ ਦੇ ਨਾਲ-ਨਾਲ ਇਹ ਅਖਾੜਾ-ਕਲਚਰ ਵਿਆਹਾਂ-ਸ਼ਾਦੀਆਂ ਵਿੱਚ ਵਡਿਆਈ ਦਾ ਪਾਤਰ ਬਣਿਆ। ਅਖਾੜਾ-ਪ੍ਰਣਾਲੀ ਦਾ ਮੁੱਢ ਕਲਾਕਾਰ ਚਾਂਦੀ ਰਾਮ ਨੇ ਬੰਨ੍ਹਿਆ। ਭਾਵੇਂ ਇਸ ਤੋਂ ਪਹਿਲਾਂ ਵੀ ਔਰਤ ਕਲਾਕਾਰਾਂ ਨਾਲ ਗਾਉਣ ਦੀ ਪਰੰਪਰਾ ਸ਼ੁਰੂ ਹੋ ਚੁੱਕੀ ਸੀ, ਪ੍ਰੰਤੂ ਅਸਲੀ ਅਖਾੜੇ ਦੇ ਰੂਪ ਵਿੱਚ ਚਾਂਦੀ ਰਾਮ ਨੇ ਇਸ ਪਰੰਪਰਾ ਦਾ ਮੁੱਢ ਬੰਨ੍ਹਿਆ। ਇਸ ਗਾਇਕ ਜੋੜੀ ਦਾ ਗਾਇਆ ਗੀਤ 'ਲੈ ਜਾ ਛੱਲੀਆਂ ਭੁਨਾ ਲਵੀਂ ਦਾਣੇ ਵੇ ਮਿੱਤਰਾ ਦੂਰ ਦਿਆ' ਬਹੁਤ ਮਕਬੂਲ ਹੋਇਆ। ਇਸ ਅਖਾੜਾ-ਪਰੰਪਰਾ ਨੂੰ ਨਿਯਮਬੱਧ, ਹਰਮਨ-ਪਿਆਰਾ ਅਤੇ ਸਿਖਰਾਂ ਵੱਲ ਲੈ ਕੇ ਜਾਣ ਦਾ ਸਿਹਰਾ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਦੇ ਸਿਰ ਬੱਝਦਾ ਹੈ। ਮੁਹੰਮਦ ਸਦੀਕ ਬਚਪਨ ਵਿੱਚ ਨਾਟਕ-ਮੰਡਲੀ ਵਿੱਚ ਕੰਮ ਕਰਦਾ ਸੀ। ਬਾਅਦ ਵਿੱਚ ਲੋਕ-ਸੰਪਰਕ ਵਿਭਾਗ ਵਿੱਚ ਕੰਮ ਕਰਨ ਕਰਕੇ ਉਸ ਨੂੰ ਆਪਣੇ ਹਰ ਕਿਰਦਾਰ ਨਾਲ ਨਿਭਣਾ ਆਉਂਦਾ ਸੀ। ਮੁਹੰਮਦ ਸਦੀਕ ਤੋਂ ਪਹਿਲਾਂ ਜਾਂ ਸਮਕਾਲੀ ਕਲਾਕਾਰ ਸਿਰਫ਼ ਸਟੇਜ 'ਤੇ ਗਾਉਂਦੇ ਸਨ, ਉਹ ਘਟਨਾ ਦੀ ਪੇਸ਼ਕਾਰੀ ਨਹੀਂ ਕਰਦੇ ਸਨ। ਮੁਹੰਮਦ ਸਦੀਕ ਨੇ ਕਿਸੇ ਘਟਨਾ ਨੂੰ ਸਿਰਫ਼ ਗਾਇਆ ਹੀ ਨਹੀਂ, ਸਗੋਂ ਪੇਸ਼ਕਾਰੀ ਕਰਕੇ ਉਸ ਨੂੰ ਹੋਰ ਦਿਲਚਸਪ ਵੀ ਬਣਾਇਆ। ਜੇਠ ਦਾ ਰੋਲ ਕਰਨ ਸਮੇਂ ਜਦੋਂ ਉਹ ਮੁੱਛ ਨੂੰ ਵੱਟ ਦੇ ਕੇ ਅੱਖਾਂ ਦੇ ਕੋਇਆਂ ਵਿੱਚੋਂ ਦੀ ਟੇਢਾ ਜਿਹਾ ਔਰਤ ਕਲਾਕਾਰ ਵੱਲ ਝਾਕਦਾ ਹੈ ਤਾਂ ਲੋਕ ਸ਼ਬਦੀ-ਰਸ ਦੇ ਨਾਲ ਨਾਟਕੀ-ਰਸ ਵੀ ਮਾਣਦੇ ਹਨ। ਇਹ ਉਸ ਦੀ ਕਲਾ ਦਾ ਜਾਦੂ ਹੈ, ਜਦੋਂ ਉਹ ਛੋਟੀ ਉਮਰ ਦੇ ਦਿਉਰ ਦਾ ਰੋਲ ਕਰਦਿਆਂ ਆਪਣੇ ਕਮੀਜ਼ ਦੀ ਕੰਨੀ ਫੜ ਕੇ ਦੰਦਾਂ ਵਿੱਚ ਚੱਬਦਾ ਹੈ। ਇਸ ਤਰ੍ਹਾਂ ਲੋਕ ਅਖਾੜਿਆਂ ਵਿੱਚ ਪੇਸ਼ਕਾਰੀ ਦਾ ਰੰਗ ਪਾਉਣ ਦਾ ਸਿਹਰਾ ਮੁਹੰਮਦ ਸਦੀਕ ਦੇ ਸਿਰ ਬੱਝਦਾ ਹੈ। ਇਸ ਤਰ੍ਹਾਂ ਲੋਕ ਅਖਾੜਿਆਂ ਨੂੰ ਸੁਣਨ ਦੇ ਨਾਲ-ਨਾਲ ਦੇਖਣ ਵੱਲ ਵੀ ਰੁਚਿਤ ਹੋਏ। ਸਿੱਟੇ ਵਜੋਂ ਇਹ ਅਖਾੜਾ ਕਲਚਰ ਲੋਕਾਂ ਦੀ ਰੂਹ ਨਾਲ ਅਜਿਹਾ ਜੁੜਿਆ ਕਿ ਅੱਜ ਤੱਕ ਟੁੱਟ ਨਹੀਂ ਸਕਿਆ।

ਜਸਵੰਤ ਸੰਦੀਲਾ ਕਹਿੰਦਾ ਹੈ ਕਿ ਮੁਹੰਮਦ ਸਦੀਕ ਨੇ ਅਖਾੜਿਆਂ ਨੂੰ ਸੰਵਿਧਾਨਕ ਲੀਹਾਂ 'ਤੇ ਤੋਰ ਕੇ ਇਸ ਨੂੰ ਨਿਯਮਬੱਧ ਪ੍ਰਣਾਲੀ ਨਾਲ ਜੋੜਿਆ। ਜਿਵੇਂ ਗਾਉਣ ਤੋਂ ਪਹਿਲਾਂ ਪਾਰਟੀ ਤੋਂ ਪੈਸੇ ਲੈਣ ਦੀ ਰਵਾਇਤ ਪਾਉਣੀ, ਅਖਾੜੇ ਦਾ ਸਮਾਂ ਦੋ ਘੰਟੇ ਮੁਕੱਰਰ ਕਰਨਾ ਅਤੇ ਸਟੇਜ 'ਤੇ ਕਿਸੇ ਬਰਾਤੀ ਜਾਂ ਸ਼ਰਾਬੀ ਨੂੰ ਨਾ ਚੜ੍ਹਨ ਦੇਣਾ ਆਦਿ। ਮੁਹੰਮਦ ਸਦੀਕ ਤੋਂ ਬਿਨਾਂ ਹੋਰ ਅਖਾੜਿਆਂ ਵਿੱਚ ਲੋਕ ਸਟੇਜ 'ਤੇ ਚੜ੍ਹ ਕੇ ਖ਼ਰੂਦ ਪਾਉਂਦੇ ਸਨ। ਸਦੀਕ ਨੇ ਇਸ ਹਫੜਾ-ਦਫੜੀ ਨੂੰ ਰੋਕ ਕੇ ਅਖਾੜਿਆਂ ਦੇ ਰੂਪ ਨੂੰ ਨਿਖਾਰਿਆ। ਸੋਨੇ 'ਤੇ ਸੁਹਾਗੇ ਦਾ ਰੂਪ ਬਣ ਕੇ ਉੱਭਰੇ ਬਾਬੂ ਸਿੰਘ ਮਾਨ ਨੇ ਮੁਹੰਮਦ ਸਦੀਕ ਦੀ ਸ਼ਖ਼ਸੀਅਤ ਤੇ ਉਸ ਦੀਆਂ ਸਰੀਰਕ ਮੁਦਰਾਵਾਂ ਨੂੰ ਭਾਂਪਦੇ ਹੋਏ ਅਜਿਹੇ ਗੀਤ ਲਿਖੇ ਜਿਨ੍ਹਾਂ ਵਿੱਚ ਨਾਟਕੀ ਰੂਪ ਜ਼ਿਆਦਾ ਹੋਵੇ। ਗਾਮੀ ਸੰਗਤਪੁਰੀਏ ਦੇ ਵਾਰਤਾਲਾਪੀ ਗੀਤ ਮੁਹੰਮਦ ਸਦੀਕ ਦੀ ਸ਼ੈਲੀ ਦਾ ਹੋਰ ਨਿਖਾਰ ਬਣਦੇ ਗਏ।

ਮੂਲ ਰੂਪ ਵਿੱਚ ਮੁਹੰਮਦ ਸਦੀਕ ਵਧੀਆ ਇਨਸਾਨ ਹੋਣ ਦੇ ਨਾਲ-ਨਾਲ ਵਧੀਆ ਸੰਗੀਤਕਾਰ ਵੀ ਹੈ। ਸਿਰਫ਼ ਸਟੇਜ 'ਤੇ ਹੀ ਨਹੀਂ, ਸਮਾਜਿਕ ਤੌਰ 'ਤੇ ਵੀ ਹਰ ਇੱਕ ਨਾਲ ਹੰਢਣਯੋਗ ਹੈ। ਉਸ ਦੇ ਸਾਥੀਆਂ ਨਾਲ ਕਦੇ ਮਤਭੇਦ ਨਹੀਂ ਹੋਏ। ਇਹੀ ਕਾਰਨ ਹੈ ਕਿ ਉਹ ਬੀਬਾ ਰਣਜੀਤ ਕੌਰ ਨਾਲ ਲਗਾਤਾਰ 35 ਸਾਲ ਗਾਉਂਦਾ ਰਿਹਾ। ਜੇਕਰ ਰਣਜੀਤ ਕੌਰ ਦੀ ਆਵਾਜ਼ ਖਰਾਬ ਨਾ ਹੁੰਦੀ ਤਾਂ ਇਸ ਜੋੜੀ ਨੇ ਅਜਿਹਾ ਰਿਕਾਰਡ ਬਣਾਉਣਾ ਸੀ ਜੋ ਸ਼ਾਇਦ ਕਿਸੇ ਤੋਂ ਵੀ ਨਾ ਟੁੱਟਦਾ। ਉਂਝ 35 ਸਾਲ ਦਾ ਰਿਕਾਰਡ ਵੀ ਬਹੁਤ ਹੈ। ਮੁਹੰਮਦ ਸਦੀਕ ਸਾਥੀ ਕਲਾਕਾਰ ਨੂੰ ਬਦਲਣ ਵਿੱਚ ਯਕੀਨ ਨਹੀਂ ਕਰਦਾ। ਇਸੇ ਕਰਕੇ ਉਸ ਨੂੰ ਬੀਬਾ ਸੁਖਜੀਤ ਕੌਰ ਨਾਲ ਗਾਉਂਦਿਆਂ ਵੀ 20 ਸਾਲ ਹੋ ਚੁੱਕੇ ਹਨ। ਮੁਹੰਮਦ ਸਦੀਕ ਦੀ ਜ਼ੁਬਾਨ 'ਤੇ ਨਿਮਰਤਾ ਹੈ, ਉਸ ਦੀਆਂ ਉਂਗਲਾਂ ਦੇ ਪੋਟਿਆਂ ਵਿੱਚ ਸੰਗੀਤਮਈ ਜਾਦੂ ਭਰਿਆ ਹੋਇਆ ਹੈ। ਇਹ ਉਸ ਦਾ ਵਡੱਪਣ ਹੈ ਕਿ ਉਸ ਨੇ ਕਦੇ ਵੀ ਹੰਕਾਰ ਨਹੀਂ ਕੀਤਾ। ਪੁੱਛਣ 'ਤੇ ਕਹਿੰਦਾ ਹੈ 'ਸਾਹਿਬ ਹੱਥ ਵਡਿਆਈਆਂ।' ਲੋਕਾਂ ਨੇ ਉਸ ਦੀ ਕਲਾ ਤੇ ਨਿਮਰਤਾ ਦਾ ਮੁੱਲ ਪਾਉਂਦਿਆਂ ਉਸ ਨੂੰ ਵਿਧਾਇਕ ਅਤੇ ਸੰਸਦ ਮੈਂਬਰ ਤੱਕ ਦੀਆਂ ਉਪਾਧੀਆਂ ਦੀ ਬਖ਼ਸ਼ਿਸ਼ ਕੀਤੀ। ਬੇਸ਼ੱਕ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਗਾਇਕੀ ਦਾ ਸ਼ੋਰ ਸ਼ਰਾਬਾ ਕਾਫ਼ੀ ਵਧ ਗਿਆ ਹੈ, ਪ੍ਰੰਤੂ 'ਮੁਹੰਮਦ ਸਦੀਕ ਮਾਡਲ' ਅਖਾੜਿਆਂ ਵਿੱਚ ਅਜੇ ਵੀ ਮੋਹਰੀ ਰੋਲ ਅਦਾ ਕਰ ਰਿਹਾ ਹੈ। ਉਹ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲਾ ਕਲਾਕਾਰ ਹੈ। ਇਹ ਵੀ ਉਸ ਦੀ ਫਰਾਖ਼ਦਿਲੀ ਹੈ ਕਿ ਉਸ ਨੇ ਕਦੇ ਵੀ ਆਪਣੇ ਸਰੋਤਿਆਂ ਦੀਆਂ ਭਾਵਨਾਵਾਂ ਦਾ ਨਾਜਾਇਜ਼ ਫਾਇਦਾ ਨਹੀਂ ਉਠਾਇਆ। ਉਸ ਨੂੰ ਇਹ ਵੀ ਪਤਾ ਸੀ ਕਿ ਉਸ ਦਾ ਸਰੋਤਾ-ਵਰਗ ਕਮਜ਼ੋਰ ਆਰਥਿਕ-ਦਸ਼ਾ ਵਾਲਾ ਹੈ। ਇਸੇ ਕਰਕੇ ਉਸ ਨੇ ਕਦੇ ਆਪਣੇ ਰੇਟ ਵਿੱਚ ਚੋਖਾ ਵਾਧਾ ਨਹੀਂ ਕੀਤਾ। ਉਸ ਦਾ ਰੇਟ ਉਹ ਹੀ ਹੁੰਦਾ ਹੈ, ਜਿਸ ਨੂੰ ਆਮ ਲੋਕ ਸਹਿਣ ਕਰ ਸਕਣ। ਮੁਹੰਮਦ ਸਦੀਕ ਤੇ ਬਾਬੂ ਸਿੰਘ ਮਾਨ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਦੋਵੇਂ ਉਮਰ ਦੇ ਅੱਠ ਦਹਾਕੇ ਪੂਰੇ ਕਰਨ ਦੇ ਬਾਵਜੂਦ ਗੱਭਰੂ ਹਨ। ਇਹ ਸਿਰਫ਼ ਲੋਕਾਂ ਦੇ ਪਿਆਰ ਸਦਕਾ ਹੀ ਹੈ। ਉਸ ਦੇ ਸਰੋਤਿਆਂ ਦੀ ਦੁਆ ਹੈ ਕਿ ਮੁਹੰਮਦ ਸਦੀਕ ਦੀਆਂ ਨਾਟਕੀ ਅਦਾਵਾਂ ਤੇ ਪੇਸ਼ਕਾਰੀ 'ਤੇ ਕਦੇ ਬੁਢਾਪਾ ਨਾ ਆਵੇ।

## ਵਿਦੇਸ਼ਾਂ ਵਿੱਚ ਵੀ ਦੋਸਾਂਝ ਵਾਲੇ ਦੀ ਹੋਈ ਬੱਲੇ ਬੱਲੇ



ਪੰਜਾਬੀ ਸੁਪਰਸਟਾਰ ਗਾਇਕ ਦਿਲਜੀਤ ਦੋਸਾਂਝ ਦੀ ਨਾ ਸਿਰਫ਼ ਭਾਰਤ ਵਿੱਚ, ਬਲਕਿ ਵਿਸ਼ਵ ਪੱਧਰ 'ਤੇ ਵੀ ਇੱਕ ਵਿਸ਼ਾਲ ਫ਼ੈਨ ਫ਼ਾਲੋਇੰਗ ਹੈ। ਕੀ ਤੁਸੀਂ ਜਾਣਦੇ ਹੋ, ਹਾਲੀਵੁੱਡ ਐਕਟਰ ਵਿਲ ਸਮਿਥ ਵੀ ਦਿਲਜੀਤ ਦੇ ਫ਼ੈਨ ਹਨ? ਉਹ ਇੰਸਟਾਗ੍ਰਾਮ 'ਤੇ ਗਾਇਕ ਨੂੰ ਫ਼ਾਲੋ ਕਰਦਾ ਹੈ, ਅਤੇ ਹੁਣ ਉਸ ਨੇ ਦਿਲਜੀਤ ਦੇ ਨਵੇਂ ਗੀਤ 'ਟੈਸ਼ਨ' 'ਤੇ ਆਪਣੀ ਪ੍ਰਤੀਕਿਰਿਆ ਵੀ ਦਿੱਤੀ ਹੈ। ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਪ੍ਰਸ਼ੰਸਕ ਇੰਸਟਾਗ੍ਰਾਮ 'ਤੇ ਉਨ੍ਹਾਂ ਦੀ ਗੱਲਬਾਤ ਨੂੰ ਦੇਖ ਕੇ ਬਹੁਤ ਰੋਮਾਂਚਿਤ ਹਨ ਅਤੇ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਨੂੰ ਇਕੱਠੇ ਦੇਖਣ ਦੀ ਇੱਛਾ ਜ਼ਾਹਰ ਕਰ ਰਹੇ ਹਨ।

ਦਿਲਜੀਤ ਦੋਸਾਂਝ ਨੇ ਆਪਣੇ ਇੰਸਟਾਗ੍ਰਾਮ 'ਤੇ ਆਪਣੇ ਨਵੇਂ ਗੀਤ 'ਟੈਸ਼ਨ' ਦੀ ਵੀਡੀਓ ਕਲਿੱਪ ਸ਼ੇਅਰ ਕੀਤੀ ਸੀ। ਵਿਲ ਸਮਿਥ ਨੇ ਪੋਸਟ 'ਤੇ ਇੱਕ ਟਿੱਪਣੀ ਕਰ ਕੇ ਗੀਤ ਦੀ ਪ੍ਰਸ਼ੰਸਾ ਕੀਤੀ, ਜਿਸ ਵਿੱਚ ਉਸ ਨੇ ਲਿਖਿਆ, 'ਫ਼ਾਇਰ!' ਜਵਾਬ ਵਿੱਚ, ਦਿਲਜੀਤ ਨੇ ਵਿਲ ਸਮਿਥ ਨੂੰ ਆਪਣਾ ਵੱਡਾ ਭਰਾ ਦੱਸਿਆ। ਸੋਸ਼ਲ ਮੀਡੀਆ 'ਤੇ ਉਹਨਾਂ ਦੇ ਕੁਮੈਂਟ ਨੇ ਪ੍ਰਸ਼ੰਸਕਾਂ ਵਿੱਚ ਉਤਸ਼ਾਹ ਦੀ ਲਹਿਰ ਪੈਦਾ ਕਰ ਦਿੱਤੀ।

## ਦਿੱਗਜ ਅਦਾਕਾਰਾ ਨਿਰਮਲ ਰਿਸ਼ੀ ਦਾ ਨਵਾਂ ਰੂਪ



ਨਿਰਮਲ ਰਿਸ਼ੀ ਪੰਜਾਬੀ ਸਿਨੇਮਾ ਦੀ 'ਬਾਬਾ ਬੋਹੜ' ਹੈ, ਸ਼ਾਇਦ ਹੀ ਕੋਈ ਪੰਜਾਬੀ ਫਿਲਮ ਹੋਵੇ, ਜਿਸ 'ਚ ਇਸ ਅਦਾਕਾਰਾ ਨੂੰ ਸ਼ਾਮਲ ਨਾ ਕੀਤਾ ਗਿਆ ਹੋਵੇ, ਦੂਜੇ ਸ਼ਬਦਾਂ 'ਚ ਕਹਿ ਸਕਦੇ ਹਾਂ ਕਿ ਪੰਜਾਬੀ ਸਿਨੇਮਾ ਦੀਆਂ ਫਿਲਮਾਂ ਇਸ ਅਦਾਕਾਰਾ ਤੋਂ ਬਿਨ੍ਹਾਂ ਅਧੂਰੀਆਂ ਹਨ।

ਹੁਣ ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਸੀਮਾ ਕੌਸ਼ਲ ਅਤੇ ਗੁਰਪ੍ਰੀਤ ਭੰਗੂ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਅਜਿਹੀ ਵੀਡੀਓ ਸਾਂਝੀ ਕੀਤੀ ਹੈ, ਜੋ ਹਰ ਕਿਸੇ ਦਾ ਧਿਆਨ ਖਿੱਚ ਰਹੀ ਹੈ। ਦਰਅਸਲ, ਇਹ ਵੀਡੀਓ ਇਨ੍ਹਾਂ ਚਾਰੋਂ ਅਦਾਕਾਰਾਂ ਦੀ ਕਿਸੇ ਫਿਲਮ ਦੀ ਸ਼ੂਟਿੰਗ 'ਤੇ ਜਾਂਦੇ ਸਮੇਂ ਦੀ ਹੈ, ਜਿਸ 'ਚ ਰੁਪਿੰਦਰ ਰੂਪੀ, ਸੀਮਾ ਕੌਸ਼ਲ ਅਤੇ ਗੁਰਪ੍ਰੀਤ ਭੰਗੂ ਅਦਾਕਾਰਾ ਨਿਰਮਲ ਰਿਸ਼ੀ ਨਾਲ ਮਜ਼ਾਕ ਕਰਦੀਆਂ ਨਜ਼ਰੀ ਪੈ ਰਹੀਆਂ ਹਨ ਅਤੇ ਕਹਿੰਦੀਆਂ ਹਨ ਕਿ ਬੀਬੀ ਨੂੰ ਵਿਆਉਣ ਚੱਲੇ ਹਾਂ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਅਦਾਕਾਰਾ ਨਿਰਮਲ ਰਿਸ਼ੀ ਨੇ ਪੈਸਿਆਂ ਵਾਲਾ ਹਾਰ ਗਲ਼ 'ਚ ਪਾਇਆ ਹੋਇਆ ਹੈ, ਉਹ ਰੁਪਿੰਦਰ ਰੂਪੀ, ਸੀਮਾ ਕੌਸ਼ਲ ਅਤੇ ਗੁਰਪ੍ਰੀਤ ਭੰਗੂ ਦੇ ਮਜ਼ਾਕ 'ਤੇ ਉਨ੍ਹਾਂ ਨੂੰ ਟੋਕਦੀ ਨਜ਼ਰੀ ਪੈ ਰਹੀ ਹੈ ਪਰ ਇਹ ਤਿੰਨੋਂ ਅਦਾਕਾਰਾਂ ਲਗਾਤਾਰ ਗੀਤ ਗਾ ਕੇ ਤਾੜੀ ਪਾ ਕੇ ਨਿਰਮਲ ਰਿਸ਼ੀ ਨੂੰ ਮਜ਼ਾਕ ਕਰਦੀਆਂ ਨਜ਼ਰੀ ਪੈ ਰਹੀਆਂ ਹਨ। ਵੀਡੀਓ ਨੂੰ ਸਾਂਝਾ ਕਰਦੇ ਹੋਏ ਲਿਖਿਆ ਗਿਆ, 'ਸ਼ੂਟਿੰਗ ਦੌਰਾਨ ਮਜ਼ੇਦਾਰ ਸਮਾਂ।'

## ਗਿੱਪੀ ਗਰੇਵਾਲ ਦੀ 'ਅਕਾਲ' ਦਾ ਪੋਸਟਰ ਰਿਲੀਜ਼, ਸਿੱਖ ਪਹਿਰਾਵੇ 'ਚ ਨਜ਼ਰ ਆਏ ਸਾਰੇ ਸਿਤਾਰੇ




ਹਾਲ ਹੀ ਦੇ ਸਮੇਂ ਵਿੱਚ 'ਅਰਦਾਸ ਸਰਬੱਤ ਦੇ ਭਲੇ ਦੀ' ਦਾ ਨਿਰਮਾਣ ਕਰ ਚੁੱਕੇ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਵੱਲੋਂ ਅਪਣੇ ਹੋਮ ਪ੍ਰੋਡੋਕਸ਼ਨ ਅਧੀਨ ਨਿਰਮਿਤ ਕੀਤੀ ਅਪਣੀ ਇੱਕ ਹੋਰ ਵੱਡੀ ਅਤੇ ਬਹੁ-ਚਰਚਿਤ ਫ਼ਿਲਮ 'ਅਕਾਲ' ਦੀ ਪਹਿਲੀ ਝਲਕ ਜਾਰੀ ਕਰ ਦਿੱਤੀ ਹੈ, ਜੋ ਜਲਦ ਹੀ ਦੁਨੀਆਂ ਭਰ ਵਿੱਚ ਪ੍ਰਦਸ਼ਿਤ ਹੋਣ ਜਾ ਰਹੀ ਹੈ।

ਹੰਬਲ ਮੋਸ਼ਨ ਪਿਕਚਰਸ ਵੱਲੋਂ ਪੇਸ਼ ਕੀਤੀ ਜਾ ਰਹੀ ਇਸ ਫ਼ਿਲਮ ਦਾ ਨਿਰਮਾਣ ਰਵਨੀਤ ਕੌਰ ਗਰੇਵਾਲ, ਜਦਕਿ ਲੇਖਨ ਅਤੇ ਨਿਰਦੇਸ਼ਨ ਗਿੱਪੀ ਗਰੇਵਾਲ ਦੁਆਰਾ ਕੀਤਾ ਗਿਆ ਹੈ। ਪੀਰੀਅਡ ਫ਼ਿਲਮ ਦੇ ਰੂਪ ਵਿੱਚ ਸਾਹਮਣੇ ਲਿਆਂਦੀ ਜਾ ਰਹੀ ਇਸ ਫ਼ਿਲਮ ਵਿੱਚ ਗਿੱਪੀ ਗਰੇਵਾਲ ਅਤੇ ਨਿਮਰਤ ਖਹਿਰਾ ਵੱਲੋਂ ਲੀਡਿੰਗ ਕਿਰਦਾਰ ਪਲੇਅ ਕੀਤੇ ਗਏ ਹਨ, ਜਿੰਨ੍ਹਾਂ ਤੋਂ ਇਲਾਵਾ ਮੀਤਾ ਵਸ਼ਿਸ਼ਠ, ਅਸ਼ੀਸ਼ ਦੁੱਗਲ, ਏਕਮ ਗਰੇਵਾਲ, ਸ਼ਿੰਦਾ ਗਰੇਵਾਲ, ਪ੍ਰਿੰਸ ਕੰਵਲਜੀਤ ਸਿੰਘ, ਜੱਗੀ ਸਿੰਘ, ਹਰਿੰਦਰ ਭੁੱਲਰ ਵੀ ਮਹੱਤਵਪੂਰਨ ਕਿਰਦਾਰਾਂ ਵਿੱਚ ਹਨ। ਪੰਜਾਬ ਦੇ ਫ਼ਤਿਹਗੜ੍ਹ ਸਾਹਿਬ ਦੇ ਹਿੱਸਿਆਂ ਵਿੱਚ ਫ਼ਿਲਮਾਈ ਗਈ ਉਕਤ ਫ਼ਿਲਮ ਦਾ ਖਾਸ ਆਕਰਸ਼ਨ ਬਾਲੀਵੁੱਡ ਦੇ ਪ੍ਰਸਿੱਧ ਐਕਟਰ ਨਿਕਿਤਿਨ ਧੀਰ ਵੀ ਹੋਣਗੇ, ਜੋ ਇਸ ਫ਼ਿਲਮ ਵਿੱਚ ਨਿਭਾਏ ਕਾਫ਼ੀ ਪ੍ਰਭਾਵੀ ਰੋਲ ਦੁਆਰਾ ਪਾਲੀਵੁੱਡ ਵਿੱਚ ਸ਼ਾਨਦਾਰ ਡੈਬਿਊ ਕਰਨ ਜਾ ਰਹੇ ਹਨ।

## ਅਕਾਲੀ ਦਲ ਦੇ ਸੰਕਟ ਕਾਰਨ ਸ਼੍ਰੋਮਣੀ ਕਮੇਟੀ...

ਆਗੂਆਂ ਅਤੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਦਾ ਸਮਰਥਨ ਕਰਨਾ ਜਾਰੀ ਰੱਖਿਆ ਹੈ, ਪਰ ਅਕਾਲ ਤਖ਼ਤ ਦੇ ਜਥੇਦਾਰ ਦੇ ਬਿਆਨ 'ਤੇ ਉਨ੍ਹਾਂ ਵੱਲੋਂ ਕੋਈ ਸਪੱਸ਼ਟ ਪ੍ਰਤੀਕਿਰਿਆ ਨਹੀਂ ਆਈ।
ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦੋ ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਅਤੇ ਹੋਰਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਮਗਰੋਂ ਪੰਥਕ ਹਾਲਾਤ ਲਗਾਤਾਰ ਬਦਲ ਰਹੇ ਹਨ। ਇਸ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਤਖ਼ਤਾਂ ਦੇ ਜਥੇਦਾਰਾਂ ਵਿਚਾਲੇ ਪਾੜਾ ਵਧਿਆ ਹੈ। ਸ਼੍ਰੋਮਣੀ ਕਮੇਟੀ ਦੋਹਾਂ ਧਿਰਾਂ ਵਿਚਾਲੇ ਇੱਕ ਪੁਲ ਵਾਂਗ ਕੰਮ ਕਰ ਰਹੀ ਸੀ ਪਰ ਪੈਦਾ ਹੋਏ ਤਣਾਅ ਅਤੇ ਦਬਾਅ ਕਾਰਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

**ਅਸਤੀਫ਼ਾ ਪ੍ਰਵਾਨ ਨਾ ਕਰਨ ਬਾਰੇ ਆਦੇਸ਼ ਦੇ ਸਕਦੇ ਹਨ ਜਥੇਦਾਰ**

ਧਾਮੀ ਨੇ ਅਸਤੀਫ਼ਾ ਅੰਤ੍ਰਿੰਗ ਕਮੇਟੀ ਨੂੰ ਦਿੱਤਾ ਹੈ ਤੇ ਅਸਤੀਫ਼ਾ ਪ੍ਰਵਾਨ ਕਰਨਾ ਜਾਂ ਨਾ ਕਰਨਾ ਅੰਤ੍ਰਿੰਗ ਕਮੇਟੀ ਦਾ ਅਧਿਕਾਰ ਖੇਤਰ ਹੈ ਪਰ ਧਾਮੀ ਦੇ ਅਸਤੀਫ਼ੇ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਦੇ ਸਕਦੇ ਹਨ ਕਿ ਉਹ ਧਾਮੀ ਦਾ ਅਸਤੀਫ਼ਾ ਪ੍ਰਵਾਨ ਨਾ ਕਰੇ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਧਾਮੀ ਵੀ ਜਥੇਦਾਰ ਦੇ ਹੁਕਮ ਤੋਂ ਮੁਨਕਰ ਨਹੀਂ ਹੋ ਸਕਦੇ। ਇਸ ਦੇ ਨਾਲ ਹੀ ਇਹ ਵੀ ਚਰਚਾ ਹੈ ਕਿ ਜਥੇਦਾਰ ਜਥੇਦਾਰ, ਗਿਆਨੀ ਹਰਪ੍ਰੀਤ ਸਿੰਘ ਨੂੰ ਫ਼ਾਰਗ ਕਰਨ ਦਾ ਅੰਤ੍ਰਿੰਗ ਕਮੇਟੀ ਦਾ ਮਤਾ ਰੱਦ ਕਰ ਕੇ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਭੇਜਣ ਦਾ ਵੀ ਆਦੇਸ਼ ਦੇ ਸਕਦੇ ਹਨ।

**ਭਰਤੀ ਕਮੇਟੀ ਦਾ ਨਜ਼ਰੀਆ**

ਇਸ ਦੌਰਾਨ ਕਮੇਟੀ ਦੇ ਪੰਜ ਮੈਂਬਰਾਂ ਨੇ ਪਿਛਲੇ ਦਿਨੀਂ ਆਪਣੀ ਮੀਟਿੰਗ ਕਰ ਕੇ ਮੌਜੂਦਾ ਹਾਲਾਤ ਵਿੱਚ ਆਪਣੇ ਕੰਮ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਨਵੇਂ ਦਿਸ਼ਾ-ਨਿਰਦੇਸ਼ ਲੈਣ ਦਾ ਫ਼ੈਸਲਾ ਕੀਤਾ ਹੈ ਜਿਸ ਤੋਂ ਜ਼ਾਹਿਰ ਹੋਇਆ ਹੈ ਕਿ ਕਮੇਟੀ ਅਜੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸੌਂਪੇ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਇੱਛੁਕ ਹੈ।
ਹਾਲਾਂਕਿ ਅਸਤੀਫ਼ਾ ਦਿੱਤੇ ਹੋਣ ਕਰਕੇ ਇਸ ਦੌਰਾਨ ਕਮੇਟੀ ਦੇ ਮੁਖੀ ਵਜੋਂ ਹਰਜਿੰਦਰ ਸਿੰਘ ਧਾਮੀ ਅਤੇ ਮੈਂਬਰ ਵਜੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਮੀਟਿੰਗ 'ਚੋਂ ਗ਼ੈਰਹਾਜ਼ਰ ਰਹੇ। ਉਨ੍ਹਾਂ ਦੀ ਗ਼ੈਰਹਾਜ਼ਰੀ 'ਚ ਕਮੇਟੀ ਦੇ ਪੰਜ ਮੈਂਬਰਾਂ ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਯਾਲੀ, ਇਕਬਾਲ ਸਿੰਘ ਝੂੰਦਾਂ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ ਨੇ ਮੀਟਿੰਗ ਕੀਤੀ। ਘੋਖ ਦੌਰਾਨ ਇਹ ਭਰਤੀ ਕਮੇਟੀ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਜਿਸ ਮਨੋਰਥ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਭਰਤੀ ਕਮੇਟੀ ਬਣਾਈ ਗਈ ਸੀ ਉਸ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਭਰਤੀ ਕਰਨ ਲਈ ਰਾਜ਼ੀ ਨਹੀਂ ਹੈ ਤੇ ਇਸ ਸਬੰਧੀ ਇਹ ਕਮੇਟੀ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪ ਦੇਵੇਗੀ। ਮਨਪ੍ਰੀਤ ਇਯਾਲੀ ਨੇ ਕਿਹਾ ਕਿ ਭੂੰਦੜ ਦੇ ਦੂਜੀ ਮੀਟਿੰਗ 'ਚ ਨਾ ਆਉਣ ਮਗਰੋਂ ਉਹ ਉਨ੍ਹਾਂ ਦੇ ਘਰ ਵੀ ਗਏ ਪਰ ਉਨ੍ਹਾਂ ਨੇ ਸਹਿਯੋਗ ਨਹੀਂ ਦਿੱਤਾ।

**ਸ੍ਰ. ਧਾਮੀ 'ਤੇ ਸੀ ਰਾਜਸੀ ਦਬਾਓ : ਸਿੱਖ ਆਗੂ**

ਸੀਨੀਅਰ ਪੱਤਰਕਾਰ ਅਤੇ ਪੰਥਕ ਸਿਆਸਤ ਦੇ ਜਾਣਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਹਰਜਿੰਦਰ ਸਿੰਘ ਧਾਮੀ ਉੱਤੇ ਕਾਫ਼ੀ ਜ਼ਿਆਦਾ ਰਾਜਨੀਤਿਕ ਦਬਾਅ ਸੀ, ਇਸ ਕਰ ਕੇ ਕਾਫ਼ੀ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਅਕਾਲੀ ਦਲ ਦੀਆਂ ਗਤੀਵਿਧੀਆਂ ਤੋਂ ਵੱਖ ਕਰ ਲਿਆ ਸੀ। ਖ਼ਾਸ ਤੌਰ ਉੱਤੇ ਮਾਘੀ ਮੇਲੇ ਦੌਰਾਨ ਵੀ ਉਹ ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਉੱਤੇ ਨਜ਼ਰ ਨਹੀਂ ਆਏ। ਜਸਪਾਲ ਸਿੰਘ ਨੇ ਦੱਸਿਆ ਕਿ ਅਕਾਲੀ ਦਲ ਉੱਤੇ ਪੰਥਕ ਸੰਕਟ ਪਹਿਲਾ ਵੀ ਆਇਆ ਹੈ ਪਰ ਉਸ ਸਮੇਂ ਉਸ ਦੀ ਰਾਜਨੀਤਿਕ ਪਕੜ ਕਾਫ਼ੀ ਜ਼ਿਆਦਾ ਸੀ ਪਰ ਮੌਜੂਦਾ ਸਮੇਂ ਦੌਰਾਨ ਹਵਾ ਅਕਾਲੀ ਦਲ ਦੇ ਪੱਖ ਵਿੱਚ ਨਹੀਂ ਹੈ ਕਿਉਂਕਿ ਰਾਜਨੀਤਿਕ ਤੌਰ ਉੱਤੇ ਉਹ ਪਹਿਲਾਂ ਹੀ ਹਾਸ਼ੀਏ ਉੱਤੇ ਆ ਗਿਆ ਹੈ। ਮੌਜੂਦਾ ਹਾਲਾਤ ਵਿੱਚ ਜਿਸ ਦੀ ਭਰਪਾਈ ਹੋਣਾ ਸੰਭਵ ਨਹੀਂ ਲੱਗ ਰਿਹਾ ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਅਕਾਲੀ ਦਲ ਲਈ ਸਭ ਤੋਂ ਇਤਿਹਾਸਕ ਝਟਕਾ ਹੋਵੇਗਾ।

**ਧਾਮੀ ਦੇ ਅਸਤੀਫ਼ੇ ਬਾਰੇ ਕੀ ਕਿਹਾ ਪੰਥਕ ਆਗੂਆਂ ਨੇ ?**

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਸ ਵੇਲੇ ਉਨ੍ਹਾਂ ਨੇ ਸਥਿਤੀ ਨੂੰ ਸੰਭਾਲਣਾ ਸੀ, ਉਸ ਵੇਲੇ ਉਹ ਅਸਤੀਫ਼ਾ ਦੇ ਰਹੇ ਹਨ। ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ, ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਨੇ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਨਾਲ ਸਿੱਖ ਜਥੇਬੰਦੀਆਂ ਵਿਚ ਨਿਰਾਸ਼ਾਜਨਕ ਮਾਹੌਲ ਬਣ ਗਿਆ ਹੈ ਅਤੇ ਉਨ੍ਹਾਂ ਦੇ ਅਸਤੀਫ਼ੇ ਕਾਰਨ ਮੈਨੂੰ ਬਹੁਤ ਦੁਖ ਮਹਿਸੂਸ ਹੋਇਆ ਹੈ, ਕਿਉਂ ਕਿ ਸਰਦਾਰ ਹਰਜਿੰਦਰ ਸਿੰਘ ਧਾਮੀ ਦਾ ਜੀਵਨ ਨਿਤਨੇਮੀ ਗੁਰਸਿੱਖਾਂ ਵਾਲਾ ਹੈ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਜਥੇਬੰਦੀ ਵਲੋਂ ਇਹੀ ਦਿਲੀ ਇਛਾ ਹੈ ਕਿ ਉਹ ਇਸ ਮੁਸ਼ਕਿਲ ਸਮੇਂ ਵਿੱਚ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਦੀ ਅਗਵਾਈ ਕਰਨ ਤਾਂ ਜੋ ਇਨ੍ਹਾਂ ਮੁਸ਼ਕਿਲ ਹਾਲਾਤ ਨਾਲ ਨਜਿੱਠਿਆ ਜਾ ਸਕੇ।
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਸਵਾਗਤ ਕਰਦੇ ਹੋਏ ਇਸ ਨੂੰ ਦੇਰ ਨਾਲ ਸਹੀ ਪਰ ਅੰਦਰੂਨੀ ਆਵਾਜ਼ ਸੁਣ ਕੇ ਲਿਆ ਗਿਆ ਫ਼ੈਸਲਾ ਦੱਸਿਆ ਹੈ।
ਸ਼੍ਰੋਮਣੀ ਅਕਾਲੀ ਦਲ ਦੀ ਹਿਤੈਸ਼ੀ ਲੀਡਰਸ਼ਿਪ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਪ੍ਰਮਿੰਦਰ ਸਿੰਘ ਢੀਂਡਸਾ ਅਤੇ ਚਰਨਜੀਤ ਸਿੰਘ ਬਰਾੜ ਨੇ ਆਪਣੇ ਸਾਂਝੇ ਬਿਆਨ ਵਿੱਚ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਬਡੂੰਗਰ ਦੇ ਅਸਤੀਫ਼ੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

****

## ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਹੋਵੇਗਾ...

ਮੈਂਬਰ ਨੂੰ ਕਾਰਜਕਾਰੀ ਪ੍ਰਧਾਨ ਦੀਆਂ ਸੇਵਾਵਾਂ ਸੌਂਪਣੀਆਂ ਪੈਂਦੀਆਂ ਹਨ। ਨਵੇਂ ਪ੍ਰਧਾਨ ਦੀ ਚੋਣ ਜਨਰਲ ਹਾਊਸ ਵੱਲੋਂ ਹੀ ਕੀਤੀ ਜਾ ਸਕਦੀ ਹੈ ਤੇ ਕਾਰਜਕਾਰੀ ਪ੍ਰਧਾਨ ਜਨਰਲ ਹਾਊਸ ਸੱਦੇ ਜਾਣ ਤੱਕ ਸੇਵਾ ਨਿਭਾ ਸਕਦਾ ਹੈ। ਚਰਚਾ ਹੈ ਕਿ ਰਘੂਜੀਤ ਸਿੰਘ ਵਿਰਕ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਜਾ ਸਕਦਾ ਹੈ।

***

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ...

ਇਸ ਕਮੇਟੀ ਦੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ ਨਿਗਰਾਨ ਵਜੋਂ ਕੰਮ ਕਰ ਸਕਦੇ ਹਨ, ਅਤੇ ਮੈਂਬਰਸ਼ਿਪ ਬਹੁਤ ਸੁਚਾਰੂ ਅਤੇ ਜੋਸ਼ ਨਾਲ ਚੱਲ ਰਹੀ ਹੈ। ਕਲੇਰ ਨੇ ਕਮੇਟੀ ਮੈਂਬਰਾਂ ਬਾਰੇ ਟਿੱਪਣੀ ਕੀਤੀ ਕਿ ਉਹ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਲਈ ਕਿਸੇ ਸਾਜ਼ਿਸ਼ ਤਹਿਤ ਕੰਮ ਕਰ ਰਹੇ ਜਾਪਦੇ ਹਨ। ਧਾਮੀ ਦੇ ਅਸਤੀਫ਼ੇ ਤੋਂ ਬਾਅਦ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹੁਣ ਇੱਕ ਹੋਰ ਚੁਣੌਤੀ ਅਤੇ ਇੱਕ ਔਖੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਸੰਕਟ ਹੱਲ ਹੋਣ ਦੀ ਬਜਾਏ, ਹੋਰ ਪੇਚੀਦਗੀਆਂ ਪੈਦਾ ਹੋ ਗਈਆਂ ਹਨ।

***

## ਪੰਜਾਬੀ ਬੋਲੀ ਦੇ ...

ਜੋ ਯੂਪੀ ਦੀ ਬੋਲੀ ਹੈ। ਇੱਥੇ ਹਿੰਦੀ ਜ਼ੁਬਾਨ ਤੇ ਪੰਜਾਬੀ ਜ਼ੁਬਾਨ ਦੇ ਮੇਲ ਤੋਂ ਹਰਿਆਣਵੀ ਜ਼ੁਬਾਨ ਬਣਦੀ ਹੈ, ਜਿਸ ਵਿੱਚ ਹਿੰਦੀ ਤੇ ਪੰਜਾਬੀ ਦੋਹਾਂ ਦਾ ਲਹਿਜਾ ਆ ਜਾਂਦਾ ਹੈ। ਜੇਕਰ ਅਸੀਂ ਲਾਹੌਰ ਤੋਂ ਕਸੂਰ ਵਾਲੇ ਪਾਸੇ ਤੋਂ ਅੱਗੇ ਫ਼ਿਰੋਜ਼ਪੁਰ ਤੋਂ ਦੱਖਣ ਤੇ ਚੜ੍ਹਦੇ ਪਾਸੇ ਵੱਲ ਜਾਈਏ ਤਾਂ ਰਾਜਸਥਾਨੀ ਜ਼ੁਬਾਨ ਸ਼ੁਰੂ ਹੋ ਜਾਂਦੀ ਹੈ, ਜੋ ਗੁਜਰਾਤੀ, ਸਿੰਧੀ ਤੇ ਪੰਜਾਬੀ ਭਾਸ਼ਾ ਦੇ ਮੇਲ ਨਾਲ ਬਣੀ ਹੈ। ਪੰਜਾਬ ਤੋਂ ਦੱਖਣ ਮੁਲਤਾਨ ਵੱਲ ਜਾਈਏ ਤਾਂ ਸਿੰਧੀ ਜ਼ੁਬਾਨ ਆਉਂਦੀ ਹੈ, ਸਿੰਧੀ ਤੇ ਪੰਜਾਬੀ ਭਾਸ਼ਾ ਦੇ ਮਿਲਾਪ ਤੋਂ ਮਿਲਾਪੀ ਭਾਸ਼ਾ ਸਰਾਇਕੀ ਸਾਹਮਣੇ ਆਉਂਦੀ ਹੈ। ਸਰਾਇਕੀ ਦੱਖਣੀ ਪੰਜਾਬ ਵਿੱਚ ਬਹੁਤ ਵੱਡੇ ਇਲਾਕੇ ਵਿੱਚ ਬੋਲੀ ਜਾਂਦੀ ਹੈ। ਪੰਜਾਬ ਦੇ ਦੱਖਣੀ ਲਹਿੰਦੇ ਪਾਸੇ ਵੱਲ ਜਦੋਂ ਪੰਜਾਬੀ ਸਫ਼ਰ ਕਰਦੀ ਹੈ ਤਾਂ ਉਸ ਤੋਂ ਅੱਗੇ ਬਲੋਚੀ ਜ਼ੁਬਾਨ ਆ ਜਾਂਦੀ ਹੈ।
ਬਲੋਚੀ ਤੇ ਪੰਜਾਬੀ ਜ਼ੁਬਾਨ ਦੋਹਾਂ ਦੇ ਦਰਮਿਆਨ ਆਉਂਦੀ ਇੱਕ ਹੋਰ ਜ਼ੁਬਾਨ ਨੂੰ ਡੇਰਵੀ ਕਿਹਾ ਜਾਂਦਾ ਹੈ। ਇੱਥੇ ਦੇ ਦੋ ਵੱਡੇ ਸ਼ਹਿਰ ਡੇਰਾ ਇਸਮਾਇਲ ਖਾਂ ਤੇ ਡੇਰਾ ਗਾਜ਼ੀ ਖਾਂ ਹਨ, ਡੇਰਾ ਇਸਮਾਇਲ ਖਾਂ ਖੈਬਰ ਪਖ਼ਤੂਨਖਵਾ ਸੂਬੇ ਵਿੱਚ ਜਦਕਿ ਡੇਰਾ ਗਾਜ਼ੀ ਖਾਂ ਪੰਜਾਬ ਵਿੱਚ ਆਉਂਦਾ ਹੈ। ਡੇਰਾ ਇਸਮਾਇਲ ਖਾਂ ਦੇ 70 ਫ਼ੀਸਦੀ ਲੋਕਾਂ ਸਮੇਤ ਰਾਜਨਪੁਰ ਦੇ ਇਲਾਕਿਆਂ ਵਿੱਚ ਸਰਾਇਕੀ ਜ਼ੁਬਾਨ ਬੋਲੀ ਜਾਂਦੀ ਹੈ। ਪੰਜਾਬ ਦੇ ਲਹਿੰਦੇ ਪਾਸੇ ਅਟਕ ਜ਼ਿਲ੍ਹੇ ਵਿੱਚ ਪਸ਼ਤੋ, ਸਰਾਇਕੀ ਤੇ ਪੰਜਾਬੀ ਤਿੰਨੋਂ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇਸ ਦੇ ਅਗਲੇ ਪਾਸੇ ਪਸ਼ਤੋਂ ਤੇ ਪਿਛਲੇ ਪਾਸੇ ਪੰਜਾਬੀ ਤੇ ਪੋਠੋਹਾਰੀ ਜ਼ੁਬਾਨਾਂ ਆਉਂਦੀਆਂ ਹਨ। ਡੇਰਾ ਇਸਮਾਇਲ ਖਾਂ ਵਿੱਚ ਪਸ਼ਤੋ, ਸਰਾਇਕੀ ਤੇ ਡੇਰਵੀ ਸਾਰੀਆਂ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇੱਥੇ ਜ਼ੁਬਾਨਾਂ ਦੇ ਮੇਲ ਦੌਰਾਨ ਇੱਕ ਪਾਸੇ ਪੰਜਾਬੀ, ਦੂਜੇ ਪਾਸੇ ਪਸ਼ਤੋ ਅਤੇ ਇਨ੍ਹਾਂ ਦੇ ਵਿਚਕਾਰ ਡੇਰਵੀ ਜ਼ੁਬਾਨ ਆਉਂਦੀ ਹੈ। 1947 ਦੀ ਵੰਡ ਤੋਂ ਪਹਿਲਾਂ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪੰਜਾਬੀ ਭਾਸ਼ਾ ਆਪਣੇ ਕੇਂਦਰ ਲਾਹੌਰ ਤੋਂ ਚਾਰ-ਚੁਫ਼ੇਰੇ ਘੁੰਮਦਿਆਂ ਕਈ ਰੂਪਾਂ ਵਿੱਚ ਬਦਲਦੀ ਹੈ, ਜਿਸ ਦੇ ਚੜ੍ਹਦੇ ਪਾਸੇ ਹਰਿਆਣਵੀ, ਪਹਾੜੀ ਪਾਸੇ ਡੋਗਰੀ ਤੇ ਪਹਾੜਾਂ ਦੇ ਲਹਿੰਦੇ ਪਾਸੇ ਪੋਠੋਹਾਰੀ ਹੈ, ਜਿਸ ਦੇ ਲਹਿੰਦੇ ਪਾਸੇ ਹਿੰਦਕੋ, ਡਰਵੀਂ ਤੇ ਸਰਾਇਕੀ, ਜਦਕਿ ਦੱਖਣੀ ਚੜ੍ਹਦੇ ਪਾਸੇ ਰਾਜਸਥਾਨੀ ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇਹ ਸਭ ਜ਼ੁਬਾਨਾਂ ਪੰਜਾਬੀ ਭਾਸ਼ਾ ਨੂੰ ਹਿੰਦੀ, ਕਸ਼ਮੀਰੀ, ਫ਼ਾਰਸੀ, ਬਲੋਚੀ, ਸਿੰਧੀ ਤੇ ਗੁਜਰਾਤੀ ਭਾਸ਼ਾ ਵੱਲ ਲੈ ਜਾਂਦੀਆਂ ਹਨ। ਪੰਜਾਬ ਨੂੰ ਛੱਡ ਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਦੇ ਯੂਰਪ ਵਾਲੇ ਪਾਸੇ ਵਸ ਜਾਣ ਕਰਕੇ ਉਨ੍ਹਾਂ ਦੀ ਪੰਜਾਬੀ ਤੇ ਅੰਗਰੇਜ਼ੀ ਜ਼ੁਬਾਨ ਦੇ ਮੇਲ ਨਾਲ ਇੱਕ ਨਵੀਂ ਭਾਸ਼ਾ ਵੀ ਬਣ ਗਈ ਹੈ।

***

## ਮਸਕ ਦੇ ਵਿਭਾਗ ਨੇ ਭਾਰਤ ਨੂੰ...

ਕੀਤਾ ਹੈ। ਵਿਭਾਗ ਨੇ ਕਿਹਾ, "ਅਮਰੀਕੀ ਟੈਕਸਦਾਤਿਆਂ ਦੇ ਡਾਲਰ ਕਈ ਮੁਲਕਾਂ 'ਤੇ ਖ਼ਰਚ ਕੀਤੇ ਜਾਣ ਵਾਲੇ ਸਨ ਜਿਨ੍ਹਾਂ 'ਚੋਂ ਸਾਰਿਆਂ ਨੂੰ ਰੱਦ ਕਰ ਦਿੱਤਾ ਗਿਆ ਹੈ।" ਸੂਚੀ 'ਚ ਚੋਣਾਂ ਅਤੇ ਸਿਆਸੀ ਅਮਲ ਦੀ ਮਜ਼ਬੂਤੀ ਲਈ ਗਰੁੱਪ ਨੂੰ 48.6 ਕਰੋੜ ਡਾਲਰ ਦੀ ਗ੍ਰਾਂਟ ਵੀ ਸ਼ਾਮਲ ਹੈ, ਜਿਸ 'ਚ ਮੋਲਦੋਵਾ ਦੀਆਂ ਚੋਣਾਂ ਲਈ 2.2 ਕਰੋੜ ਡਾਲਰ ਅਤੇ ਭਾਰਤ 'ਚ ਵੋਟਰਾਂ ਦੀ ਸ਼ਮੂਲੀਅਤ ਵਧਾਉਣ ਲਈ 2.1 ਕਰੋੜ ਡਾਲਰ ਸ਼ਾਮਲ ਹਨ। ਪੋਸਟ 'ਚ ਫੰਡਿੰਗ ਬਾਰੇ ਹੋਰ ਕੋਈ ਵੇਰਵੇ ਨਹੀਂ ਦਿੱਤੇ ਗਏ ਹਨ। ਇਹ ਘਟਨਾਕ੍ਰਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਯਾਤਰਾ ਦੇ ਕੁਝ ਦਿਨਾਂ ਬਾਅਦ ਵਾਪਰਿਆ ਹੈ। ਉਨ੍ਹਾਂ ਉਥੇ ਮਸਕ ਨਾਲ ਵੀ ਗੱਲਬਾਤ ਕੀਤੀ ਸੀ। ਆਪਣੀ ਪੋਸਟ 'ਚ ਵਿਭਾਗ ਨੇ ਬੰਗਲਾਦੇਸ਼ 'ਚ ਸਿਆਸੀ ਮਾਹੌਲ ਦੀ ਮਜ਼ਬੂਤੀ ਲਈ 2.9 ਕਰੋੜ ਡਾਲਰ ਦੀ ਵੰਡ, ਨੇਪਾਲ 'ਚ ਵਿੱਤੀ ਸੰਘਵਾਦ ਲਈ 2 ਕਰੋੜ ਡਾਲਰ ਅਤੇ ਉਥੇ ਜੈਵਿਕ ਵਿਭਿੰਨਤਾ ਸਾਂਭ-ਸੰਭਾਲ ਲਈ 1.9 ਕਰੋੜ ਡਾਲਰ ਦੀ ਵੰਡ ਨੂੰ ਵੀ ਰੱਦ ਕਰ ਦਿੱਤਾ ਹੈ। ਉਨ੍ਹਾਂ ਮੌਜ਼ੰਬੀਕ 'ਚ ਵਾਲੰਟਰੀ ਮੈਡੀਕਲ ਪੁਰਸ਼ ਖ਼ਤਨਾ ਲਈ ਇੱਕ ਕਰੋੜ ਡਾਲਰ ਦੀ ਗ੍ਰਾਂਟ 'ਚ ਕਟੌਤੀ, ਕੰਬੋਡੀਆ 'ਚ ਨਿਰਪੱਖ ਆਵਾਜ਼ਾਂ ਦੀ ਮਜ਼ਬੂਤੀ ਲਈ 23 ਲੱਖ ਡਾਲਰ, ਪਰਾਗ ਸਿਵਲ ਸੁਸਾਇਟੀ ਸੈਂਟਰ ਨੂੰ 3.20 ਕਰੋੜ ਡਾਲਰ, ਲਿੰਗ ਬਰਾਬਰੀ ਤੇ ਮਹਿਲਾ ਸ਼ਕਤੀਕਰਨ ਕੇਂਦਰ ਲਈ 4 ਕਰੋੜ ਡਾਲਰ ਅਤੇ ਸਰਬੀਆ 'ਚ ਜਨਤਕ ਖ਼ਰੀਦ 'ਚ ਸੁਧਾਰ ਲਈ 1.4 ਕਰੋੜ ਡਾਲਰ ਦੇ ਨਾਲ ਨਾਲ ਖ਼ਰਚ 'ਚ ਕਟੌਤੀ ਦਾ ਐਲਾਨ ਕੀਤਾ ਹੈ। ਇਸ 'ਚ ਏਸ਼ੀਆ 'ਚ ਸਿੱਖਣ ਦੇ ਨਤੀਜਿਆਂ 'ਚ ਸੁਧਾਰ ਲਈ 4.7 ਕਰੋੜ ਡਾਲਰ ਦੀ ਰਕਮ ਵੀ ਸ਼ਾਮਲ ਹੈ।

***

## ਵੱਡੇ ਵਪਾਰਕ ਸਮਝੌਤਿਆਂ 'ਤੇ ਕੰਮ ਲਈ ...

ਇਹ ਹੈ ਕਿ ਉਹ (ਅਮਰੀਕਾ ਦੇ) ਰਾਸ਼ਟਰੀ ਹਿੱਤ ਨੂੰ ਸਭ ਤੋਂ ਉੱਤੇ ਰੱਖਦੇ ਹਨ। ਉਨ੍ਹਾਂ ਵਾਂਗ, ਮੈਂ ਵੀ ਭਾਰਤ ਦੇ ਰਾਸ਼ਟਰੀ ਹਿੱਤ ਨੂੰ ਹਰ ਚੀਜ਼ ਤੋਂ ਉੱਪਰ ਰੱਖਦਾ ਹਾਂ।"
ਕੀ ਗੱਲਬਾਤ ਵਿੱਚ ਕਾਰੋਬਾਰੀ ਗੌਤਮ ਅਡਾਨੀ ਨਾਲ ਸਬੰਧਤ ਮੁੱਦਾ ਸ਼ਾਮਲ ਸੀ ਬਾਰੇ ਪੁੱਛੇ ਜਾਣ 'ਤੇ ਸ੍ਰੀ ਮੋਦੀ ਨੇ ਕਿਹਾ, "ਭਾਰਤ ਇੱਕ ਲੋਕਤੰਤਰ ਹੈ ਅਤੇ ਸਾਡੀ ਸੰਸਕ੍ਰਿਤੀ 'ਵਸੁਧੈਵ ਕੁਟੁੰਬਕਮ' ਹੈ। ਅਸੀਂ ਪੂਰੀ ਦੁਨੀਆਂ ਨੂੰ ਇੱਕ ਪਰਿਵਾਰ ਮੰਨਦੇ ਹਾਂ। ਮੇਰਾ ਮੰਨਣਾ ਹੈ ਕਿ ਹਰ ਭਾਰਤੀ ਮੇਰਾ ਹੈ।" ਉਨ੍ਹਾਂ ਕਿਹਾ ਕਿ ਦੋ ਆਗੂਆਂ ਦਰਮਿਆਨ ਗੱਲਬਾਤ ਵਿੱਚ ਅਜਿਹੇ ਵਿਅਕਤੀਗਤ ਮਾਮਲਿਆਂ 'ਤੇ ਚਰਚਾ ਨਹੀਂ ਕੀਤੀ ਜਾਂਦੀ।
ਟਰੰਪ ਨੇ ਪੂਰਬੀ ਲੱਦਾਖ ਸਰਹੱਦੀ ਵਿਵਾਦ ਤੋਂ ਬਾਅਦ ਭਾਰਤ ਅਤੇ ਚੀਨ ਵਿਚਾਲੇ ਸਬੰਧਾਂ ਦੇ ਹਵਾਲੇ ਨਾਲ 'ਟਕਰਾਅ' ਨੂੰ 'ਭੈੜਾ' ਦੱਸਿਆ। ਉਨ੍ਹਾਂ ਕਿਹਾ, "ਮੈਂ ਸਰਹੱਦ 'ਤੇ ਟਕਰਾਅ ਦੇਖਦਾ ਹਾਂ ਜੋ ਕਾਫ਼ੀ ਭਿਆਨਕ ਹਨ। ਕਾਸ਼ ਜੇ ਮੈਂ ਮਦਦ ਕਰ ਸਕਦਾ।" ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਚੀਨ, ਭਾਰਤ, ਰੂਸ ਅਤੇ ਅਮਰੀਕਾ - ਸਾਰੇ ਚੰਗੀ ਤਰ੍ਹਾਂ ਨਾਲ ਚੱਲ ਸਕਣ।
ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਨੇ ਰੂਸ-ਯੂਕਰੇਨ ਟਕਰਾਅ ਬਾਰੇ ਸਵਾਲਾਂ ਦੇ ਜਵਾਬ ਵੀ ਦਿੱਤੇ। ਸ੍ਰੀ ਮੋਦੀ ਨੇ ਕਿਹਾ, "ਮੈਂ ਜੰਗ ਦੇ ਖ਼ਾਤਮੇ ਲਈ ਇੱਕ ਸੰਭਾਵੀ ਹੱਲ ਲੱਭਣ ਲਈ ਡੋਨਲਡ ਟਰੰਪ ਦੇ ਯਤਨਾਂ ਦੀ ਹਮਾਇਤ ਕਰਦਾ ਹਾਂ। ਕੁਲ ਆਲਮ ਮਹਿਸੂਸ ਕਰਦਾ ਹੈ ਕਿ ਭਾਰਤ ਯੁੱਧ ਦੌਰਾਨ ਨਿਰਪੱਖ ਰਿਹਾ ਹੈ। ਪਰ ਮੈਂ ਦੁਹਰਾਉਣਾ ਚਾਹੁੰਦਾ ਹਾਂ ਕਿ ਭਾਰਤ ਨਿਰਪੱਖ ਨਹੀਂ ਰਿਹਾ ਬਲਕਿ ਸ਼ਾਂਤੀ ਦੇ ਪੱਖ ਵਿੱਚ ਰਿਹਾ ਹੈ।"
ਸ੍ਰੀ ਮੋਦੀ ਨੇ ਕਿਹਾ, "ਜਦੋਂ ਮੈਂ ਰਾਸ਼ਟਰਪਤੀ ਪੂਤਿਨ ਨੂੰ ਮਿਲਿਆ ਸੀ, ਤਾਂ ਮੈਂ ਇਹ ਵੀ ਕਿਹਾ ਸੀ ਕਿ 'ਇਹ ਜੰਗ ਦਾ ਯੁੱਗ ਨਹੀਂ ਹੈ।' ਮੈਂ ਇਹ ਵੀ ਕਿਹਾ ਸੀ ਕਿ ਜੰਗ ਦੇ ਮੈਦਾਨ ਵਿੱਚ ਹੱਲ ਨਹੀਂ ਲੱਭੇ ਜਾ ਸਕਦੇ। ਇਹ ਉਦੋਂ ਹੀ ਆ ਸਕਦੇ ਹਨ ਜਦੋਂ ਸਾਰੀਆਂ ਧਿਰਾਂ ਗੱਲਬਾਤ ਦੀ ਮੇਜ਼ 'ਤੇ ਬੈਠਣ।" ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰੇ ਬਾਰੇ ਟਰੰਪ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਵਿਸ਼ਵ ਪੱਧਰ 'ਤੇ ਇਤਿਹਾਸ ਦੇ 'ਸਭ ਤੋਂ ਵੱਡੇ ਵਪਾਰਕ ਮਾਰਗਾਂ' ਵਿੱਚੋਂ ਇੱਕ ਦੇ ਨਿਰਮਾਣ ਵਿੱਚ ਮਦਦ ਲਈ ਕੰਮ ਕਰਨ ਵਾਸਤੇ ਸਹਿਮਤੀ ਦਿੱਤੀ ਹੈ।
ਟਰੰਪ ਨਾਲ ਮੁਲਾਕਾਤ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਮਾਈਕ ਵਾਲਟਜ਼, ਰਾਸ਼ਟਰੀ ਖੁਫੀਆ ਨਿਰਦੇਸ਼ਕ ਤੁਲਸੀ ਗੈਬਾਰਡ, ਅਰਬਪਤੀ ਐਲਨ ਮਸਕ ਅਤੇ ਰਿਪਬਲਿਕਨ ਨੇਤਾ ਵਿਵੇਕ ਰਾਮਾਸਵਾਮੀ ਨਾਲ ਵੱਖੋ ਵੱਖਰੇ ਤੌਰ 'ਤੇ ਗੱਲਬਾਤ ਕੀਤੀ।

****

## ਜ਼ਿੰਮੇਵਾਰ ਪੰਥਕ ਅਹੁਦੇ ਤੋਂ ਅਸਤੀਫ਼ਾ ਕਿਸੇ ਮੁਸ਼ਕਿਲ...

ਬਣਾ ਕੇ ਉਨ੍ਹਾਂ ਨੂੰ ਪੰਥਕ ਕਾਜ ਤੋਂ ਹੀ ਲਾਂਭੇ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਬਹੁਤਾ ਚਿਰ ਰੇਤ ਦੇ ਮਹਿਲ ਵੀ ਖੜੇ ਨਹੀਂ ਰਹਿ ਸਕਦੇ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਅਸਤੀਫ਼ਾ ਤਾਂ ਕਾਰਜਕਰਨੀ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਣਾ, ਇਹ ਪੰਥ ਦਰਦੀਆਂ ਨੂੰ ਪਤਾ ਹੈ। ਹੋਣ ਵਾਲੀ ਮੀਟਿੰਗ ਸਮੇਂ ਮੈਂਬਰ ਸ਼੍ਰੋਮਣੀ ਕਮੇਟੀ ਤਾਂ ਐਡਵੋਕੇਟ ਧਾਮੀ ਨੂੰ ਅਸਤੀਫ਼ਾ ਵਾਪਸ ਲੈਣ ਤੇ ਆਪਣੀਆਂ ਸੇਵਾਵਾਂ ਪਹਿਲਾਂ ਦੀ ਤਰ੍ਹਾਂ ਕਾਇਮ ਰੱਖਣ ਲਈ ਜ਼ੋਰ ਪਾਉਣਗੇ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਨੂੰ ਅਸਤੀਫ਼ਾ ਦੇਣ ਦੀ ਮਜ਼ਬੂਰੀ, ਇਸ ਦੀਆਂ ਪਿਛਲੀਆਂ ਪਰਤਾਂ ਵੀ ਸੰਗਤ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਨਿਕਟ ਭਵਿੱਖ ਵਿੱਚ ਜੇਕਰ ਜਥੇਦਾਰ ਅਕਾਲ ਤਖ਼ਤ ਸਾਹਿਬ ਸਿੱਖ ਸਿਧਾਂਤ ਤੇ ਗੌਰਵਮਈ ਮਰਯਾਦਾ 'ਤੇ ਡੱਟ ਕੇ ਆਪਣੇ ਅਹੁਦੇ ਦੀਆਂ ਸੇਵਾਵਾਂ ਨਿਭਾਉਂਦੇ ਹਨ ਤਾਂ ਪੰਥ ਅੰਦਰ ਬਣੀਆਂ ਮੁਸ਼ਕਿਲਾਂ ਦਾ ਨਿਵਾਰਨ ਹੋ ਸਕਦਾ ਹੈ।
ਉਨ੍ਹਾਂ ਖਦਸ਼ਾ ਜ਼ਾਹਿਰ ਕੀਤਾ ਕਿ ਅਹੁਦੇ ਤੋਂ ਅਸਤੀਫ਼ਾ ਦੇਣਾ ਪੰਥ ਨਾਲ ਵੱਡਾ ਧੋਖਾ ਹੈ। ਇਹ ਔਕੜਾਂ ਦਾ ਕੋਈ ਸਰਲੀਕਰਨ ਨਹੀਂ ਹੈ, ਭਾਵੇਂ ਉਹ ਪ੍ਰਧਾਨ ਸ਼੍ਰੋਮਣੀ ਕਮੇਟੀ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਹੈ, ਭਾਵੇਂ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਹਨ। ਅਹੁਦੇ 'ਤੇ ਰਹਿ ਕੇ ਪੰਥ ਦੀ ਵਿਗੜੀ ਸੁਆਰੀ ਜਾ ਸਕਦੀ ਹੈ, ਪੰਥਕ ਹਿੱਤਾਂ ਨੂੰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਪੰਥਕ ਮਾਰੂ ਤੇ ਦੁਸ਼ਮਣ ਲੋਕਾਂ ਨੂੰ ਪੰਥ ਦੀ ਕਚਹਿਰੀ 'ਚ ਬੇਨਿਕਾਬ ਕਰਨਾ ਚਾਹੀਦਾ ਹੈ, ਅਸਤੀਫ਼ਾ ਨਹੀਂ ਦੇਣਾ ਚਾਹੀਦਾ।

***

## ਅਮਰੀਕਾ ਵਿੱਚ ਸ਼ਰਨ ਮੰਗਣ ਵਾਲੇ ...

ਅਮਰੀਕੀ ਇਮੀਗਰੇਸ਼ਨ ਜੱਜਾਂ ਨੇ ਪੰਜਾਬੀ ਭਾਸ਼ੀਆਂ ਨਾਲ ਸਬੰਧਤ 63 ਫ਼ੀਸਦੀ ਮਾਮਲਿਆਂ ਤੇ ਹਿੰਦੀ ਭਾਸ਼ੀਆਂ ਨਾਲ ਸਬੰਧਤ 58 ਫ਼ੀਸਦੀ ਮਾਮਲਿਆਂ ਨੂੰ ਮਨਜ਼ੂਰੀ ਦਿੱਤੀ, ਪਰ ਗੁਜਰਾਤੀ ਭਾਸ਼ੀਆਂ ਵੱਲੋਂ ਦਾਇਰ ਸਿਰਫ਼ 25 ਫ਼ੀਸਦੀ ਮਾਮਲਿਆਂ ਨੂੰ ਹੀ ਮਨਜ਼ੂਰੀ ਦਿੱਤੀ ਗਈ।

**ਵਾਪਸ ਪਰਤੇ ਬਣਨਗੇ ਸਮੱਸਿਆ, ਸਰਕਾਰ ਕੀ ਕਰੇ ?**

ਨਿਰਪੱਖ ਸੂਤਰਾਂ ਦੀ ਰਾਇ ਇਹ ਹੈ ਕਿ ਦੇਸ਼ ਦੀ ਕੇਂਦਰੀ ਸਰਕਾਰ, ਵਿਰੋਧੀ ਪਾਰਟੀਆਂ ਅਤੇ ਵੱਖ-ਵੱਖ ਰਾਜਾਂ ਦੀਆਂ ਸੂਬਾਈ ਸਰਕਾਰਾਂ ਨੂੰ ਇਸ ਸਾਰੇ ਘਟਨਾਕ੍ਰਮ ਬਾਰੇ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ, ਜਿਨ੍ਹਾਂ ਕਾਰਨ ਬੇਰੁਜ਼ਗਾਰ ਨੌਜਵਾਨ ਵੱਡੇ ਕਰਜ਼ੇ ਚੁੱਕ ਕੇ ਅਤੇ ਆਪਣੀਆਂ ਜਾਨਾਂ ਖ਼ਤਰੇ ਵਿੱਚ ਪਾ ਕੇ ਗ਼ੈਰ-ਕਾਨੂੰਨੀ ਪ੍ਰਵਾਸ ਕਰਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਭਾਰਤ ਵਿੱਚ ਨੌਜਵਾਨਾਂ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਪਾਈ ਜਾ ਰਹੀ ਹੈ। ਕੇਂਦਰੀ ਸਰਕਾਰ ਤੋਂ ਲੈ ਕੇ ਬਹੁਤੀਆਂ ਰਾਜ ਸਰਕਾਰਾਂ ਨੇ ਇਸ ਮੁੱਦੇ ਨੂੰ ਪੂਰੀ ਗੰਭੀਰਤਾ ਨਾਲ ਨਹੀਂ ਲਿਆ। ਜੇਕਰ ਗਹਿਰਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਘੱਟ ਪੜ੍ਹੇ ਲਿਖੇ ਨੌਜਵਾਨ ਹੀ ਗ਼ੈਰ-ਕਾਨੂੰਨੀ ਰਾਹ ਅਪਨਾਉਂਦੇ ਏਜੰਟਾਂ ਦੇ ਚੱਕਰ ਵਿੱਚ ਫ਼ਸਦੇ ਹਨ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਤੇ ਸੂਬਾਈ ਸਰਕਾਰਾਂ ਆਪਣੀ ਨੌਜਵਾਨ ਪੀੜ੍ਹੀ ਨੂੰ ਦੇਸ਼ ਵਿੱਚ ਸਸਤੀ ਤੇ ਮਿਆਰੀ ਸਿੱਖਿਆ ਦੇਣ ਦਾ ਵੱਡੀ ਪੱਧਰ 'ਤੇ ਪ੍ਰਬੰਧ ਕਰਨ ਅਤੇ ਦੇਸ਼ ਵਿੱਚ ਅਜਿਹੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾਣ, ਜਿਨ੍ਹਾਂ ਨਾਲ ਖੇਤੀਬਾੜੀ, ਵਪਾਰ, ਸਨਅਤਾਂ ਆਦਿ ਗ਼ੈਰ-ਸਰਕਾਰੀ ਖੇਤਰਾਂ ਵਿੱਚ ਅਤੇ ਇਸ ਦੇ ਨਾਲ-ਨਾਲ ਸਰਕਾਰੀ ਵਿਭਾਗਾਂ ਵਿੱਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਦੇ ਢੁਕਵੇਂ ਮੌਕੇ ਮਿਲ ਸਕਣ। ਨੌਜਵਾਨਾਂ ਵਿੱਚ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਅਮਨ ਕਾਨੂੰਨ ਲਈ ਵੀ ਵੱਡੀ ਚੁਣੌਤੀ ਬਣ ਸਕਦੀ ਹੈ। ਪੰਜਾਬ 'ਚ ਲਗਭਗ ਅਜਿਹਾ ਹੁੰਦਾ ਨਜ਼ਰ ਵੀ ਆ ਰਿਹਾ ਹੈ।

***

## 'ਮੌਤ ਦਾ ਕੁੰਭ' ਬਣ ਗਿਆ ਹੈ

ਬੈਨਰਜੀ ਨੇ ਮੁਸਲਿਮ ਲੀਗ ਨਾਲ ਉਨ੍ਹਾਂ ਨੂੰ ਜੋੜਨ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਅਜਿਹੀਆਂ ਟਿੱਪਣੀਆਂ ਦੀ ਸਖ਼ਤ ਨਿੰਦਾ ਕੀਤੀ। ਬੈਨਰਜੀ ਨੇ ਕਿਹਾ ਕਿ ਮੇਰੇ 'ਤੇ ਮੁਸਲਿਮ ਲੀਗ ਦਾ ਮੈਂਬਰ ਹੋਣ ਦਾ ਦੋਸ਼ ਲਾਇਆ ਗਿਆ। ਮੈਂ ਇਨ੍ਹਾਂ ਬੇਬੁਨਿਆਦ ਦੋਸ਼ਾਂ ਦੀ ਸਖ਼ਤ ਨਿੰਦਾ ਕਰਦੀ ਹਾਂ। ਧਰਮ ਨਿਰਪੱਖਤਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਧਰਮ ਨਿਰਪੱਖਤਾ, ਸਹਿ-ਹੋਂਦ ਅਤੇ ਸਾਰੇ ਭਾਈਚਾਰਿਆਂ ਦੇ ਵਿਕਾਸ 'ਚ ਵਿਸ਼ਵਾਸ ਰੱਖਦੀ ਹਾਂ।
ਬੰਗਲਾਦੇਸ਼ੀ ਕੱਟੜਪੰਥੀਆਂ ਨਾਲ ਆਪਣੇ ਸਬੰਧਾਂ ਦੇ ਦੋਸ਼ਾਂ ਨੂੰ ਖਾਰਿਜ ਕਰਦਿਆਂ ਬੈਨਰਜੀ ਨੇ ਭਾਜਪਾ ਨੂੰ ਸਬੂਤ ਪੇਸ਼ ਕਰਨ ਦੀ ਚੁਣੌਤੀ ਦਿੱਤੀ। ਮਮਤਾ ਨੇ ਕਿਹਾ ਕਿ ਜੇ ਉਹ (ਭਾਜਪਾ ਵਿਧਾਇਕ) ਇਸ ਤਰ੍ਹਾਂ ਦੇ ਦਾਅਵੇ ਸਾਬਤ ਕਰ ਸਕਣ ਤਾਂ ਉਹ ਅਸਤੀਫਾ ਦੇ ਦੇਵੇਗੀ।

## ਆਖ਼ਿਰ 'ਆਪ' ਦਿੱਲੀ ਕਿਉਂ ਹਾਰੀ ?...

'ਆਪ' ਦੀ ਇੱਕ ਹੋਰ ਸਮੱਸਿਆ ਹੈ ਕਿ 'ਆਪ' ਦੇ ਕੇਂਦਰੀ ਆਗੂਆਂ ਨੇ ਇਸ ਨੂੰ ਕਾਡਰ ਅਧਾਰਿਤ ਪਾਰਟੀ ਨਹੀਂ ਬਣਨ ਦਿੱਤਾ। ਦਿੱਲੀ ਵਿੱਚ ਵੀ ਅਤੇ ਪੰਜਾਬ ਵਿੱਚ ਵੀ ਕੇਜਰੀਵਾਲ ਆਪਣੇ ਸ਼ਖ਼ਸ਼ੀ ਉਭਾਰ ਲਈ ਜਾਣੇ ਜਾਂਦੇ ਰਹੇ ਹਨ।ਉਹਨਾਂ ਨੇ ਆਪਣੀ ਪਾਰਟੀ ਦੀ ਵਿਚਾਰਧਾਰਾ ਸਪਸ਼ਟ ਨਹੀਂ ਕੀਤੀ।ਉਹਨਾਂ ਪਾਰਟੀ ਵਰਕਰਾਂ ਨੂੰ ਲੋਕਾਂ ਵਿੱਚ ਪਾਰਟੀ ਦਾ ਮੰਤਵ ਸਮਝਾਉਣ ਲਈ ਕੋਈ ਪ੍ਰੋਗਾਮ ਨਹੀਂ ਦਿੱਤਾ। ਜਿਵੇਂ ਕਿ ਆਮ ਤੌਰ 'ਤੇ ਕਾਡਰ ਅਧਾਰਿਤ ਪਾਰਟੀਆਂ ਦਿੰਦੀਆਂ ਹਨ।

ਕੋਈ ਵੀ ਸਿਆਸੀ ਪਾਰਟੀ ਆਪਣੇ ਨਿਸ਼ਾਨੇ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀ ਹੈ। ਕਮਿਊਨਿਸਟ ਸੋਸ਼ਲਿਸਟ ਵਿਚਾਰਧਾਰਾ ਪੇਸ਼ ਕਰਦੇ ਹਨ। ਕਾਂਗਰਸ ਲੋਕਤੰਤਰ ਦੀ ਹਾਮੀ ਹੈ। ਭਾਜਪਾ ਆਪਣੀ ਵਿਚਾਰਧਾਰਾ ਜੋ ਆਰ.ਐੱਸ.ਐੱਸ ਦੀ ਵਿਚਾਰਧਾਰਾ ਹੈ ਉਸ ਤੇ ਖੜੀ ਦਿਸਦੀ ਹੈ।ਸ਼੍ਰੋਮਣੀ ਅਕਾਲੀ ਦਲ ਇਲਾਕਾਈ ਪਾਰਟੀ ਵਜੋਂ ਆਪਣਾ ਦਾਅਵਾ ਪੇਸ਼ ਕਰਦੀ ਹੈ।ਪਰ 'ਆਪ' ਸਿਰਫ਼ ਕੁੱਝ ਮੁੱਦਿਆਂ ਨੂੰ ਲੈ ਕੇ ਜਦੋਂ ਸਿਆਸਤ ਕਰਦੀ ਰਹੀ, ਉਸ ਨਾਲ ਕੁੱਝ ਸਮਾਂ ਤਾਂ ਉਹ ਵੱਡੇ ਨਾਅਰਿਆਂ ਕਾਰਨ ਲੋਕ ਪ੍ਰਵਾਨਤ ਹੋਈ, ਪਰ ਲੰਮੇ ਸਮੇਂ ਤੱਕ ਉਹ ਆਪਣਾ ਲੋਕ ਅਧਾਰ, ਪਾਰਟੀ-ਕਾਡਰ ਬਨਾਉਣ 'ਚ ਅਸਫ਼ਲ ਰਹੀ ਹੈ।

ਇਹੋ ਹੀ ਕਾਰਨ ਹੈ ਕਿ ਉਸਦੇ ਵਰਕਰ ਜਾਂ ਨੇਤਾ ਕਿਸੇ ਸੇਧ 'ਚ ਨਹੀਂ ਤੁਰਦੇ।ਉਂਞ ਵੀ ਦਿੱਲੀ 'ਚ ਦਿੱਲੀ ਹਿਤੈਸ਼ੀ, ਪੰਜਾਬ 'ਚ ਪੰਜਾਬ ਹਿਤੈਸ਼ੀ ਪਾਲਿਸੀਆਂ ਜਿਵੇਂ ਉਸਨੂੰ ਲਾਗੂ ਕਰਨੀਆਂ ਚਾਹੀਦੀਆਂ ਸਨ, ਉਹਨਾਂ ਪ੍ਰਤੀ ਉਸਨੇ ਚੁੱਪੀ ਵੱਟੀ ਰੱਖੀ। ਜਿਸ ਦਾ ਉਸ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ।

ਬਦਲਾਅ ਦੇ ਅਧਾਰ ਉਤੇ ਬਣੀ 'ਆਪ' ਲੋਕਾਂ 'ਚ ਆਪਣਾ ਉਹ ਅਕਸ ਬਣਾਈ ਰੱਖਣ 'ਚ ਨਾ-ਕਾਮਯਾਬ ਰਹੀਂ, ਜਿਸਦੇ ਅਧਾਰ 'ਤੇ ਪਾਰਟੀ ਸਥਾਪਿਤ ਕੀਤੀ ਗਈ ਸੀ। ਇਹ ਅਧਾਰ ਰਿਵਾਇਤੀ ਪਾਰਟੀ ਤੋਂ ਹਟਵਾਂ ਸੀ।ਪਰ ਪਾਰਟੀ ਰਿਵਾਇਤੀ ਪਾਰਟੀ ਵਰਗੀ ਦਿੱਖ ਬਣਾਕੇ ਅਤੇ ਉਹਨਾਂ ਜਿਹੀਆਂ ਕਾਰਵਾਈਆਂ ਕਰਕੇ, ਵੱਡਾ ਨੁਕਸਾਨ ਕਰਾ ਬੈਠੀ ਅਤੇ ਦਿੱਲੀ ਦੇ ਲੋਕਾਂ ਨੇ ਉਸਨੂੰ ਸ਼ੀਸ਼ਾ ਵਿਖਾ ਦਿੱਤਾ, ਬਾਵਜੂਦ ਇਸਦੇ ਕਿ ਦਿੱਲੀ ਦੀ ਵੱਡੀ ਆਬਾਦੀ 'ਆਪ' ਸਰਕਾਰ ਤੋਂ ਬਹੁਤੀ ਨਾ-ਖੁਸ਼ ਨਹੀਂ ਸੀ, ਪਰੰਤੂ ਉਹਨਾਂ ਵਿੱਚੋਂ ਕਾਫ਼ੀ ਲੋਕ ਇਸ ਵੇਰ ਬਦਲਾਅ ਚਾਹੁੰਦੇ ਸਨ।

***

## ਪੰਜਾਬ ਸਰਕਾਰ ਦੀ ਵਿੱਤੀ ਹਾਲਤ...

ਪੰਜਾਬ ਦੀ ਜ਼ਮੀਨ 'ਤੇ ਅੰਬਾਨੀ, ਅਡਾਨੀ ਹੀ ਨਹੀਂ, ਕਈ ਦੇਸ਼-ਵਿਦੇਸ਼ ਦੇ ਕਾਰਪੋਰੇਟਰਾਂ ਦੀ ਅੱਖ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਉਹ ਕਰੋਨੀ ਕਾਰਪੋਰੇਟਰ ਹਨ।ਚੋਣਾਂ ਜਿੱਤਣ ਲਈ ਧਨ, ਸਾਂਸਦ, ਵਿਧਾਇਕ, ਕੌਂਸਲਰ ਤੱਕ ਖਰੀਦਣ ਲਈ ਵੱਡੇ ਸੋਮੇ ਉਹੀ ਹਨ।ਪੰਜਾਬ ਦੀ ਕਿਸਾਨੀ ਉਨ੍ਹਾਂ ਵੰਡ ਕੇ ਰੱਖੀ ਹੋਈ ਹੈ। ਕਿਸਾਨੋ ਯਾਦ ਰਖੋ! ਜ਼ਮੀਨ ਗਈ, ਜ਼ਮੀਰ ਗਈ, ਪੰਜਾਬ ਗਿਆ, ਪੰਜਾਬੀ ਗਈ। ਕਿਰਪਾ ਕਰਕੇ ਇੱਕ ਹੋ ਜਾਉ।

ਲੇਖਕ ਨੂੰ ਡਾ. ਸਵਿੰਦਰਪਾਲ ਸਿੰਘ ਪਨੂੰ ਨੇ ਮਲੋਟ ਤੋਂ ਇੱਕ ਵੀਡੀਓ ਗੀਤ ਭੇਜਿਆ 'ਕਿਤੇ ਇਹ ਨਾ ਕਹਿਣਾ ਪੈ ਜਾਏ, ਇੱਕ ਪੰਜਾਬ ਹੁੰਦਾ ਸੀ ...' ਭਾਵ ਕਿ ਤੁਸੀਂ ਪੰਜਾਬ ਨੂੰ ਇਸ ਦੇਸ਼ ਦੀ ਧਰਤੀ ਉੱਪਰ ਲੱਭਣ ਲਈ ਮਜਬੂਰ ਹੋ ਜਾਵੋਂ, ਤੁਹਾਡੀ ਹਸਤੀ ਇਲਾਮਾ ਇਕਬਾਲ ਅਨੁਸਾਰ ਮਿਸਰ, ਰੋਮ, ਯੂਨਾਨ ਸੱਭਿਆਤਾਵਾਂ ਵਾਂਗ ਮਿਟ ਜਾਏ।

ਪੰਜਾਬ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਅੱਜ ਵੀ ਖੇਤੀ ਹੈ, ਰੋਜ਼ਗਾਰ ਦਾ ਸਭ ਤੋਂ ਵੱਡਾ ਸਾਧਨ ਹੈ। ਕਿਸਾਨ, ਖੇਤ ਮਜ਼ਦੂਰ ਅਤੇ ਆਮ ਗਰੀਬ ਨੂੰ ਮੂਰਖ਼ ਬਣਾ ਕੇ ਦੇਸ਼ ਅਜ਼ਾਦੀ ਬਾਅਦ ਸੱਤਾ ਬਟੋਰਨ ਵਾਲੇ ਕਾਂਗਰਸ, ਅਕਾਲੀ, ਭਾਜਪਾਈ, ਅਜੋਕੇ ਆਮ ਆਦਮੀ ਪਾਰਟੀ ਆਗੂ ਲੁੱਟ ਕੇ ਖਾ ਗਏ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ। ਕਿਸੇ ਨੇ ਕੁਝ ਨਾਲ ਲੈ ਕੇ ਇਸ ਜੱਗ ਤੋਂ ਨਹੀਂ ਜਾਣਾ ਪਰ ਪੰਜਾਬ ਬਰਬਾਦ ਕਰਕੇ ਮੂੰਹ 'ਤੇ ਕਾਲਖ਼ ਮਲ ਕੇ ਕਈ ਚਲੇ ਗਏ, ਬਾਕੀਆਂ ਚਲੇ ਜਾਣਾ ਹੈ।ਸੁਖਬੀਰ ਬਾਦਲ ਲਈ ਆਪਣੇ ਪਿਤਾ 5 ਵਾਰ ਰਹੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਸ਼੍ਰੀ ਅਕਾਲ ਤਖ਼ਤ ਦੁਆਰਾ ਖੋਹੇ ਸਨਮਾਨ 'ਪੰਥ ਰਤਨ ਫ਼ਖ਼ਰੇ ਕੌਮ' ਦੀ ਪੀੜ ਕੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਉੱਪਰ ਹੈ। ਚੱਪਣੀ ਵਿੱਚ ਨੱਕ ਡੋਬ ਕੇ ਮਰਨਾ ਚਾਹੀਦਾ ਅਜਿਹੇ ਆਗੂਆਂ ਨੂੰ। ਇਨ੍ਹਾਂ ਰਲ-ਮਿਲ ਗੁਰੂ ਵੀ ਰੋਲਿਆ, ਗੁਰਾਂ ਦੇ ਨਾਂਅ 'ਤੇ ਵੱਸਦਾ ਪੰਜਾਬ ਵੀ।

ਧਰਮ ਪਰਿਵਰਤਨ: ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਅਸੀਂ ਇਸਾਈ ਭਾਈਚਾਰੇ ਵਿਰੁੱਧ ਨਹੀਂ ਲੇਕਿਨ ਜਿਵੇਂ ਡਾ. ਰਣਬੀਰ ਸਿੰਘ ਅਨੁਸਾਰ ਸੰਨ 2023 ਵਿੱਚ 1.50 ਲੱਖ, ਸੰਨ 2024 ਤੋਂ ਹੁਣ ਤੱਕ 2 ਲੱਖ ਦੂਸਰੇ ਧਰਮਾਂ ਦੇ ਲੋਕ ਪੰਜਾਬ ਵਿੱਚ ਗਰੀਬੀ, ਬੇਰੋਜ਼ਗਾਰੀ, ਮੁਫ਼ਤ ਸਹੂਲਤਾਂ, ਭਰਮ-ਭੁਲੇਖਿਆਂ ਕਰਕੇ ਇਸਾਈ ਧਰਮ ਆਪਣਾ ਚੁੱਕੇ ਹਨ। ਕੀ ਕੇਂਦਰ ਦੀ ਮੋਦੀ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰਾਂ ਦੇ ਨੋਟਿਸ ਵਿੱਚ ਹੈ? ਇਹ ਅਤਿ ਚਿੰਤਾਜਨਕ ਵਿਸ਼ਾ ਹੈ।ਕਮਾਲ ਦੀ ਗੱਲ ਇਹ ਹੈ ਆਪਣੇ ਨਾਵਾਂ ਪਿੱਛੇ ਸਿੰਘ, ਕੌਰ ਲਗਾ ਕੇ ਧੜੱਲੇ ਨਾਲ ਇਹ ਸਭ ਹੋ ਰਿਹਾ ਹੈ।

ਅਮਨ ਕਾਨੂੰਨ: ਰਾਜ ਦਾ ਅਮਨ-ਕਾਨੂੰਨ ਅਰਾਜਕਤਾ ਵੱਲ ਵਧ ਰਿਹਾ ਹੈ।ਗੈਂਗਸਟਰਵਾਦ ਦਾ ਕੌਮਾਂਤਰੀਕਰਨ ਗੰਭੀਰ ਸਥਿਤੀ ਪੈਦਾ ਕਰ ਰਿਹਾ ਹੈ। ਰਾਜ ਅੰਦਰ ਗੈਰ-ਕਾਨੂੰਨੀ ਬੰਗਲਾ ਦੇਸ਼ੀਆਂ, ਰੋਹੰਗਯਾ, ਦਿਨਪਾਲੀ ਆਦਿ ਲੋਕ ਦੀ ਘੁਸਪੈਠ ਵਧ ਚੁੱਕੀ ਹੈ। ਸਮਾਜਿਕ, ਧਾਰਮਿਕ, ਸੱਭਿਆਚਾਰਕ ਉਥਲ-ਪੁਥਲ ਫੰਨ ਖਿਲਾਰ ਰਹੀ ਹੈ। ਜੇਲ੍ਹਾਂ ਵਿੱਚ ਅਪਰਾਧ-ਗੈਂਗਸਟਰਵਾਦ ਸਰਕਾਰੀ ਅਤੇ ਅਫਸਰਸ਼ਾਹ ਪੁਸ਼ਪ ਪਨਾਹੀ ਬਗੈਰ ਨਹੀਂ ਫਲ ਫੁਲ ਸਕਦੇ। ਇਹ ਗੱਲ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੀਟਿੰਗ ਵਿੱਚ ਮੰਨੀ ਗਈ। ਪਰ ਹੱਲ ਕੋਈ ਨਹੀਂ।

ਭ੍ਰਿਸ਼ਟਾਚਾਰ: ਲਾਲਾ ਅਰਵਿੰਦ ਕੇਜਰੀਵਾਲ ਦੇ ਸ਼ਾਹਾਨਾ ਜੀਵਨ, 45 ਕਰੋੜੀ ਕੋਠੀ ਨਵੀਨਤਾ, ਜ਼ੈੱਡ ਸੁਰੱਖਿਆ, ਭਗਵੰਤ ਮਾਨ ਦੀ ਬਟਾਲੀਅਨ ਸੁਰੱਖਿਆ, 4-5 ਸਰਕਾਰੀ ਨਿਵਾਸ, ਉਡਨ ਖਟੋਲਾ ਯਾਤਰਾਵਾਂ, ਪਰਿਵਾਰਕ ਸ਼ਾਹਾਨਾਪਣ, ਮੰਤਰੀਆਂ ਅਤੇ ਵਿਧਾਇਕਾਂ ਦੇ ਨਿੱਤ ਨਵੇਂ ਕਿੱਸੇ, ਸਰਕਾਰੀ ਕੰਮਾਂ, ਮਾਲੀਆ ਅਫ਼ਸਰਾਂ ਦੇ ਵਧਦੇ ਰੇਟ, ਰੇਤ ਬਜਰੀ ਗੈਰ-ਕਾਨੂੰਨੀ ਜਾਰੀ ਖੁਦਾਈ ਆਦਿ ਆਮ ਆਦਮੀ ਪਾਰਟੀ ਦਾ ਭ੍ਰਿਸ਼ਟਾਚਾਰੀ ਲਬਾਦਾ ਨੰਗਾ ਕਰਦੇ ਹਨ।

ਫੂਡ ਪ੍ਰਾਸੈੱਸਿੰਗ: ਪੰਜਾਬ ਦੀ ਫ਼ਲਾਂ, ਸਬਜ਼ੀਆਂ ਤੋਂ ਇਲਾਵਾ ਸਿਰਫ਼ ਅਜੋਕੀ 45 ਹਜ਼ਾਰ ਕਰੋੜ ਚਾਵਲ, 25 ਹਜ਼ਾਰ ਕਰੋੜ ਦੀ ਕਣਕ ਦੀ ਉਪਜ ਦੀ ਪ੍ਰਾਸੈੱਸਿੰਗ ਡੇਢ ਲੱਖ ਕਰੋੜ ਤੱਕ ਪੁੱਜ ਸਕਦੀ ਹੈ। ਕੀ ਮੋਦੀ ਸਰਕਾਰ ਇਸ ਵਿੱਚ ਪੰਜਾਬ ਦੀ ਮਦਦ ਕਰੇਗੀ ? 82 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਲਈ ਮੋਦੀ ਸਰਕਾਰ ਨੂੰ ਪੰਜਾਬ ਦੀ ਲੋੜ ਹੈ। ਫਿਰ ਵੀ ਜੇ ਉਹ ਇਸ ਦੀ ਮਦਦ ਨਹੀਂ ਕਰਦੀ ਤਾਂ ਪੰਜਾਬ ਨੂੰ ਬਰਬਾਦੀ ਤੋਂ ਬਚਾਉਣ ਮੁਮਕਿਨ ਨਹੀਂ।

****

## ਵਪਾਰ ਨੂੰ ਅੱਗੇ ਵਧਾਉਣ ਲਈ ਭ੍ਰਿਸ਼ਟਾਚਾਰ...

ਅਤੇ ਫੈਕਟਰੀ ਲਾਇਸੈਂਸ ਤੱਕ। ਹਰ ਪਛਾਣ ਪੱਤਰ ਦਾ ਆਪਣਾ ਜੀਵਨ ਚੱਕਰ ਹੁੰਦਾ ਹੈ, ਜਿਸ ਲਈ ਸਮੇਂ-ਸਮੇਂ 'ਤੇ ਨਵੀਨੀਕਰਨ ਅਤੇ ਭੁਗਤਾਨਾਂ ਦੀ ਲੋੜ ਹੁੰਦੀ ਹੈ, ਜਿਸ ਨਾਲ ਅਕੁਸ਼ਲਤਾ ਵਧਦੀ ਹੈ ਅਤੇ ਭ੍ਰਿਸ਼ਟਾਚਾਰ ਹੁੰਦਾ ਹੈ। ਇੱਕ ਏਕੀਕ੍ਰਿਤ ਇੱਕ ਰਾਸ਼ਟਰ, ਇੱਕ ਵਪਾਰਕ ਪਛਾਣ ਪ੍ਰਣਾਲੀ ਨਾਟਕੀ ਢੰਗ ਨਾਲ ਸਰਕਾਰੀ ਨਿਯਮਾਂ ਦੀ ਪਾਲਣਾ ਨੂੰ ਸਰਲ ਬਣਾ ਸਕਦੀ ਹੈ, ਨੌਕਰਸ਼ਾਹੀ ਦੇ ਟਕਰਾਅ ਤੇ ਭ੍ਰਿਸ਼ਟ ਤਰਜੀਹਾਂ ਦੇ ਮੌਕਿਆਂ ਨੂੰ ਘਟਾ ਸਕਦੀ ਹੈ ਅਤੇ ਭ੍ਰਿਸ਼ਟਾਚਾਰ ਕਰਨ ਦੇ ਮੌਕਿਆਂ ਨੂੰ ਘਟਾ ਸਕਦੀ ਹੈ। ਇਸ ਪਹਿਲਕਦਮੀ ਲਈ ਇੱਕ ਛੋਟੀ ਜਿਹੀ ਬਜਟ ਵੰਡ ਰੈਗੂਲੇਟਰੀ ਆਪਸੀ ਤਾਲਮੇਲ ਨੂੰ ਸੁਚਾਰੂ ਬਣਾ ਸਕਦੀ ਹੈ, ਜਿਸ 'ਚ ਇੱਕ ਵਪਾਰਕ ਮੰਜ਼ਿਲ ਵਜੋਂ ਭਾਰਤ ਦਾ ਆਕਰਸ਼ਨ ਵਧ ਸਕਦਾ ਹੈ।

**ਵਿਸ਼ਵ ਸੰਦਰਭ** : ਨਿਵੇਸ਼ ਅਤੇ ਪ੍ਰਤਿਭਾ ਲਈ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਤੇਜ਼ ਹੋ ਰਹੀ ਹੈ।ਸੰਯੁਕਤ ਰਾਜ ਅਮਰੀਕਾ ਵਪਾਰਕ ਸੰਚਾਲਨ ਨੂੰ ਸਹਿਜ ਬਣਾਉਣ ਲਈ ਪ੍ਰਸਤਾਵਿਤ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੈਂਸੀ (ਡੀ.ਓ.ਜੀ.ਈ.) ਸਮੇਤ ਪ੍ਰਸ਼ਾਸਨਿਕ ਸੁਧਾਰਾਂ ਨੂੰ ਅੱਗੇ ਵਧਾ ਰਿਹਾ ਹੈ। ਜੇਕਰ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ (ਜੀ.ਡੀ.ਪੀ.: 27 ਟ੍ਰਿਲੀਅਨ ਅਮਰੀਕੀ ਡਾਲਰ) ਹੋਰ ਵੀ ਵਪਾਰਕ-ਅਨੁਕੂਲ ਬਣ ਜਾਂਦੀ ਹੈ, ਤਾਂ ਨਿਵੇਸ਼ਕ ਭਾਰਤ ਦੀ 4 ਟ੍ਰਿਲੀਅਨ ਅਮਰੀਕੀ ਡਾਲਰ ਅਰਥਵਿਵਸਥਾ ਨੂੰ ਕਿਉਂ ਚੁਣਨਗੇ, ਜਿੱਥੇ ਲਾਲ ਫ਼ੀਤਾਸ਼ਾਹੀ ਅਤੇ ਭ੍ਰਿਸ਼ਟਾਚਾਰ ਜਾਰੀ ਹੈ ? ਇਸ ਦਾ ਜਵਾਬ ਅਸਾਨ ਹੈ: ਉਹ ਅਜਿਹਾ ਨਹੀਂ ਕਰਨਗੇ, ਜਿਵੇਂ ਕਿ ਅਮਰੀਕੀ ਕੁਸ਼ਲਤਾ ਵਿਸ਼ਵਵਿਆਪੀ ਪੂੰਜੀ ਨੂੰ ਆਕਰਸ਼ਿਤ ਕਰਦੀ ਹੈ, ਭਾਰਤ ਲਈ ਨਿਵੇਸ਼ ਅਤੇ ਉੱਦਮੀ ਪ੍ਰਤਿਭਾ ਦੋਵਾਂ ਨੂੰ ਗੁਆਉਣ ਦਾ ਜੋਖ਼ਮ ਹੁੰਦਾ ਹੈ, ਜੋ ਕਿ ਇਸ ਦੀ ਗਿਆਨ ਆਧਾਰਿਤ ਆਰਥਿਕਤਾ ਦਾ ਇੱਕ ਬੁਨਿਆਦੀ ਚਾਲਕ ਹੈ।

**ਅੱਗੇ ਦੀ ਰਾਹ** : ਆਤਮਸੰਤੁਸ਼ਟੀ ਦਾ ਸਮਾਂ ਖ਼ਤਮ ਹੋ ਚੁੱਕਾ ਹੈ। ਕੱਲ੍ਹ ਜੋ ਅਵਸਰ ਸੀ, ਉਹ ਹੁਣ ਇੱਕ ਜ਼ਰੂਰੀ ਲੋੜ ਹੈ। ਆਪਣੀ ਆਰਥਿਕ ਗਤੀ ਨੂੰ ਕਾਇਮ ਰੱਖਣ ਲਈ, ਭਾਰਤ ਨੂੰ ਨੌਕਰਸ਼ਾਹੀ ਦੀਆਂ ਰੁਕਾਵਟਾਂ ਨੂੰ ਦੂਰ ਕਰਨਾ ਪਵੇਗਾ, ਇੱਕ ਅਨੁਮਾਨਿਤ ਸਰਕਾਰੀ ਨਿਯਮਾਂ ਦੀ ਪਾਲਣਾ ਵਾਲਾ ਮਾਹੌਲ ਬਣਾਉਣਾ ਪਵੇਗਾ ਅਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ ਪਵੇਗਾ।

ਜਨ ਵਿਸ਼ਵਾਸ 2.0 ਦੁਆਰਾ ਸ਼ੁਰੂ ਕੀਤਾ ਗਿਆ ਇੱਕ ਸਪੱਸ਼ਟ, ਚੰਗੀ ਤਰ੍ਹਾਂ ਢਾਂਚਾਗਤ ਸਰਕਾਰੀ ਨਿਯਮਾਂ ਦੀ ਪਾਲਣਾ ਦਾ ਢਾਂਚਾ ਸਿਰਫ਼ ਕਾਰੋਬਾਰ ਕਰਨ ਦੀ ਸੌਖ ਬਾਰੇ ਨਹੀਂ ਹੈ; ਇਹ ਭਾਰਤ ਦੇ ਆਰਥਿਕ ਭਵਿੱਖ ਨੂੰ ਸੁਰੱਖਿਅਤ ਕਰਨ ਬਾਰੇ ਵੀ ਹੈ।ਸਰਕਾਰ ਨੂੰ ਵਿਦੇਸ਼ੀ ਕੰਪਨੀਆਂ ਨੂੰ ਆਕਰਸ਼ਿਤ ਕਰਨ ਅਤੇ ਭਾਰਤੀ ਉੱਦਮੀਆਂ ਨੂੰ ਬਿਨਾਂ ਕਿਸੇ ਡਰ ਜਾਂ ਬੇਲੋੜੀ ਰੈਗੂਲੇਟਰੀ ਰੰਜਿਸ਼ ਦੇ ਨਵੀਨਤਾ, ਵਿਸਤਾਰ ਅਤੇ ਨੌਕਰੀਆਂ ਪੈਦਾ ਕਰਨ ਦੇ ਸਮਰੱਥ ਬਣਾਉਣ ਲਈ ਨਿਰਣਾਇਕ ਕਾਰਵਾਈ ਕਰਨੀ ਚਾਹੀਦੀ ਹੈ। ਭਾਰਤ ਇੱਕ ਚੌਰਾਹੇ 'ਤੇ ਖੜ੍ਹਾ ਹੈ। ਭਾਵੇਂ ਰੈਗੂਲੇਟਰੀ ਸੁਧਾਰਾਂ ਲਈ ਉੱਚ-ਪੱਧਰੀ ਕਮੇਟੀ ਇੱਕ ਦਲੇਰਾਨਾ ਨਿਯਮ ਪਾਲਣਾ ਦੇ ਸੁਧਾਰਾਂ ਨੂੰ ਅਪਣਾਉਣ ਤੋਂ ਸੰਕੋਚ ਕਰਦੀ ਹੈ ਦਾਅ ਬਹੁਤ ਵੱਡਾ ਹੈ। ਚੋਣ ਸਪੱਸ਼ਟ ਹੈ: ਆਧੁਨਿਕੀਕਰਨ ਕਰੀਏ ਜਾਂ ਵਿਸ਼ਵ ਆਰਥਿਕ ਦੌੜ 'ਚ ਪਿੱਛੇ ਰਹਿ ਜਾਣ ਦਾ ਜੋਖ਼ਮ ਉਠਾਈਏ।

***

## ਦੂਜਿਆਂ ਦੀ ਖ਼ੁਸ਼ੀ...

ਆਪ ਤਾਂ ਉਹ ਅੱਜ ਤੱਕ ਕਦੇ, ਕਿਧਰੇ ਪ੍ਰਗਟ ਨਹੀਂ ਹੋਇਆ। ਕਿਸੇ ਦੀ ਨਿੱਕੀ ਤੋਂ ਨਿੱਕੀ ਪ੍ਰਾਪਤੀ ਵੀ ਸਮਾਜ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ ਤੇ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਤੱਕ ਪੁੱਜਦੀ ਹੀ ਹੈ। ਕਿਸੇ ਦੀ ਪ੍ਰਾਪਤੀ ਤੇ ਈਰਖਾ ਆਪਣੇ ਆਪ ਨੂੰ ਉਸ ਲਾਭ ਤੋਂ ਵਾਂਝਾਂ ਕਰ ਲੈਣਾ ਤੇ ਖ਼ੁਸ਼ ਹੋਣਾ, ਉਸ ਵਿਆਪਕ ਸਮਾਜਿਕ ਹਿੱਤ ਦਾ ਭਾਗੀਦਾਰ ਬਣਨਾ ਹੈ। ਮਨੁੱਖੀ ਜੀਵਨ ਪਰਮਾਤਮਾ ਦੀ ਰਜਾ ਅੰਦਰ ਰਹਿੰਦੀਆਂ ਬੇਅੰਤ ਦਾਤਾਂ ਦਾ ਆਨੰਦ ਮਾਣਨ ਲਈ ਪ੍ਰਾਪਤ ਹੋਇਆ ਹੈ। ਇਹ ਜੀਵਨ ਦੀ ਨਿਰਮਲ ਅਵਸਥਾ ਹੈ ਜੋ ਸਾਨੂੰ ਅਚਿੰਤ ਤੇ ਸਹਿਜ ਬਣਾਉਂਦੀਹੈ। ਪਰਮਾਤਮਾ ਦਾ ਬਖ਼ਸ਼ਿਆ ਮਨੁੱਖੀ ਜੀਵਨ ਦੁਰਲੱਭ ਅਵਸਰ ਹੈ ਜੋ ਆਤਮਿਕ ਵਿਕਾਸ ਤੇ ਵਿਗਾਸ ਲਈ ਪ੍ਰਾਪਤ ਹੋਇਆ ਹੈ। ਈਰਖਾ, ਨਿੰਦਾ, ਸੰਤਾਪ, ਵਿਕਾਰਾਂ ਤੋਂ ਜੀਵਨ ਨੂੰ ਦੂਰ ਰੱਖ ਕੇ ਹੀ ਇਸ ਅਵਸਰ ਨੂੰ ਸੱਚ ਵਿੱਚ ਬਦਲਿਆ ਜਾ ਸਕਦਾ ਹੈ।

***

## ਕੀ ਪੰਜਾਬ ਵਿੱਚ 'ਆਪਰੇਸ਼ਨ ਲੋਟਸ'...

ਰੁਪਏ ਦਾ ਦੋਸ਼ ਮੱਧਵਰਗੀ ਵੋਟਰਾਂ ਦਾ ਮਨ ਖੱਟਾ ਕਰਨ ਲਈ ਕਾਫ਼ੀ ਸਾਬਿਤ ਹੋਇਆ। ਤੀਜੀ ਅਤੇ ਚੌਥੀ ਦਖ਼ਲਅੰਦਾਜ਼ੀ ਚੋਣ ਮੁਹਿੰਮ ਦੌਰਾਨ 8ਵੇਂ ਵੇਤਨ ਕਮਿਸ਼ਨ ਦੇ ਗਠਨ ਦੇ ਐਲਾਨ ਦੇ ਰੂਪ ਵਿੱਚ ਹੋਈ, ਇਸ ਨੇ ਸਰਕਾਰੀ ਕਰਮਚਾਰੀਆਂ ਦੀ ਨਾਰਾਜ਼ਗੀ ਨੂੰ ਦੂਰ ਕਰਨ ਵਿੱਚ ਭੂਮਿਕਾ ਨਿਭਾਈ। ਚੇਤੇ ਰਹੇ ਲੋਕ ਸਭਾ ਚੋਣਾਂ ਦੌਰਾਨ ਨਵੀਂ ਦਿੱਲੀ, ਆਰ.ਕੇ. ਪੁਰਮ ਅਤੇ ਦਿੱਲੀ ਕੈਂਟ ਚੋਣ ਖੇਤਰਾਂ 'ਚ ਵਸੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਨੇ ਭਾਜਪਾ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਇਸ ਤੋਂ ਬਾਅਦ ਇੱਕ ਫਰਵਰੀ ਨੂੰ ਕੇਂਦਰੀ ਬਜਟ 'ਚ ਆਮਦਨ ਕਰ ਦੀ ਇਤਿਹਾਸਕ ਛੋਟ ਨੇ ਸਰਕਾਰੀ ਅਤੇ ਨਿੱਜੀ, ਦੋਵਾਂ ਖੇਤਰਾਂ ਦੇ ਵੇਤਨਭੋਗੀਆਂ ਦਾ ਦਿਲ ਜਿੱਤ ਲਿਆ। ਇਨ੍ਹਾਂ ਚਾਰ ਦਖ਼ਲਅੰਦਾਜ਼ੀਆਂ ਨੇ 'ਆਪ' ਦੇ ਪ੍ਰਤੀ ਨਾਕਾਰਾਤਮਕ ਹੁੰਦੇ ਹੋਏ ਮੱਧਵਰਗੀ ਵੋਟਰ ਨੂੰ ਭਾਜਪਾ ਦੇ ਪ੍ਰਤੀ ਸਾਕਾਰਾਤਮਕ ਕਰ ਦਿੱਤਾ।

ਇਸ ਵਿਸ਼ਲੇਸ਼ਣ ਦਾ ਮਤਲਬ ਇਹ ਨਹੀਂ ਹੈ ਕਿ 'ਆਪ' ਦੀ ਲੀਡਰਸ਼ਿਪ ਨੇ ਆਪਣੇ ਵਲੋਂ ਗ਼ਲਤੀਆਂ ਨਹੀਂ ਕੀਤੀਆਂ ਸਨ। ਉਸ ਦੀ ਸਭ ਤੋਂ ਵੱਡੀ ਗ਼ਲਤੀ ਦਿੱਲੀ ਰਾਜ ਨੂੰ ਸ਼ਹਿਰੀ ਪ੍ਰਸ਼ਾਸਨ ਪ੍ਰਦਾਨ ਕਰਨ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਆਪਣੀਆਂ ਰਾਸ਼ਟਰੀ ਲਾਲਸਾਵਾਂ ਨਾਲ ਉਲਝਾਉਣਾ ਸੀ। ਅਰਵਿੰਦ ਕੇਜਰੀਵਾਲ ਨੂੰ ਚਾਹੀਦਾ ਸੀ ਕਿ ਉਹ ਖ਼ੁਦ ਨੂੰ ਰਾਸ਼ਟਰੀ ਰਾਜਨੀਤੀ ਲਈ ਮੁਕਤ ਰੱਖਦੇ ਅਤੇ ਦਿੱਲੀ ਦਾ ਕੰਮਕਾਜ ਬਕਾਇਦਾ ਆਪਣੇ ਕਿਸੇ ਸਾਥੀ ਦੇ ਹਵਾਲੇ ਕਰ ਦਿੰਦੇ। ਜੇਲ੍ਹ 'ਚੋਂ ਛੁੱਟਣ ਤੋਂ ਬਾਅਦ ਵੀ ਜੇਕਰ ਉਹ ਸਹੀ ਰਣਨੀਤੀ ਬਣਾਉਂਦੇ ਤਾਂ ਆਤਿਸ਼ੀ ਮਾਰਲੇਨਾ ਨੂੰ ਕੰਮਚਲਾਊ ਮੁੱਖ ਮੰਤਰੀ ਨਾ ਬਣਾ ਕੇ ਪੂਰੀ ਰਾਜਨੀਤਕ ਮਾਨਤਾ ਦਿੰਦੇ ਅਤੇ ਖ਼ੁਦ ਪੂਰੇ ਦੇਸ਼ 'ਚ 'ਆਪ' ਦਾ ਏਜੰਡਾ ਲੈ ਕੇ ਨਿਕਲ ਜਾਂਦੇ।

ਇਸ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਦਾ ਭਵਿੱਖ ਕੀ ਹੈ ? ਉਸ ਨੂੰ ਜ਼ਬਰਦਸਤ ਧੱਕਾ ਲੱਗਾ ਹੈ, ਪਰ ਇਸ ਦੇ ਬਾਵਜੂਦ ਉਸ ਦੇ ਕੋਲ 43.5 ਫ਼ੀਸਦੀ ਦਾ ਸਿਹਤਮੰਦ ਸਮਰਥਨ ਆਧਾਰ ਹੈ, ਜਿਸ ਨੇ ਉਲਟ ਹਾਲਤਾਂ 'ਚ ਵੀ ਉਸ ਦਾ ਸਾਥ ਦਿੱਤਾ ਹੈ। 'ਆਪ' ਦੀ ਇਹ ਹਾਰ ਅਜਿਹੀ ਨਹੀਂ ਹੈ, ਜਿਹੋ ਜਿਹੀ ਭਾਜਪਾ ਦੀ ਪਿਛਲੀਆਂ ਦੋ ਚੋਣਾਂ 'ਚ ਹੋਈ ਸੀ। ਅੱਜ ਵੀ ਉਸ ਦੇ ਕੋਲ ਐੱਨ.ਡੀ.ਐੱਸ.ਸੀ. ਹੈ, ਪੰਜਾਬ ਦੀ ਸਰਕਾਰ ਹੈ ਅਤੇ ਵਿਰੋਧੀ ਧਿਰ ਦੀ ਜੁਝਾਰੂ ਰਾਜਨੀਤੀ ਕਰਨ ਲਈ ਪੂਰੇ 5 ਸਾਲ ਪਏ ਹਨ। ਜੇਕਰ ਕੁਝ ਨਵੀਂ ਅਨਹੋਣੀ ਨਾ ਵਾਪਰੀ, ਤਾਂ ਉਹ ਭਾਜਪਾ ਦੀ ਸਰਕਾਰ ਤੋਂ ਲਗਾਤਾਰ ਜਵਾਬਦੇਹੀ ਵਾਲੀ ਰਾਜਨੀਤੀ ਕਰ ਸਕਦੀ ਹੈ।

***

## ਮੌਜੂਦਾ ਅਕਾਲੀ ਤੇ ਪੰਥਕ...

ਗਰਮ ਖਿਆਲੀ ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਇਸ ਮਾਮਲੇ ਵਿੱਚ ਆਪਣੇ ਤੌਰ 'ਤੇ ਉਪਰਾਲਾ ਕੀਤਾ ਸੀ। ਉਨ੍ਹਾਂ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਕੀਤੇ ਅਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗਾਂ ਕਰ ਕੇ ਸੁਝਾਅ ਲਏ ਅਤੇ ਉਸ ਤੋਂ ਬਾਅਦ ਇੱਕ ਖਰੜਾ ਵੀ ਤਿਆਰ ਕੀਤਾ। ਜਿਸ ਨੂੰ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪਿਆ ਗਿਆ ਸੀ। ਇਸ ਮਾਮਲੇ ਨੂੰ ਵੀ ਠੰਡੇ ਬਸਤੇ ਪਾ ਦਿੱਤਾ ਗਿਆ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਜਲਦੀ ਹੀ ਹਮਖਿਆਲ ਜਥੇਬੰਦੀਆਂ ਤੇ ਸਿੱਖ ਚਿੰਤਕਾਂ ਨਾਲ ਸਲਾਹ ਮਸ਼ਵਰਾ ਕਰਕੇ ਇੱਕ ਸਿੱਖ ਸੰਮੇਲਨ ਸੱਦਿਆ ਜਾਵੇਗਾ ਤਾਂ ਜੋ ਇਸ ਬਾਰੇ ਇੱਕ ਕੌਮੀ ਸਾਂਝੀ ਰਾਏ ਬਣਾਈ ਜਾ ਸਕੇ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਜਦੋਂ ਤੱਕ ਇਸ ਸਬੰਧੀ ਨਿਯਮ ਨਹੀਂ ਬਣਾਏ ਜਾਣਗੇ, ਜਥੇਦਾਰਾਂ ਨਾਲ ਇਹੀ ਵਰਤਾਰਾ ਹੁੰਦਾ ਰਹੇਗਾ। ਉਨ੍ਹਾਂ ਆਖਿਆ ਕਿ ਇਹ ਨਿਯਮ ਅਤੇ ਵਿਧੀ ਵਿਧਾਨ ਘੜਨ ਦੀ ਵਧੇਰੇ ਲੋੜ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਵੀ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਕਾਰਜ ਖੇਤਰ ਬਾਰੇ ਨੇਮ ਅਤੇ ਵਿਧੀ ਵਿਧਾਨ ਬਣਾਉਣ ਸਬੰਧੀ ਹਾਮੀ ਭਰ ਚੁੱਕੇ ਹਨ। ਇਸੇ ਤਰ੍ਹਾਂ ਹੋਰ ਵੀ ਸਿੱਖ ਜਥੇਬੰਦੀਆਂ ਇਸ ਹੱਕ ਵਿੱਚ ਹਨ ਕਿ ਜਥੇਦਾਰਾਂ ਦੇ ਸਬੰਧ ਵਿੱਚ ਵਿਧੀ ਵਿਧਾਨ ਹੋਣਾ ਚਾਹੀਦਾ ਹੈ।

## ਇਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਹਮਲਾ ...

ਇਜ਼ਰਾਇਲ ਨੂੰ ਡਰ ਹੈ ਕਿ ਇਰਾਨ ਨੂੰ ਪਰਮਾਣੂ ਬੰਬ ਬਣਾਉਣ ਤੋਂ ਰੋਕਣ ਲਈ ਸਮਾਂ ਖਤਮ ਹੁੰਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਹਮਲਾ ਇਸ ਸਾਲ ਹੀ ਕੀਤਾ ਜਾਣਾ ਚਾਹੀਦਾ ਹੈ।

ਦੋ ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ-ਇਜ਼ਰਾਇਲ ਸਬੰਧਾਂ ਵਿੱਚ 'ਬਹੁਤ ਜ਼ਿਆਦਾ ਚਿੰਤਾਵਾਂ' ਸਨ। ਇਹ ਇਹ ਵੀ ਦਰਸਾਉਂਦਾ ਹੈ ਕਿ ਇਜ਼ਰਾਇਲੀ ਫ਼ੌਜ ਅਤੇ ਸਰਕਾਰ ਇਰਾਨ ਵਿਰੁੱਧ ਕਾਰਵਾਈ ਕਰਨ ਲਈ ਬੇਤਾਬ ਹਨ। ਇਜਰਾਇਲ ਕਿਸੇ ਵੀ ਕੀਮਤ 'ਤੇ ਇਰਾਨ ਦੀ ਸ਼ਕਤੀ ਨੂੰ ਵਧਣ ਤੋਂ ਰੋਕਣਾ ਚਾਹੁੰਦਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨ ਅਤੇ ਇਜ਼ਰਾਇਲ ਵਿਚਕਾਰ ਤਣਾਅ ਦੇ ਕਾਰਨ, ਪਿਛਲੇ ਸਾਲ ਪੱਛਮੀ ਏਸ਼ੀਆ ਦੇ ਇੱਕ ਹਿੱਸੇ ਵਿੱਚ ਲਗਾਤਾਰ ਤਣਾਅ ਬਣਿਆ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਇਜ਼ਰਾਇਲ ਵੱਲੋਂ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਕੋਈ ਵੀ ਹਮਲਾ ਪੱਛਮੀ ਏਸ਼ੀਆ ਵਿੱਚ ਤਣਾਅ ਨੂੰ ਹੋਰ ਵਧਾਏਗਾ। ਇਜ਼ਰਾਇਲ ਦਾ ਇਰਾਨ 'ਤੇ ਹਮਲਾ ਇੱਕ ਲੰਬੀ ਜੰਗ ਵਲ ਲਿਜਾ ਸਕਦਾ ਹੈ।

## 'ਆਪ' ਸਮੇਤ ਸਭ ਸੱਤਾਧਾਰੀਆਂ ਨੇ...

ਜੇ ਅਸਲ ਪੰਜਾਬ ਦੀ ਹਕੀਕਤ ਦੇ ਬਾਰੇ ਜ਼ਮੀਨੀ ਪੱਧਰ 'ਤੇ ਗੱਲ ਕਰੀਏ ਤਾਂ ਜ਼ਿਆਦਾਤਰ ਪੇਂਡੂ ਤੇ ਗ਼ਰੀਬ ਵਸੋਂ ਸਰਕਾਰ ਦੀਆਂ ਮੁਫ਼ਤ ਸਕੀਮਾਂ ਨੂੰ ਹੀ ਪੰਜਾਬ ਦੀ ਤਰੱਕੀ ਸਮਝ ਰਹੀ ਹੈ। ਲੋਕਾਂ ਦੀ ਅਸਲ ਸੋਚ ਨੂੰ ਖੁੰਢੀ ਤੇ ਦਿਸ਼ਾਹੀਣ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਕੰਮ ਕਰਨ ਦੀ ਆਦਤ ਛੱਡ ਕੇ ਮੁਫ਼ਤਖ਼ੋਰ ਬਣਾਇਆ ਜਾ ਰਿਹਾ ਹੈ। ਲੋਕਾਂ ਨੂੰ ਆਪਣੇ ਬੁਨਿਆਦੀ ਹੱਕਾਂ ਤੋਂ ਕੋਹਾਂ ਦੂਰ ਕੀਤਾ ਜਾ ਰਿਹਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇ ਆਉਂਦੇ ਸਮੇਂ ਦੌਰਾਨ ਵੀ ਅਜਿਹੀਆਂ ਸਕੀਮਾਂ ਅਤੇ ਵਾਅਦੇ ਜਾਰੀ ਰਹੇ ਤਾਂ ਪੰਜਾਬ ਦੀ ਅਰਥ ਵਿਵਸਥਾ ਦਾ ਕੀ ਬਣੇਗਾ ? ਇਹ ਕਿੰਝ ਲੀਹਾਂ ਉੱਪਰ ਆਵੇਗੀ ? ਪੰਜਾਬ ਕੋਲ ਕੋਈ ਜ਼ਿਆਦਾ ਭੂਗੋਲਿਕ ਸਾਧਨ ਜਾਂ ਖਣਿਜ ਪਦਾਰਥ ਵੀ ਨਹੀਂ ਹਨ, ਜਿਨ੍ਹਾਂ ਸਹਾਰੇ ਅਸੀਂ ਚੰਗੀ ਅਰਥ ਵਿਵਸਥਾ ਦੀ ਆਸ ਰੱਖ ਸਕਦੇ ਹਾਂ। ਇਸ ਲਈ ਲੋੜ ਹੈ ਕਿ ਜਨਤਾ ਅਜਿਹੀ ਸਹੀ ਸੋਚ ਵਾਲੀ ਸਰਕਾਰ ਨੂੰ ਚੁਣੇ ਜਿਹੜੀ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕ ਤੇ ਸਹੂਲਤਾਂ ਮਜ਼ਬੂਤੀ ਨਾਲ ਦੇਵੇ, ਪਰ ਉਨ੍ਹਾਂ ਨੂੰ ਮੁਫ਼ਤਖ਼ੋਰੀ ਦੀ ਅਫ਼ੀਮ ਦਾ ਨਸ਼ਾ ਨਾ ਲਾਵੇ। ਲੋਕਾਂ ਨੂੰ ਵੀ ਸਮਝਣਾ ਪਵੇਗਾ ਕਿ ਮਜ਼ਬੂਤ ਅਰਥਵਿਵਸਥਾ, ਸੰਪੂਰਨ ਰੁਜ਼ਗਾਰ, ਮਜ਼ਬੂਤ ਸਿੱਖਿਆ ਅਤੇ ਸਿਹਤ ਸਹੂਲਤਾਂ ਹੀ ਖ਼ੁਸ਼ਹਾਲ ਜੀਵਨ ਦਾ ਆਧਾਰ ਹਨ ਇਸ ਲਈ ਜੇਕਰ ਪੰਜਾਬ ਦੀ ਆਰਥਿਕਤਾ ਨੂੰ ਜੇ ਬਚਾਉਣਾ ਹੈ ਤਾਂ ਪੈਸਾ ਮੁਫ਼ਤ ਦੀਆਂ ਸਕੀਮਾਂ ਵਿੱਚ ਨਹੀਂ, ਉਤਪਾਦਕ ਕੰਮਾਂ 'ਤੇ ਲਗਾਉਣ ਦੇ ਉਸਾਰੂ ਕਦਮਾਂ ਦੀ ਜ਼ਰੂਰਤ ਹੈ। ਸਬਸਿਡੀਆਂ ਨੂੰ ਤਰਕਸੰਗਤ ਬਣਾਉਣਾ ਜ਼ਰੂਰੀ ਹੈ, ਨਹੀਂ ਤਾਂ ਪੰਜਾਬ ਹੋਰ ਉਜੜੇਗਾ।

***

## ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ...

ਭਾਸ਼ਾ ਉਦੋਂ ਖ਼ਤਮ ਹੋਣੀ ਹੁੰਦੀ ਹੈ ਜਦੋਂ ਉਸ ਦੀ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ ਖੁਰਨੀ ਸ਼ੁਰੂ ਹੋ ਜਾਂਦੀ ਹੈ। ਅੱਜ ਸਭ ਤੋਂ ਵੱਡਾ ਮਾਧਿਅਮ ਹੈ ਸਿੱਖਿਆ ਦਾ ਮਾਧਿਅਮ ਕਿਉਂਕਿ ਹਰੇਕ ਬੱਚਾ ਸਕੂਲ ਜਾ ਰਿਹਾ ਹੈ ਤੇ ਸਿੱਖਿਆ ਦਾ ਮਾਧਿਅਮ ਜੋ ਭਾਸ਼ਾ ਹੈ, ਉਹੀ ਉਸ ਦੀ ਪਹਿਲੀ ਭਾਸ਼ਾ ਹੈ। ਕਿਸੇ ਅਗਲੀ ਪੀੜ੍ਹੀ ਵਿੱਚ ਜਾ ਕੇ ਉਨ੍ਹਾਂ ਦੇ ਬੱਚਿਆਂ ਦੀ ਮਾਤ ਭਾਸ਼ਾ ਬਣ ਜਾਵੇਗੀ। ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਲੋਕਾਂ ਨੇ ਘਰਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਲਿਖੇ ਹੁੰਦੇ ਹਨ।' ਦੇਸ ਵਿੱਚ ਸੰਪਰਕ ਭਾਸ਼ਾ ਦੀ ਲੋੜ ਹੋਵੇ ਤਾਂ ਲੋਕ ਖ਼ੁਦ ਹੀ ਬਣਾ ਲੈਂਦੇ ਹਨ। ਸਕੂਲਾਂ ਵਿੱਚ ਸਹੂਲਤਾਂ ਦਿਓ, ਜਿਹੜੀ ਭਾਸ਼ਾ ਸਿੱਖਣ ਦੀ ਲੋੜ ਹੈ, ਉਹ ਲੋਕ ਖ਼ੁਦ ਹੀ ਸਿੱਖ ਲੈਣਗੇ। ਡਾ. ਜੋਗਾ ਸਿੰਘ ਦਾ ਕਹਿਣਾ ਹੈ, 'ਇਹ ਦਲੀਲ ਹੀ ਬੜੀ ਖ਼ਤਰਨਾਕ ਹੈ ਕਿ ਭਾਰਤ ਦੀ ਕੋਈ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਭਾਰਤ ਦੀ ਸੰਵਿਧਾਨਿਕ ਰਾਸ਼ਟਰ ਭਾਸ਼ਾ ਨਹੀਂ ਹੈ।ਦਰਅਸਲ ਪਹਿਲਾਂ ਰਾਸ਼ਟਰ ਭਾਸ਼ਾ ਹੁੰਦੀ ਹੈ, ਫ਼ਿਰ ਉਸ ਦੇ ਆਧਾਰ 'ਤੇ ਰਾਸ਼ਟਰ ਬਣਦੇ ਹਨ। ਜਰਮਨੀ ਭਾਸ਼ਾ ਦੇ ਆਧਾਰ 'ਤੇ ਜਰਮਨੀ ਦੇਸ ਬਣ ਗਿਆ, ਫ਼ਰਾਂਸਿਸੀ ਬੋਲਣ ਵਾਲੇ ਇਲਾਕੇ ਵਿੱਚ ਫ਼ਰਾਂਸ ਬਣ ਗਿਆ।' ਜੇ ਅਸੀਂ ਕਹਿ ਰਹੇ ਹਾਂ ਕਿ ਭਾਰਤ ਦੀ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ ਤਾਂ ਮਤਲਬ ਇਹ ਹੈ ਕਿ ਅਸੀਂ ਮੰਨਦੇ ਹਾਂ ਭਾਰਤ ਅਜੇ ਰਾਸ਼ਟਰ ਨਹੀਂ ਬਣਿਆ। ਭਾਰਤ ਵਿੱਚ ਸਾਰੀਆਂ ਭਾਸ਼ਾਵਾਂ ਦੀ ਸਮਾਨਤਾ ਸੰਵਿਧਾਨਕ ਤੌਰ 'ਤੇ ਹੈ ਤੇ ਹਰ ਭਾਸ਼ਾ ਦੀ ਸਮਾਨਤਾ ਸਥਾਪਤ ਹੋਣੀ ਚਾਹੀਦੀ ਹੈ।

***

## ਕੇਜਰੀਵਾਲ ਲਈ 'ਸ਼ੀਸ਼ ਮਹਿਲ'

ਚੋਣ ਨਤੀਜਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਘੱਟ ਵਿਕਸਤ ਕਾਲੋਨੀਆਂ ਅਤੇ ਝੌਂਪੜਪੱਟੀਆਂ ਵਿੱਚ ਰਹਿਣ ਵਾਲੇ ਹੇਠਲੇ ਤਬਕਿਆਂ ਵਿੱਚ ਵੀ ਪਾਰਟੀ ਦੀ ਹਮਾਇਤ ਘਟੀ ਹੈ ਹਾਲਾਂਕਿ ਇਸ ਨੇ ਉਨ੍ਹਾਂ ਨੂੰ ਕਾਫ਼ੀ ਲਾਭ ਵੀ ਪਹੁੰਚਾਏ ਹਨ। ਇਸ ਦਾ ਕਾਰਨ ਹੈ ਸਰਪ੍ਰਸਤੀ ਅਤੇ ਗ੍ਰਾਹਕਵਾਦ ਦੀ ਰਾਜਨੀਤੀ ਜਿਸ ਨੂੰ 'ਆਪ' ਨੇ ਹੱਲਾਸ਼ੇਰੀ ਦਿੱਤੀ ਹੈ। ਕੇਜਰੀਵਾਲ ਸਮੇਤ 'ਆਪ' ਦੇ ਸੀਨੀਅਰ ਆਗੂਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗਣ ਕਾਰਨ ਲੋਕਾਂ ਵਿੱਚ ਆਪ ਦੀ ਸ਼ਾਖ ਡਿਗ ਚੁਕੀ ਹੈ। ਹੁਣ 'ਸ਼ੀਸ਼ ਮਹਿਲ' ਕਾਰਨ ਉਸ ਨੂੰ ਜੇਲ ਵੀ ਜਾਣਾ ਪੈ ਸਕਦਾ ਹੈ। ਭਾਰਤੀ ਸਿਆਸੀ ਆਗੂ ਟੈਕਸ ਦਾਤਿਆਂ ਵੱਲੋਂ ਦਿੱਤੇ ਜਾਂਦੇ ਪੈਸੇ ਨੂੰ ਕਿਵੇਂ ਬੇਦਰਦੀ ਨਾਲ ਖਰਚ ਕਰਦੇ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com